
ਮਾਸਿਕ

ISSN 2394-8507
ਭੇਟਾ : ₹ ੫/-

# ਗੁਰਮਤਿ ਪ੍ਰਕਾਸ਼

ਜਿਲਦ : ੬੯ ਵੈਸਾਖ-ਜੇਠ ਸੰਮਤ ਨਾਨਕਸ਼ਾਹੀ ੫੫੭ ਮਈ ੨੦੨੫ ਅੰਕ : ੨
Vol. : 69 May 2025 Issue : 2



ਪ੍ਰਕਾਸ਼ ਅਸਥਾਨ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ
(ਬਾਸਰਕੇ) ਸ੍ਰੀ ਅੰਮ੍ਰਿਤਸਰ ਸਾਹਿਬ



ਸੁਲਤਾਨ-ਉਲ-ਕੌਮ
ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਵੈਸਾਖ-ਜੇਠ, ਸੰਮਤ ਨਾਨਕਸ਼ਾਹੀ ੫੫੭ ਮਈ 2025

ਜਿਲਦ ੬੯ (Vol. 69) ਅੰਕ ੦੨ (Issue 02)

*ਸੰਪਾਦਕ*
**ਸਤਵਿੰਦਰ ਸਿੰਘ**

*ਸਹਾਇਕ ਸੰਪਾਦਕ*
**ਬਿਕਰਮਜੀਤ ਸਿੰਘ**


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net
e-mail :gurmatparkashmonthly@gmail.com,
gyan_gurmat@yahoo.com


ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।


Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਭਲੇ ਅਮਰਦਾਸ ਗੁਣ ਤੇਰੇ... | -ਸ. ਭਗਵੰਤ ਸਿੰਘ ਧੰਗੇੜਾ | ੮ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ... | -ਸ. ਸੁਖਦੇਵ ਸਿੰਘ ਸ਼ਾਂਤ | ੧੩ |
| ਪੋਥੀ ਪਰਮੇਸਰ ਕਾ ਥਾਨੁ | -ਸ. ਜਗਮਨਜੀਤ ਸਿੰਘ | ੨੧ |
| ਤੰਬੂ ਦੀ ਬਣਤਰ ਤੋਂ ਤਖਤ ਸਾਹਿਬ ਦੀ ਸੁਗੰਧੀ | -ਸ. ਜਗਜੀਤ ਸਿੰਘ ਦੋਰਾਹਾ | ੨੫ |
| ਸਭ ਤੋਂ ਵੱਡਾ ਧਰਮ ਕਿਹੜਾ ਹੈ? | -ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ | ੩੩ |
| ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ | -ਸ. ਰਾਜਿੰਦਰ ਸਿੰਘ ਨੰਨੂਆਂ | ੩੭ |
| ਟੁੱਟੀ ਗੰਢਣ ਵਾਲੀ ਅਦੁੱਤੀ ਜੰਗ ਖਿਦਰਾਣੇ ਦੀ | -ਡਾ. ਜਗਜੀਵਨ ਸਿੰਘ | ੪੧ |
| ਮਈ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ | -ਡਾ. ਗੁਰਪ੍ਰੀਤ ਸਿੰਘ | ੫੨ |
| ਸੇਵਾ ਦਾ ਸਿੱਖ ਸੰਕਲਪ | -ਡਾ. ਸਰਬਜੀਤ ਕੌਰ ਸੰਧਾਵਾਲੀਆ | ੫੪ |
| ...ਮਾਸਿਕ ਪੱਤਰ: ਗੁਰਦੁਆਰਾ ਗਜ਼ਟ ਦਾ ਇਤਿਹਾਸ | -ਡਾ. ਰਣਜੀਤ ਕੌਰ ਪੰਨਵਾਂ | ੫੮ |
| ਸਰਬੱਤ ਦਾ ਭਲਾ | -ਡਾ. ਰਾਜਵਿੰਦਰ ਸਿੰਘ ਜੋਗਾ | ੬੪ |
| ਵਿੱਤੀ ਅਤੇ ਮਨੁੱਖੀ ਸਰੋਤਾਂ ਦੀ ਮਹੱਤਤਾ... | -ਬੀਬੀ ਹਰਦੇਵ ਕੌਰ | ੬੭ |
| ਸਿੰਘ ਅਤੇ ਕੌਰ ਸਿਧਾਂਤਕ ਪਰਿਪੇਖ | -ਬੀਬੀ ਕਿਰਨਦੀਪ ਕੌਰ | ੭੩ |
| | -ਸ. ਕਰਮਜੀਤ ਸਿੰਘ ਦੂਲਾ ਨੰਗਲ | ੭੩ |
| ਰਾਗੁ ਦੇਵਗੰਧਾਰੀ | -ਮਾ. ਬਲਬੀਰ ਸਿੰਘ ਹੰਸਪਾਲ | ੮੨ |
| ਸਿੱਖ ਸਾਹਿਤ ਦੇ ਰੂ-ਬ-ਰੂ (੨) | -ਡਾ. ਰਣਜੀਤ ਕੌਰ ਪੰਨਵਾਂ | ੮੪ |
| ਮਤੇ | | ੮੭ |
| ਮਈ ਅਤੇ ਜੂਨ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੯੦ |
| ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਤੱਤੀ ਤਵੀ (ਕਵਿਤਾ) | -ਸ. ਸੁਰਜੀਤ ਸਿੰਘ | ੯੧ |
| ...ਸਰਦਾਰ ਜੱਸਾ ਸਿੰਘ ਰਾਮਗੜ੍ਹੀਆ (ਕਵਿਤਾ) | -ਕਵੀਸ਼ਰ ਮਲਕੀਤ ਸਿੰਘ ਵਰਪਾਲ | ੯੨ |
| ਖ਼ਬਰਨਾਮਾ | | ੯੩ |

# ਗੁਰਬਾਣੀ ਵਿਚਾਰ

*ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥*
*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥*
*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥*
*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥*
*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*
*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥*
*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*
*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥*
*ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ "ਬਾਰਹ ਮਾਹਾ ਮਾਂਝ" ਦੀ ਇਸ ਪਾਵਨ ਪਉੜੀ ਅੰਦਰ ਜੇਠ ਮਹੀਨੇ ਦੇ ਸਖ਼ਤ ਮੌਸਮ ਤੇ ਖਾਸ ਵਾਤਾਵਰਨ ਦੇ ਸੰਕੇਤਕ ਵਰਣਨ ਦੁਆਰਾ ਮਨੁੱਖ-ਮਾਤਰ ਨੂੰ ਪਰਮਾਤਮਾ ਦੇ ਪਵਿੱਤਰ ਨਾਮ ਨਾਲ ਜੁੜਦਿਆਂ, ਸੱਚੇ ਗੁਰੂ ਗਿਆਨ ਤੇ ਚੰਗੀ ਸੰਗਤ ਕਰਦਿਆਂ ਦੁਰਲੱਭ ਮਨੁੱਖਾ ਜਨਮ ਸਫ਼ਲ ਕਰਨ ਦਾ ਗੁਰਮਤਿ ਗਾਡੀ ਮਾਰਗ ਪ੍ਰਦਾਨ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜੇਠ ਮਹੀਨੇ ਵਿਚ ਹਰੀ ਪਰਮਾਤਮਾ, ਜਿਸ ਦੀ ਸਰਬ-ਸ਼ਕਤੀ ਮਾਨਤਾ ਕਰਕੇ ਸਾਰੇ ਹੀ ਜੀਵ ਉਸ ਅੱਗੇ ਝੁਕਦੇ ਹਨ, ਮਨੁੱਖ-ਮਾਤਰ ਨੂੰ ਉਸ ਦੇ ਪਵਿੱਤਰ ਨਾਮ ਨਾਲ ਹੀ ਜੁੜਨਾ ਚਾਹੀਦਾ ਹੈ। ਜੇਕਰ ਅਸਲ ਸੱਜਣ ਨੂੰ ਪਛਾਣ ਕੇ ਉਸ ਦਾ ਪੱਲਾ ਫੜ ਲਈਏ ਤਾਂ ਉਹ ਸ਼ਰਨ ਪਏ ਮਨੁੱਖ ਦੀ ਰੱਖਿਆ ਜ਼ਰੂਰ ਕਰਦਾ ਹੈ ਤੇ ਜੀਵ ਨੂੰ ਕਿਸੇ ਦੁਆਰਾ ਬੰਨ੍ਹੇ ਜਾਣ ਦਾ ਡਰ ਨਹੀਂ ਰਹਿੰਦਾ। ਦੂਜੇ ਸ਼ਬਦਾਂ ਵਿਚ ਮਨੁੱਖ ਪ੍ਰਭੂ-ਨਾਮ ਨਾਲ ਜੁੜ ਕੇ ਜਮਾਂ ਦੀ ਫਾਹੀ ਜਾਂ ਤ੍ਰਾਸ ਤੋਂ ਬਚਿਆ ਰਹਿੰਦਾ ਹੈ। ਗੁਰੂ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਪਰਮਾਤਮਾ ਦਾ ਨਾਮ ਅਜਿਹਾ ਕੀਮਤੀ ਮੋਤੀ ਹੈ ਜਿਸ ਨੂੰ ਜੀਵ ਪ੍ਰਾਪਤ ਕਰ ਲਵੇ ਤਾਂ ਇਹ ਉਸ ਤੋਂ ਕੋਈ ਵੀ ਸੰਨ੍ਹ ਲਾ ਕੇ ਖੋਹ ਨਹੀਂ ਸਕਦਾ। ਨਾਮ ਚੇਤੇ ਰੱਖਣ ਕਰਕੇ ਪਰਮਾਤਮਾ ਦੇ ਜਿੰਨੇ ਵੀ ਰੰਗ ਹਨ ਉਹ ਸਾਰੇ ਇਸ ਨਾਲ ਜੁੜਨ ਵਾਲੇ ਨੂੰ ਚੰਗੇ ਲਗਦੇ ਹਨ ਭਾਵ ਨਾਮ ਨਾਲ ਜੁੜਨ ਵਾਲਾ ਹਰ ਘਟਨਾ ਜਾਂ ਵਰਤਾਰੇ ਨੂੰ ਸਹਿਜ ਰੂਪ 'ਚ ਲੈਂਦਾ ਹੋਇਆ ਪ੍ਰੇਸ਼ਾਨ ਨਹੀਂ ਹੁੰਦਾ। ਸਤਿਗੁਰੂ ਜੀ ਤੱਤਸਾਰ ਬਖਸ਼ਦੇ ਹੋਏ ਫੁਰਮਾਉਂਦੇ ਹਨ ਕਿ ਪਰਮਾਤਮਾ ਜੋ ਚਾਹੁੰਦਾ ਹੈ ਉਹੀ ਕਰਦਾ ਹੈ। ਉਹ ਜਿਵੇਂ ਜੀਵਾਂ ਤੋਂ ਕਰਾਉਂਦਾ ਹੈ ਜੀਵ ਉਵੇਂ ਕਰਦੇ ਹਨ। ਅਜਿਹੇ ਸੁਭਾਗੇ-ਜਨ ਹੁੰਦੇ ਹਨ ਜਿਨ੍ਹਾਂ ਨੂੰ ਮਾਲਕ ਆਪਣਾ ਬਣਾ ਲੈਂਦਾ ਹੈ। ਉਨ੍ਹਾਂ ਨੂੰ ਸ਼ੋਭਾ, ਧੰਨਤਾ ਦੇ ਪਾਤਰ ਆਖੋ। ਆਪਣੇ ਨਾਲ ਜੋੜ ਲੈਣਾ ਉਸ ਮਾਲਕ ਦੀ ਕਿਰਪਾ-ਬਖ਼ਸ਼ਿਸ਼ ਦੁਆਰਾ ਹੀ ਹੋ ਸਕਦਾ ਹੈ। ਜੇਕਰ ਮਨੁੱਖ ਦੇ ਸਿਰਫ ਆਪਣੇ ਯਤਨ ਫਲਦਾਇਕ ਹੋ ਸਕਦੇ ਹੋਣ ਤਾਂ ਫਿਰ ਉਹ ਮਾਲਕ ਤੋਂ ਕਿਉਂ ਵਿੱਛੜਨਗੇ ਤੇ ਕਿਉਂ ਰੋਣਗੇ? ਹੇ ਨਾਨਕ! ਜੇਕਰ ਸਾਧੂ ਭਾਵ ਸੱਚੇ ਗੁਰੂ ਦਾ ਸਾਥ ਮਿਲ ਜਾਵੇ ਤਦ ਹੀ ਰੂਹਾਨੀ ਜੀਵਨ ਮਿਲ ਸਕਦਾ ਹੈ ਜਿਸ ਵਿਚ ਅਸਲ ਅਨੰਦ ਹੈ। ਜਿਸ ਮਨੁੱਖ ਦੇ ਮੱਥੇ ਦੇ ਭਾਗ ਪ੍ਰਗਟ ਹੋਣ, ਮਨੁੱਖਾ ਜੀਵਨ ਰੂਪੀ ਜੇਠ ਦਾ ਮਹੀਨਾ ਉਸ ਲਈ ਦੁਖਦਾਈ ਨਹੀਂ ਬਲਕਿ ਰੰਗੀਲਾ ਤੇ ਅਨੰਦ-ਦਾਇਕ ਹੈ।

ਸੰਪਾਦਕੀ...

# ਆਓ! ਆਪਣੇ ਲਾਸਾਨੀ ਇਤਿਹਾਸ ਨੂੰ ਵਿਸ਼ਵ ਭਰ ਵਿਚ ਪ੍ਰਚਾਰਨ ਲਈ ਯਤਨਸ਼ੀਲ ਹੋਈਏ

*ਗੁਰੂ ਸਾਹਿਬਾਨ ਇਸ ਜਗਤ ਵਿੱਚੋਂ ਈਰਖਾ, ਦ੍ਵੈਸ਼, ਜ਼ਬਰ-ਜ਼ੁਲਮ ਆਦਿ ਬਦੀਆਂ ਦਾ ਖਾਤਮਾ ਕਰ ਕੇ ਪਰਉਪਕਾਰ ਨੇਕੀ, ਦਇਆ, ਧਰਮ ਦਾ ਰਾਜ ਸਥਾਪਿਤ ਕਰਨ ਲਈ ਨੇਕੀ ਦੇ ਰਹਿਬਰ ਬਣ ਕੇ ਆਏ। ਗਰੀਬ-ਗੁਰਬੇ, ਨਿਮਾਣੇ ਤੇ ਨਿਤਾਣਿਆਂ ਲਈ ਓਟ ਆਸਰਾ ਬਣ ਕੇ ਗੁਰੂ ਸਾਹਿਬਾਨ ਨੇ ਮਾਨਸਿਕ ਤੌਰ ’ਤੇ ਗ਼ੁਲਾਮ ਹੋ ਚੁੱਕੇ ਲੋਕਾਂ ਦਾ ਸਮਾਜਿਕ ਪੱਧਰ ਉਤਾਂਹ ਚੁੱਕਿਆ। ਲੋਕਾਂ ਨੂੰ ਹਮੇਸ਼ਾਂ ਹੱਕ-ਸੱਚ ਤੇ ਨਿਆਂ ਦੇ ਮਾਰਗ ’ਤੇ ਚੱਲਣ ਦੀ ਸਿੱਖਿਆ ਦਿੱਤੀ ਤੇ ਧਾਰਮਿਕ ਪੱਧਰ ਵਿਚ ਆ ਚੁੱਕੀ ਗਿਰਾਵਟ ਨੂੰ ਦੂਰ ਕੀਤਾ। ਗੁਰਬਾਣੀ ਦੀ ਰਚਨਾ ਕਰ ਕੇ ਸਮੁੱਚੀ ਲੋਕਾਈ ਅਤੇ ਧਾਰਮਿਕ ਰਹਿਬਰਾਂ ਨੂੰ* ***ਅਪਨਾ ਬਿਗਾਰਿ ਬਿਰਾਂਨਾ ਸਾਂਢੈ*** *ਵਾਲੀ ਆਦਰਸ਼ਕ ਜੀਵਨ-ਜਾਚ ਅਨੁਸਾਰ ਆਪਣਾ ਜੀਵਨ ਢਾਲਣ ਦੀ ਪ੍ਰੇਰਨਾ ਕੀਤੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਗਤ ਜਲੰਦੇ ਦੇ ਉੱਧਾਰ ਲਈ ਪ੍ਰਚਾਰ ਯਾਤਰਾਵਾਂ ਕੀਤੀਆਂ ਅਤੇ ਮਨੁੱਖਤਾ ਨੂੰ ਜ਼ਬਰ-ਜ਼ੁਲਮ ਦਾ ਟਾਕਰਾ ਕਰਨ ਲਈ ਨਾਮ-ਸਿਮਰਨ ਦੁਆਰਾ ਬਲਵਾਨ ਸੁਰਤ ਦੇ ਧਾਰਨੀ ਹੋਣ ਦਾ ਉਪਦੇਸ਼ ਕੀਤਾ। ਬਾਬਰ ਦੇ ਜ਼ੁਲਮ ਵਿਰੁੱਧ ਅਵਾਜ਼ ਬੁਲੰਦ ਕੀਤੀ। ਉਸ ਨੂੰ ਜਾਬਰ ਕਹਿ ਕੇ ਸੰਬੋਧਨ ਕੀਤਾ।*

*ਇਸੇ ਹੀ ਵਿਚਾਰਧਾਰਾ ਨੂੰ ਅੱਗੇ ਵਧਾਉਂਦੇ ਹੋਏ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖਤਾ ਨੂੰ ਸਤ-ਸੰਤੋਖ, ਨੇਕੀ, ਦਇਆ, ਪਰਉਪਕਾਰ ਆਦਿ ਸਦਗੁਣਾਂ ਦੇ ਧਾਰਨੀ ਹੋ ਕੇ ਸੰਸਾਰ ਵਿਚ ਵਿਚਰਨ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਸਤ ਕਰ ਕੇ ਮੰਨਣ ਦਾ ਉਪਦੇਸ਼ ਦਿੱਤਾ। ਆਪਣੇ ਤੋਂ ਪੂਰਬਲੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ (ਗੁਰਬਾਣੀ) ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਤਰ ਕਰ ਕੇ ਸਮੁੱਚੀ ਮਾਨਵਤਾ ਨੂੰ ਸੁਤੰਤਰ ਸੋਚ ਦਿੱਤੀ। ਗੁਰੂ ਜੀ ਨੇ ਮਨੁੱਖਤਾ ਸਾਹਮਣੇ ਗੁਰਮਤਿ ਦਾ ਨਿਵੇਕਲਾ ਸਿਧਾਂਤ ਦ੍ਰਿੜ੍ਹ ਕਰਵਾਇਆ ਕਿ ਸਭ ਤੋਂ ਪਹਿਲਾਂ ਜਿੱਥੋਂ ਤਕ ਸੰਭਵ ਹੋ ਸਕੇ ਸ਼ਾਂਤਮਈ ਢੰਗ ਦੇ ਨਾਲ ਬਦੀ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਇਸ ਸਿਧਾਂਤ ਨੂੰ ਅਮਲ ਵਿਚ ਲਿਆਉਂਦਿਆਂ ਹੋਇਆਂ ਪੰਚਮ ਪਾਤਸ਼ਾਹ ਜੀ ਨੇ ਤਤਕਾਲੀ ਹੁਕਮਰਾਨ ਜਹਾਂਗੀਰ ਦੁਆਰਾ ਦਿੱਤੇ ਅਸਹਿ ਕਸ਼ਟ ਸਹਾਰਦਿਆਂ ਸ਼ਹਾਦਤ ਪ੍ਰਾਪਤ ਕੀਤੀ। ਬਦੀ ਆਪਣੇ ਜ਼ੁਲਮ ਦੀ ਇੰਤਹਾ ਕਰ ਕੇ ਹਾਰ ਗਈ।*

*ਫਿਰ ਛੇਵੇਂ ਜਾਮੇ ਵਿਚ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਹਿਸੂਸ ਕੀਤਾ ਕਿ ਹੁਣ ਜ਼ਬਰ-ਜ਼ੁਲਮ ਨੂੰ ਕਰਾਰੇ ਹੱਥਾਂ ਬਾਝ ਠੱਲ ਨਹੀਂ ਪੈਣ ਵਾਲੀ ਤਾਂ ਆਪ ਜੀ ਨੇ*

*ਸ਼ਸਤਰਧਾਰੀ ਹੋ ਕੇ ਜ਼ਬਰ-ਜ਼ੁਲਮ ਵਿਰੁੱਧ ਚਾਰ ਜੰਗਾਂ ਲੜੀਆਂ। ਦਸਵੇਂ ਜਾਮੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਵਿਚਾਰ ਨੂੰ ਹੋਰ ਪ੍ਰਪੱਕ ਕਰਦਿਆਂ:* ***ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ॥*** *ਦਾ ਸਿਧਾਂਤ ਦ੍ਰਿੜ੍ਹ ਕਰਾਉਂਦਿਆਂ ਕਿਹਾ ਕਿ ਜਦ ਬਦੀ ਵਿਰੁੱਧ ਸਾਰੇ ਸ਼ਾਂਤਮਈ ਹੀਲੇ-ਵਸੀਲੇ ਖ਼ਤਮ ਹੋ ਜਾਣ ਤਾ ਕਿਰਪਾਨ ਚੁੱਕਣੀ ਹੀ ਜਾਇਜ਼ ਹੋ ਜਾਂਦੀ ਹੈ। ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ’ਤੇ ਚੱਲਦਿਆਂ ਸਿੱਖਾਂ ਨੇ ਬਦੀ ਵਿਰੁੱਧ ਸ਼ਸਤਰਬੱਧ ਸੰਘਰਸ਼ ਕਰਦਿਆਂ ਬੇਅੰਤ ਸਾਕਿਆਂ, ਘੱਲੂਘਾਰਿਆਂ ਦੇ ਲਾਸਾਨੀ ਇਤਿਹਾਸ ਨੂੰ ਸਿਰਜਿਆ ਹੈ। ਸਿੱਖ ਤਵਾਰੀਖ਼ ਨੂੰ ਫਰੋਲ ਕੇ ਦੇਖੀਏ ਤਾਂ ਇੱਕ-ਇੱਕ ਦਿਨ ਦਾ ਇਤਿਹਾਸ ਜੋ ਸਾਡੇ ਪੁਰਖਿਆਂ ਨੇ ਸਿਰਜਿਆ ਹੈ, ਸਦੀਵ ਕਾਲ ਤਕ ਮਨੁੱਖਤਾ ਲਈ ਪ੍ਰੇਰਣਾ-ਸਰੋਤ ਬਣਿਆ ਰਹੇਗਾ। ਗੁਰੂ ਸਾਹਿਬਾਨ ਦੇ ਲਾਸਾਨੀ ਫ਼ਲਸਫ਼ੇ ਅਤੇ ਸ਼ਬਦ ਦੀ ਓਟ ਵਿਚ ਜੀਵਨ ਜੀਉਂਦਿਆਂ ਸਿੱਖ ਅੱਜ ਸਮੁੱਚੇ ਜਗਤ ਅੰਦਰ ਮਾਰਸ਼ਲ ਅਤੇ ਮਾਨਵਵਾਦੀ ਕੌਮ ਦੇ ਤੌਰ ’ਤੇ ਜਾਣੇ ਜਾਂਦੇ ਹਨ। ਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਸਦਕਾ ਹੀ ਸਿੱਖਾਂ ਨੇ ਆਪਣੀ ਦੋ ਫ਼ੀਸਦੀ ਅਬਾਦੀ ਦੇ ਬਾਵਜੂਦ ਅੱਸੀ ਫ਼ੀਸਦੀ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜ਼ਾਦ ਕਰਵਾਇਆ। ਸਭ ਤੋਂ ਵੱਧ ਕਾਲੇ ਪਾਣੀ ਦੀਆਂ ਸਜ਼ਾਵਾਂ ਵੀ ਸਿੱਖਾਂ ਨੇ ਕੱਟੀਆਂ। ਇਨ੍ਹਾਂ ਹੀ ਸ਼ਹਾਦਤਾਂ ਦੇ ਪ੍ਰਸੰਗ ਵਿਚ ਇਸ ਵਾਰ ਮਈ ਮਹੀਨੇ ਸਮੁੱਚਾ ਸਿੱਖ ਜਗਤ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ, ਛੋਟਾ ਘੱਲੂਘਾਰਾ, ਸਾਕਾ ਪਾਉਂਟਾ ਸਾਹਿਬ ਅਤੇ ਸਰਹੰਦ ਫਤਿਹ ਦਿਵਸ ਮਨਾ ਰਿਹਾ ਹੈ।*

*ਇਸ ਸ਼ਾਨਾਂਮੱਤੇ ਇਤਿਹਾਸ ਨੂੰ ਪੜ੍ਹ-ਸੁਣ ਕੇ ਆਪਣੇ ਪੁਰਖਿਆਂ ਉੱਪਰ ਮਾਣ ਮਹਿਸੂਸ ਹੁੰਦਾ ਹੈ ਜਿਨ੍ਹਾਂ ਨੇ ਅਥਾਹ ਕੁਰਬਾਨੀਆਂ ਨਾਲ ਇਸ ਲਾਸਾਨੀ ਇਤਿਹਾਸ ਨੂੰ ਸਿਰਜਿਆ।*

*ਅੱਜ ਲੋੜ ਹੈ ਗੁਰੂ ਸਾਹਿਬਾਨ ਅਤੇ ਕੌਮ ਦੇ ਸ਼ਹੀਦਾਂ ਦੁਆਰਾ ਸਿਰਜੇ ਗਏ ਇਸ ਲਾਸਾਨੀ ਇਤਿਹਾਸ ਨੂੰ ਵਿਸ਼ਵ ਦੇ ਸਾਹਮਣੇ ਪ੍ਰਚਾਰਨ ਦੀ। ਅੱਜ ਸਿੱਖਾਂ ਦੇ ਲਾਸਾਨੀ ਇਤਿਹਾਸ ਅਤੇ ਸੂਰਬੀਰਾਂ ਦੀਆਂ ਗਾਥਾਵਾਂ ਨੂੰ ਇਤਿਹਾਸ ਦੇ ਪੰਨਿਆਂ ਵਿੱਚੋਂ ਮਨਫ਼ੀ ਕਰਨ ਦੀਆਂ ਸਾਜ਼ਿਸ਼ਾਂ ਵੀ ਹੋ ਰਹੀਆਂ ਹਨ। ਅਜਿਹੇ ਸਮੇਂ ਪੰਥ-ਵਿਰੋਧੀ ਮਨਸੂਬਿਆਂ ਨੂੰ ਨਾਕਾਮ ਕਰਨ ਲਈ ਸਮੁੱਚੇ ਨਾਨਕ ਨਾਮ ਲੇਵਾ ਅਤੇ ਸਮੁੱਚੀਆਂ ਸਿੱਖ ਜਥੇਬੰਦੀਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ* ***ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ*** *ਵਾਲੀ ਆਦਰਸ਼ਕ ਜੀਵਨ-ਜਾਚ ਨੂੰ ਅਪਣਾਉਂਦਿਆਂ ਮਨੁੱਖਤਾ ਸਾਹਮਣੇ ਆਪਸੀ ਭਰਾਤਰੀ ਭਾਵ ਅਤੇ ਪੰਥਕ ਏਕਤਾ, ਇਤਫਾਕ ਦੀ ਉਦਾਹਰਨ ਪੇਸ਼ ਕਰਦਿਆਂ ਆਪਣੇ ਸ਼ਾਨਾਂਮੱਤੇ ਇਤਿਹਾਸ ਅਤੇ ਗੁਰਮਤਿ ਸਿਧਾਂਤਾਂ ਨੂੰ ਵਿਸ਼ਵ ਭਰ ਵਿਚ ਪ੍ਰਚਾਰਨ ਅਤੇ ਪ੍ਰਸਾਰਨ ਲਈ ਲਾਮਬੰਦ ਹੋਈਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਜੀਵਨ ਜੀਉਂਦਿਆਂ ਉੱਚੇ-ਸੁੱਚੇ ਕਿਰਦਾਰ ਦੇ ਧਾਰਨੀ ਬਣ ਕੇ ਆਪਣੀ ਪੀੜ੍ਹੀ ਨੂੰ ਗੁਰਬਾਣੀ ਅਤੇ ਗੁਰਮਤਿ ਦੇ ਅਮੀਰ ਵਿਰਸੇ ਨਾਲ ਜੋੜੀਏ। ਤਾਂ ਹੀ ਸਾਡੇ ਇਹ ਸ਼ਹੀਦੀ ਪੁਰਬ ਮਨਾਉਣੇ ਸਫਲ ਹੋਣਗੇ ਅਤੇ ਇਹੋ ਇਨ੍ਹਾਂ ਸ਼ਹੀਦਾਂ ਨੂੰ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ।* ■

# ਭਲੇ ਅਮਰਦਾਸ ਗੁਣ ਤੇਰੇ...

*-ਸ. ਭਗਵੰਤ ਸਿੰਘ ਧੰਗੇੜਾ**

ਸ੍ਰੀ ਗੁਰੂ ਅਮਰਦਾਸ ਜੀ ਨਿਸਚੇ ਹੀ ਮਹਾਨ ਕ੍ਰਾਂਤੀਕਾਰੀ, ਸਮਾਜ-ਸੁਧਾਰਕ, ਪਰਉਪਕਾਰੀ ਪਰਤੱਖ ਗੁਰੂ ਸਨ। ਉਨ੍ਹਾਂ ਨੇ ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਅੱਗੇ ਤੋਰਿਆ। ਆਪ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਬਖਸ਼ੀ ਮਹਾਨ ਜੀਵਨ-ਜੁਗਤ ਦੇ ਧਾਰਨੀ ਸਨ। ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਬਖਸ਼ੇ ਸਿਧਾਂਤ-ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਨੂੰ ਆਪਣੇ ਜੀਵਨ ਵਿਚ ਧਾਰਨ ਕਰ ਕੇ ਇਸ ਮਹਾਨ ਸਿਧਾਂਤ ਨੂੰ ਸਮਾਜ ਅੰਦਰ ਪੂਰੀ ਤਰ੍ਹਾਂ ਪ੍ਰਚਾਰਿਆ ਅਤੇ ਪ੍ਰਸਾਰਿਆ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਅਤਿ ਸੀਲ ਸੁਭਾਅ, ਨਿਮਰਤਾ, ਸੇਵਾ-ਭਾਵ, ਇਕ-ਰਸ ਭਗਤੀ ਦੇ ਧਾਰਨੀ, ਮਨੁੱਖਤਾ ਦਾ ਭਲਾ ਸੋਚਣ ਵਾਲੇ ਅਤੇ ਗ਼ਰੀਬਾਂ-ਦੁਖੀਆਂ ਲਈ ਅਥਾਹ ਹਮਦਰਦੀ ਰੱਖਣ ਵਾਲੇ, ਪਾਰਬ੍ਰਹਮ ਵਿਚ ਲੀਨ, ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਬਾਅਦ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਿਆਈ ਨੂੰ ਸੰਭਾਲਣ ਵਾਲੇ ਤੀਜੇ ਪਾਤਸ਼ਾਹ ਸਨ। ਆਪ ਜੀ ਦਾ ਪ੍ਰਕਾਸ਼ ਪਿੰਡ ਬਾਸਰਕੇ, ਜਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਬਾਬਾ ਤੇਜ ਭਾਨ ਅਤੇ ਮਾਤਾ ਸੁਲੱਖਣੀ ਜੀ ਦੇ ਗ੍ਰਿਹ ਵਿਖੇ ਹੋਇਆ। ਉਨ੍ਹਾਂ ਦਾ ਵਿਆਹ ਸਣਖਤਰੇ ਪਿੰਡ ਦੇ ਸ੍ਰੀ ਦੇਵੀ ਚੰਦ ਬਹਿਲ ਦੀ ਸਪੁੱਤਰੀ ਬੀਬੀ ਰਾਮ ਕੌਰ ਜੀ ਨਾਲ ਹੋਇਆ। ਉਨ੍ਹਾਂ ਦਾ ਸਹੁਰਾ ਘਰ ਦਾ ਨਾਮ ਮਨਸਾ ਦੇਵੀ ਰੱਖਿਆ ਗਿਆ। ਇਨ੍ਹਾਂ ਦੇ ਗ੍ਰਿਹ ਵਿਖੇ ਬੀਬੀ ਭਾਨੀ ਜੀ, ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ ਅਤੇ ਬੀਬੀ ਨਿਧਾਨੀ (ਦਾਨੀ) ਜੀ ਨੇ ਜਨਮ ਲਿਆ। ੬੨ ਸਾਲ ਦੀ ਉਮਰ ਵਿਚ ਆਪ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਅਤੇ ਲਗਪਗ ੧੨ ਸਾਲ ਗੁਰੂ-ਘਰ ਵਿਚ ਰਹਿ ਕੇ ਅਣਥੱਕ ਸੇਵਾ ਕੀਤੀ। ੭੪ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਗੁਰਿਆਈ ਦੀ ਬਖਸ਼ਿਸ਼ ਕੀਤੀ।

ਇੱਕ ਦਿਨ ਬੀਬੀ ਅਮਰੋ ਜੀ, ਜੋ ਆਪ ਜੀ ਦੇ ਭਰਾ ਦੀ ਨੂੰਹ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬੇਟੀ ਸੀ, ਦੇ ਕੋਲੋਂ ਗੁਰਬਾਣੀ ਸੁਣੀ। ਪੁੱਛਿਆ ਕਿ ਇਹ ਕਿਸ ਦੀ ਬਾਣੀ ਹੈ। ਬੀਬੀ ਅਮਰੋ ਜੀ ਨੇ ਕਿਹਾ ਕਿ ਇਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਜਿਨ੍ਹਾਂ ਦੀ ਗੱਦੀ 'ਤੇ ਇਸ ਸਮੇਂ ਮੇਰੇ ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਹਨ। ਸ੍ਰੀ (ਗੁਰੂ) ਅਮਰਦਾਸ ਜੀ ਵੱਲੋਂ ਇੱਛਾ ਪ੍ਰਗਟ ਕਰਨ 'ਤੇ ਬੀਬੀ ਅਮਰੋ ਉਨ੍ਹਾਂ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਕੋਲ ਖਡੂਰ ਸਾਹਿਬ ਵਿਖੇ ਲੈ ਆਈ। ਸ੍ਰੀ

** ਮੈਨੇਜਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ। ਮੋ. ੯੮੧੪੮੯੯੮੭੬੨*

ਗੁਰੂ ਅੰਗਦ ਦੇਵ ਜੀ ਨੂੰ ਮਿਲ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਮਨ ਸ਼ਾਂਤ ਹੋ ਗਿਆ ਅਤੇ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਇਸ ਸਮੇਂ ਆਪ ਦੀ ਉਮਰ ੬੨ ਸਾਲ ਦੀ ਸੀ। ਗੁਰੂ ਸਾਹਿਬ ਨੂੰ ਮਿਲ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਅਸਲੀ ਅਨੰਦ ਦਾ ਅਹਿਸਾਸ ਹੋਇਆ ਸੀ, ਉਪਰੰਤ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਧਾਰਨ ਕਰ ਲਿਆ।

ਸ੍ਰੀ ਗੁਰੂ ਅਮਰਦਾਸ ਜੀ ਵੱਲੋਂ 'ਗੁਰਮੁਖੀ ਲਿਪੀ' ਦੀ ਵਿਉਂਤਬੰਦੀ ਕੀਤੀ ਗਈ। ਦੁਨੀਆ ਦੀਆਂ ਸਾਰੀਆਂ ਲਿਪੀਆਂ ਦਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਸਾਰੀਆਂ ਲਿਪੀਆਂ ਮੁਕੰਮਲ ਨਹੀਂ ਹਨ, ਸਗੋਂ ਅਧੂਰੀਆਂ ਹੀ ਹਨ। ਪਰੰਤੂ 'ਗੁਰਮੁਖੀ ਲਿਪੀ' ਸੰਸਾਰ ਅੰਦਰ ਇੱਕੋ ਇਕ ਲਿਪੀ ਹੈ ਜੋ ਹਰ ਪੱਖੋਂ ਸੰਪੂਰਨ ਅਤੇ ਪੂਰੀ ਹੈ। ਇਹ ਮਨੁੱਖੀ ਭਾਵਾਂ, ਵਿਚਾਰਾਂ ਨੂੰ ਪ੍ਰਗਟ ਕਰਨ ਦੇ ਸਮਰੱਥ ਹੈ। ਇਹ ਨਿਰਣਾ ਦੁਨੀਆ ਦੇ ਵੱਡੇ-ਵੱਡੇ ਭਾਸ਼ਾ ਵਿਗਿਆਨੀਆਂ ਵੱਲੋਂ ਕੀਤਾ ਗਿਆ ਹੈ ਜੋ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਬਖ਼ਸ਼ਣ ਸਮੇਂ ਹੀ ਆਪ ਜੀ ਨੂੰ ਪੋਥੀ ਸਾਹਿਬ ਵੀ ਦੇ ਦਿੱਤੀ ਸੀ ਜਿਸ ਵਿਚ ਉਨ੍ਹਾਂ ਦੀ ਆਪਣੀ ਲਿਖੀ ਹੋਈ ਬਾਣੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਦੌਰਾਨ ਇਕੱਠੀ ਕੀਤੀ ਗਈ ਹੋਰ ਭਗਤ ਸਾਹਿਬਾਨ ਦੀ ਬਾਣੀ ਵੀ ਸ਼ਾਮਿਲ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ਵੀ ਕਾਫੀ ਬਾਣੀ ਰਚੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੁੱਲ ੩੧ ਰਾਗਾਂ ਵਿੱਚੋਂ ੧੮ ਰਾਗਾਂ 'ਚ ਆਪ ਜੀ ਨੇ ਬਾਣੀ ਰਚੀ ਹੈ।ਆਪ ਜੀ ਦੇ ਉਚਾਰਨ ਕੀਤੇ ਸ਼ਬਦਾਂ ਦੀ ਗਿਣਤੀ ੯੦੭ ਹੈ। ਰੂਪਕ ਪੱਖ ਤੋਂ ਆਪ ਜੀ ਦੀ ਬਾਣੀ ਵਿਚ ਤਿਪਦੇ, ਚਉਪਦੇ, ਪੰਚਪਦੇ, ਅਸਟਪਦੀਆਂ, ਛੰਤ, ਸੋਲਹੇ, ਸਲੋਕ, ਪਉੜੀਆਂ, ਕਾਫੀਆਂ, ਪਟੀ, ਸਤਵਾਰਾ ਆਦਿ ਸ਼ਾਮਿਲ ਹਨ। ਆਪ ਜੀ ਦੀ ਬਾਣੀ ਵਿਚ ਪ੍ਰਤੀਕ, ਅਲੰਕਾਰ ਭਰਪੂਰ ਮਾਤਰਾ ਵਿਚ ਆਮ ਲੋਕਾਂ ਦੇ ਛੇਤੀ ਸਮਝ ਆਉਣ ਵਾਲੇ ਹਨ। ਆਪ ਜੀ ਦੀ ਬਾਣੀ ਵਿਚ ਸ਼ਾਂਤ ਰਸ ਪ੍ਰਧਾਨ ਹੈ। ਆਪ ਜੀ ਨੇ ਆਪਣੀ ਬਾਣੀ ਵਿਚ ਜਾਤ-ਪਾਤ ਦਾ ਵਿਰੋਧ ਕੀਤਾ ਹੈ। ਆਪ ਜੀ ਫੁਰਮਾਉਂਦੇ ਹਨ:

*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੨੭)*

ਭਾਰਤ ਅੰਦਰ ਮੁਢਲੇ ਸਮਿਆਂ ਤੋਂ ਹੀ ਵਿਧਵਾ ਇਸਤਰੀ ਨੂੰ ਮੁੜ ਵਿਆਹ ਕਰਾਉਣ ਦੀ ਆਗਿਆ ਨਹੀਂ ਸੀ, ਸਗੋਂ ਉਸ ਨੂੰ ਅਭਾਗਣ ਤਥਾ ਕਲੰਕਣ ਕਿਹਾ ਜਾਂਦਾ ਸੀ। ਉਸ ਦੇ ਮੱਥੇ ਲੱਗਣ ਤੋਂ ਵੀ ਗੁਰੇਜ਼ ਕੀਤਾ ਜਾਂਦਾ ਸੀ। ਗੁਰੂ ਸਾਹਿਬ ਨੇ ਵਿਧਵਾ ਇਸਤਰੀ ਨੂੰ ਦੁਬਾਰਾ ਵਿਆਹ ਕਰਾਉਣ ਦੀ ਪੂਰੀ ਖੁਲ੍ਹ ਦੇ ਕੇ ਇਸਤਰੀ ਨੂੰ

ਵੱਡੇ ਬੰਧਨ ਤੋਂ ਮੁਕਤ ਕਰ ਕੇ ਉਸ ਨੂੰ ਇਕ ਨਵਾਂ ਸਮਾਜਿਕ ਜੀਵਨ ਪ੍ਰਦਾਨ ਕਰ ਦਿੱਤਾ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਇਸਤਰੀ ਨੂੰ ਪੂਰਾ ਮਾਣ-ਸਨਮਾਨ ਦੇ ਕੇ ਕਲਿਆਣਕਾਰੀ ਕਾਰਜ ਕੀਤਾ। ਇਸੇ ਤਰ੍ਹਾਂ ਮਰੇ ਹੋਏ ਮਰਦ (ਪਤੀ) ਦੀ ਖੁਸ਼ੀ ਲਈ ਉਸ ਦੀ ਵਿਧਵਾ ਹੋਈ ਪਤਨੀ ਨੂੰ ਜੋਰ-ਜ਼ਬਰੀ ਉਸ ਮਰੇ ਪਤੀ ਦੀ ਚਿਖਾ ਵਿਚ ਜਿਉਂਦੇ ਜੀਅ ਸਾੜ ਦਿੱਤਾ ਜਾਂਦਾ ਸੀ। ਸੜ ਚੁੱਕੀ ਪਤਨੀ ਨੂੰ ਸਤੀ ਕਿਹਾ ਜਾਂਦਾ ਸੀ ਅਤੇ ਸਤੀ ਦੀ ਪੂਜਾ ਵੀ ਕੀਤੀ ਜਾਂਦੀ ਸੀ। ਭਾਰਤੀ ਪੁਰਾਤਨ ਸਮਾਜ ਨੂੰ ਘੁਣ ਵਾਂਗ ਚਿੰਬੜੀ ਹੋਈ ਇਸ ਸਤੀ ਪ੍ਰਥਾ ਦਾ ਵੀ ਗੁਰੂ ਸਾਹਿਬ ਨੇ ਪੂਰਾ ਵਿਰੋਧ ਕੀਤਾ ਅਤੇ ਬਾਣੀ ਵਿਚ ਫੁਰਮਾਇਆ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥੧॥*
*ਮਃ ੩॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨ੍ਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੭)*

ਰਾਮਕਲੀ ਰਾਗ 'ਚ ਆਪ ਜੀ ਵੱਲੋਂ ਲਿਖੀ ਬਾਣੀ ਅਨੰਦ ਸਾਹਿਬ ਆਪ ਜੀ ਦੀ ਮਹੱਤਵਪੂਰਨ ਬਾਣੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਲਿਤ 'ਲੰਗਰ ਪ੍ਰਥਾ' ਨੂੰ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਮਹਿਲ ਮਾਤਾ ਖੀਵੀ ਜੀ ਰਾਹੀਂ ਵਿਕਸਿਤ ਕੀਤਾ ਅਤੇ ਫਿਰ 'ਲੰਗਰ ਪ੍ਰਥਾ' ਨੂੰ ਗੁਰੂ ਅਮਰਦਾਸ ਜੀ ਨੇ ਹੋਰ ਪ੍ਰਫੁਲਿਤ ਕਰ ਦਿੱਤਾ। ਗੁਰੂ ਸਾਹਿਬ ਨੇ ਨਿਯਮ ਹੀ ਬਣਾ ਦਿੱਤਾ, 'ਪਹਿਲੇ ਪੰਗਤ ਪਾਛੈ ਸੰਗਤ' ਇਸ ਨਿਯਮ ਦੀ ਪਾਲਣਾ ਬਾਦਸ਼ਾਹ ਅਕਬਰ ਨੇ ਵੀ ਹੋਰਨਾਂ ਸਿੱਖ ਸ਼ਰਧਾਲੂਆਂ ਵਾਂਗ ਕੀਤੀ।

ਆਪ ਜੀ ਨੇ ਗੋਇੰਦਵਾਲ ਨਗਰ ਦੀ ਸਥਾਪਨਾ ਕੀਤੀ, ਜਿਸ ਨੂੰ ਸਿੱਖੀ ਦਾ ਧੁਰਾ ਕਿਹਾ ਜਾਂਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਖਡੂਰ ਸਾਹਿਬ ਵਿਖੇ ਗੁਰਿਆਈ ਸੌਂਪ ਕੇ ਪਰਤੱਖ ਗੁਰੂ ਪਾਰਬ੍ਰਹਮ ਦੇ ਸਰੂਪ ਵਿਚ ਪ੍ਰਗਟ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਪਰਤੱਖ ਗੁਰੂ, ਤੀਸਰੇ ਗੁਰੂ ਸੁਸ਼ੋਭਿਤ ਹੋਏ। ਭੱਟ ਭਿਖਾ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਉਪਮਾ ਇਉਂ ਕੀਤੀ ਹੈ:

*ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥*
*ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥*
*ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥*
*ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥*
*ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥*
*ਗੁਰੁ ਮਿਲ੍ਹਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੫)*

ਆਪ ਜੀ ਨੇ ਇਕ ਬਾਉਲੀ ਵੀ ਬਣਵਾਈ। ਜਿੱਥੇ ਭਾਰਤੀ ਪੁਰਾਤਨ ਸੋਚ ੮੪ ਲੱਖ ਜੋਨ ਵਾਲੀ ਸੋਚ ਨੂੰ ਪਲਟ ਦਿੱਤਾ। ਸਾਰੀਆਂ ਜਾਤਾਂ, ਧਰਮਾਂ, ਨਸਲਾਂ ਤੋਂ ਉਤਾਂਹ ਉਠ ਕੇ ਇਕ ਥਾਂ ਇਸ਼ਨਾਨ ਦੀ ਪ੍ਰਥਾ ਕਾਇਮ ਕਰ ਕੇ ਅਤੇ ਸਮਾਜਿਕ ਬਰਾਬਰੀ ਕਾਇਮ ਕਰ ਕੇ ਇਕ ਵੱਡੀ ਪੁਲਾਂਘ ਪੁੱਟੀ। ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ੨੨ ਮੰਜੀਆਂ ਸਥਾਪਿਤ ਕਰ ਕੇ ਪ੍ਰਚਾਰਕ ਥਾਪੇ। ਆਪ ਜੀ ਨੇ ਬਾਬਾ ਬੁੱਢਾ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਨਾਲ ਮਿਲ ਕੇ ਚੱਕ ਰਾਮਦਾਸ ਦੀ ਸਥਾਪਨਾ ਵੀ ਕੀਤੀ। ਜਿਸ ਨੂੰ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣਾ ਅੰਤਲਾ ਸਮਾਂ ਨੇੜੇ ਵੇਖਦਿਆਂ ਪੂਰੀ ਨਿਰਖ-ਪਰਖ ਕਰ ਕੇ ਆਪਣੇ ਜਵਾਈ ਭਾਈ ਜੇਠਾ ਜੀ ਨੂੰ ਗੁਰਿਆਈ ਦਿੱਤੀ ਜੋ ਸ੍ਰੀ ਗੁਰੂ ਰਾਮਦਾਸ ਜੀ ਸੋਢੀ ਸੁਲਤਾਨ ਕਹਿਲਾਏ। ਆਪ ਜੀ ੧ ਸਤੰਬਰ, ੧੫੭੪ ਈ. ਨੂੰ ਜੋਤੀ ਜੋਤ ਸਮਾ ਗਏ। ਆਪ ਦੀ ਉਪਮਾ 'ਚ ਜਾਲਪ ਭੱਟ ਜੀ ਨੇ ਫੁਰਮਾਇਆ:

*ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ॥*
*ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੫)*

ਇਸੇ ਤਰ੍ਹਾਂ ਭੱਟ ਭੱਲ ਜੀ ਫੁਰਮਾਉਂਦੇ ਹਨ:

*ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥*
*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥*
*ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ॥*
*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੬)*

ਸ੍ਰੀ ਗੁਰੂ ਅਮਰਦਾਸ ਜੀ ਦੀਆਂ ਵਡਿਆਈਆਂ ਅਤੇ ਗੁਣਾਂ ਦਾ ਵਖਿਆਨ ਕਰਨਾ ਅਤੀ ਕਠਿਨ ਹੈ, ਕਿਉਂਕਿ ਸਾਡੀ ਬੁੱਧੀ ਹੀ ਤੁੱਛ ਹੈ। ਭੱਟ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਬਾਰੇ ਇਉਂ ਫੁਰਮਾਇਆ ਹੈ:

*-ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ॥*
*ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੧)*

*-ਗੁਰੁ ਅਮਰਦਾਸੁ ਜਿਨ੍ਹ ਸੇਵਿਅਉ ਤਿਨ੍ਹ ਦੁਖੁ ਦਰਿਦ੍ਰੁ ਪਰਹਰਿ ਪਰੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੫)*

*-ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ॥*
*ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ॥*
*ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ॥*

*ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ॥*
*ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ॥*
*ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੪)*

ਇਸੇ ਤਰ੍ਹਾਂ ਹੀ ਭੱਟ ਬਾਣੀ ਵਿਚ ਤੀਸਰੇ ਪਾਤਸ਼ਾਹ ਜੀ ਬਾਰੇ ਫੁਰਮਾਇਆ ਹੈ:

*ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ॥*
*ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ॥*
*ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ॥*
*ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ॥*
*ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ॥*
*ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੪)*

ਆਓ! ਆਪਾਂ ਵੀ ਗੁਰੂ ਜੀ ਦੇ ਸਿਧਾਂਤ, ਘਾਲਣਾ ਅਤੇ ਜੀਵਨ ਤੋਂ ਸਬਕ ਲੈ ਕੇ ਆਪਣਾ ਜੀਵਨ ਸਫਲ ਕਰਕੇ *ਇਹ ਲੋਕ ਸੁਖੀਏ ਪਰਲੋਕ ਸੁਹੇਲੇ* ਹੋ ਜਾਈਏ। ■


## ਗੁਰਦੁਆਰਾ ਗਜ਼ਟ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ 'ਗੁਰਦੁਆਰਾ ਗਜ਼ਟ' ਮਾਸਿਕ ਪਰਚੇ ਵਿਚ ਧਾਰਮਿਕ ਲੇਖ, ਗੁਰਦੁਆਰਾ ਪ੍ਰਬੰਧ ਸਬੰਧੀ ਕੀਤੇ ਜਾਂਦੇ ਯਤਨ, ਮਹੀਨੇ ਭਰ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਤਾਰੀਖ਼-ਵਾਰ ਦਿਹਾੜੇ, ਰਹੁ-ਰੀਤ ਅਤੇ ਆਮਦਨ-ਖਰਚ ਆਦਿ ਦੇ ਮਾਸਿਕ ਚਿੱਠੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਹ ਪਰਚਾ ਬਹੁਤ ਹੀ ਸੁੰਦਰ ਗਲੇਜ਼ਡ ਪੇਪਰ 'ਤੇ ਰੰਗਦਾਰ ਤਸਵੀਰਾਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਰਗਰਮੀਆਂ ਨੂੰ ਪਾਠਕਾਂ ਤਕ ਪਹੁੰਚਾਉਂਦਾ ਹੈ। ਇਸ ਦੀ ਛਪਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੀ ਗੋਲਡਨ ਆਫਸੈੱਟ ਪ੍ਰੈਸ ਰਾਹੀਂ ਕੀਤੀ ਜਾਂਦੀ ਹੈ। ਚੰਦਾ ਮਨੀ-ਆਰਡਰ, ਬੈਂਕ-ਡ੍ਰਾਫਟ ਰਾਹੀਂ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪਤੇ 'ਤੇ ਭੇਜਿਆ ਜਾ ਸਕਦਾ ਹੈ।

ਚੰਦਾ

| | | |
|---|---|---|
| ਸਾਲਾਨਾ ਚੰਦਾ ਦੇਸ਼ | : | ੨੦ ਰੁਪਏ |
| ਲਾਈਫ ਮੈਂਬਰਸ਼ਿਪ ਦੇਸ਼ | : | ੨੦੦ ਰੁਪਏ |
| ਸਾਲਾਨਾ ਚੰਦਾ ਵਿਦੇਸ਼ (ਹਵਾਈ ਡਾਕ) | : | ੫੦੦ ਰੁਪਏ |

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਾਹਿਤਕ ਪੱਖੋਂ ਅਧਿਐਨ ਦੀ ਲੋੜ ਅਤੇ ਮਹੱਤਤਾ

*-ਸ. ਸੁਖਦੇਵ ਸਿੰਘ ਸ਼ਾਂਤ**

ਭਾਈ ਕਾਨ੍ਹ ਸਿੰਘ ਜੀ ਨਾਭਾ ਆਪਣੀ ਪੁਸਤਕ 'ਗੁਰਸ਼ਬਦਾਲੰਕਾਰ' ਦੀ ਭੂਮਿਕਾ ਵਿਚ ਬੜਾ ਸੁੰਦਰ ਕਥਨ ਕਰਦੇ ਹਨ: "ਗੁਰਬਾਣੀ ਅਤੇ ਸਿੱਖ ਕਵੀਆਂ ਦਾ ਕਾਵਯ, ਸਾਹਿਤਯ ਦਾ ਅਗਾਧ ਸਮੁਦ੍ਰ ਹੈ, ਕੇਵਲ ਯਤਨ ਨਾਲ ਰਤਨ ਕੱਢ ਕੇ ਦਿਖਾਉਣ ਦੀ ਜ਼ਰੂਰਤ ਹੈ।" ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਪਾਵਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਅੰਦਰ ਦੀ ਅਧਿਆਤਮਿਕ ਯਾਤਰਾ ਦੇ ਅਨੁਭਵ ਨਾਲ ਸੰਬੰਧਿਤ ਹੈ। ਇਸ ਰਹੱਸਵਾਦੀ ਅਨੁਭਵ ਸੰਬੰਧੀ ਮਨੁੱਖਾਂ ਦਾ ਮਾਰਗ-ਦਰਸ਼ਨ ਕਰਨ ਲਈ ਸ਼ੈਲੀ ਅਤੇ ਸ਼ਬਦਾਵਲੀ ਦਾ ਬਾਹਰੀ ਤੌਰ 'ਤੇ ਦੁਨਿਆਵੀ ਹੋਣਾ ਇੱਕ ਸੁਭਾਵਿਕ ਜ਼ਰੂਰਤ ਹੀ ਹੈ ਕਿਉਂਕਿ ਪੜ੍ਹਨ-ਸੁਣਨ-ਸਮਝਣ ਵਾਲਿਆਂ ਲਈ ਇਹੀ ਸ਼ੈਲੀ-ਸ਼ਬਦਾਵਲੀ ਢੁਕਵੀਂ ਹੈ। ਗੁਰਬਾਣੀ ਵਿਚ ਅਧਿਆਤਮਿਕ ਅਨੁਭਵ ਨਾਲ ਜੋੜਨ ਲਈ ਮਨੁੱਖ ਦੇ ਸਾਹਮਣੇ ਅਨੇਕਾਂ ਪ੍ਰਤੀਕ, ਦ੍ਰਿਸ਼ਟਾਂਤ, ਅਲੰਕਾਰ, ਉਦਾਹਰਨਾਂ ਆਦਿ ਰਾਹੀਂ ਇਸ ਅਨੁਭਵ ਦਾ ਪ੍ਰਗਟਾਵਾ ਕੀਤਾ ਗਿਆ ਹੈ ਤਾਂਕਿ ਮਨੁੱਖ ਇਸ ਅਨੁਭਵ ਦੀ ਕਹਾਣੀ ਨੂੰ ਸਮਝ ਸਕੇ ਅਤੇ ਇਸ ਅਨੁਭਵ ਦੇ ਮਾਰਗ ਵੱਲ ਕਦਮ ਪੁੱਟ ਸਕੇ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਾਹਿਤਕ ਪੱਖੋਂ ਵਿਚਾਰਨ ਅਤੇ ਸਮਝਣ ਨਾਲ ਸਾਨੂੰ ਇਹ ਅਹਿਸਾਸ ਵੀ ਹੁੰਦਾ ਹੈ ਕਿ 'ਸਤੁ ਸੰਤੋਖੁ ਵੀਚਾਰੋ' ਦੇ ਗੁਣਾਂ ਨਾਲ ਪਰੋਸਿਆ ਗਿਆ ਅੰਮ੍ਰਿਤ-ਨਾਮ ਦੇ ਇਸ ਭੋਜਨ ਵਾਲਾ ਥਾਲ ਵੀ ਕੋਈ ਸਧਾਰਨ ਥਾਲ ਨਹੀਂ ਹੈ। ਜਿੰਨਾ ਉੱਚਾ, ਸੁੱਚਾ ਅਤੇ ਅਨਮੋਲ ਇਹ ਅੰਮ੍ਰਿਤ-ਭੋਜਨ ਹੈ ਓਨੇ ਹੀ ਉੱਚੇ-ਸੁੱਚੇ ਅਤੇ ਅਨਮੋਲ ਢੰਗ ਨਾਲ ਇਸ ਨੂੰ ਸਰਵੋਤਮ ਸ਼ੈਲੀ ਅਤੇ ਸ਼ਬਦਾਵਲੀ ਦੇ ਸਰਵੋਤਮ ਥਾਲ ਵਿਚ ਪਰੋਸਿਆ ਗਿਆ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਦੁਨੀਆ ਦੇ ਉੱਤਮ ਅਤੇ ਕੀਮਤੀ ਪਦਾਰਥਾਂ ਦੀ ਸੰਭਾਲ ਅਤੇ ਪੇਸ਼ਕਾਰੀ ਵੀ ਉੱਤਮ ਅਤੇ ਕੀਮਤੀ ਢੰਗਾਂ ਨਾਲ ਕੀਤੀ ਜਾਂਦੀ ਹੈ। ਗੁਰਬਾਣੀ ਇੱਕ ਰੂਹਾਨੀ, ਉੱਤਮ ਅਤੇ ਅਨਮੋਲ ਪਦਾਰਥ ਹੈ ਇਸ ਲਈ ਇਸ ਦੀ ਪੇਸ਼ਕਾਰੀ ਵੀ ਉੱਤਮ ਅਤੇ ਅਨਮੋਲ ਢੰਗ ਨਾਲ ਹੋਈ ਹੈ। ਹੁਣ ਅਸੀਂ ਕੁਝ ਨੁਕਤਿਆਂ ਨੂੰ ਲੈ ਕੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਾਹਿਤਕ ਪੱਖੋਂ ਅਧਿਐਨ ਦੀ ਲੋੜ ਅਤੇ ਮਹੱਤਤਾ ਨੂੰ ਜਾਣਨ ਦੀ ਕੋਸ਼ਿਸ਼ ਕਰਦੇ ਹਾਂ:

**(੧)** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜ਼ਿਆਦਾ ਬਾਣੀ ਰਾਗ-ਬੱਧ ਹੈ ਅਤੇ ਇਹ

**#8562, Charlotte Court, Avon- 46123, Indiana (U.S.A.) Ph. 001-317-406-0002*

ਬਾਣੀ ਇਕੱਤੀ ਰਾਗਾਂ ਵਿਚ ਦਰਜ ਹੈ। ਰਾਗਾਂ ਦੇ ਨਾਂ ਲਿਖਣ ਦੇ ਨਾਲ-ਨਾਲ ਸੁਰ ਦੇ ਪੱਖ ਤੋਂ ਸਤਾਰ੍ਹਾਂ ਤਕ 'ਘਰੁ' ਵੀ ਸਿਰਲੇਖਾਂ ਵਿਚ ਲਿਖੇ ਹੋਏ ਹਨ। ਇਸ ਤੋਂ ਇਹ ਸਪੱਸ਼ਟ ਹੈ ਕਿ ਇਹ ਬਾਣੀ ਗਾਇਨ ਕਰਨ ਭਾਵ ਕੀਰਤਨ ਕਰਨ ਦੇ ਹਿਸਾਬ ਨਾਲ ਅੰਕਿਤ ਹੋਈ ਹੈ ਅਤੇ ਇਹ ਕਾਵਿ-ਤੁਕਾਂਤ ਦੇ ਮੇਲ ਵਾਲੀ ਬਾਣੀ ਹੈ। ਇਸ ਲਈ ਇਸ ਬਾਣੀ ਨੂੰ ਰਾਗ, ਸੁਰਤਾਲ ਅਤੇ ਕਾਵਿ-ਤੁਕਾਂਤ ਦੇ ਪੱਖਾਂ ਤੋਂ ਵਿਚਾਰਨਾ ਵੀ ਜ਼ਰੂਰੀ ਹੋ ਜਾਂਦਾ ਹੈ।

**(੨)** ਆਮ ਤੌਰ 'ਤੇ ਭਗਤ ਕਬੀਰ ਜੀ ਦੀ ਹੇਠ ਲਿਖੀ ਪੰਕਤੀ ਦੀ ਮਿਸਾਲ ਦੇ ਕੇ ਗੁਰਬਾਣੀ ਦੇ ਕਾਵਿਕ ਜਾਂ ਸਾਹਿਤਕ ਪੱਖ ਨੂੰ ਵਿਚਾਰਨ ਤੋਂ ਗੁਰੇਜ਼ ਕਰਨ ਦਾ ਸੁਝਾਅ ਦਿੱਤਾ ਜਾਂਦਾ ਹੈ। ਭਗਤ ਜੀ ਦਾ ਫੁਰਮਾਨ ਹੈ:

*ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੫)*

ਇੱਥੇ ਭਗਤ ਕਬੀਰ ਜੀ ਦੇ ਕਹਿਣ ਦਾ ਭਾਵ ਇਹ ਹੈ ਕਿ ਇਹ ਬਾਣੀ ਬ੍ਰਹਮ ਦੀ ਵਿਚਾਰ ਹੈ, ਇਸ ਲਈ ਇਹ ਕੋਈ ਸਧਾਰਨ ਗੀਤ ਨਹੀਂ ਹੈ ਬਲਕਿ ਰੂਹਾਨੀ ਗੀਤ ਹੈ। ਜਿਸ ਸ਼ਬਦ ਵਿਚ ਉਪਰੋਕਤ ਪੰਕਤੀ ਦਰਜ ਹੈ ਉਸੇ ਹੀ ਸ਼ਬਦ ਦੇ ਅਗਲੇ ਪਦ ਵਿਚ ਭਗਤ ਜੀ ਇਸ ਬਾਣੀ-ਰੂਪੀ ਬ੍ਰਹਮ-ਗੀਤ ਨੂੰ ਗਾਉਣ, ਸੁਣਨ ਅਤੇ ਇਸ ਵਿਚ ਚਿੱਤ ਲਾਉਣ ਦਾ ਉਪਦੇਸ਼ ਦਿੰਦੇ ਹੋਏ ਫੁਰਮਾਉਂਦੇ ਹਨ:

*ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥*
*ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੫)*

ਹੁਣ ਆਪਾਂ ਸਭ ਸਮਝਦੇ ਹਾਂ ਕਿ ਗਾਇਆ ਗੀਤ ਹੀ ਜਾਂਦਾ ਹੈ, ਵਾਰਤਕ ਜਾਂ ਖੁੱਲ੍ਹੀ ਕਵਿਤਾ ਨਹੀਂ ਗਾਈ ਜਾਂਦੀ। ਗਾਉਣ ਲਈ ਛੰਦ-ਬੱਧ ਕਾਵਿ ਹੀ ਸਰਬ-ਪ੍ਰਵਾਨਿਤ ਹੈ। ਕਾਫ਼ੀ, ਕਵਾਲੀ, ਗ਼ਜ਼ਲ, ਰੁਬਾਈ, ਵਾਰ ਅਤੇ ਗੀਤ ਸਭ ਛੰਦ-ਬੱਧ ਕਾਵਿ-ਰੂਪ ਹਨ ਅਤੇ ਇਨ੍ਹਾਂ ਨੂੰ ਹੀ ਗਾਇਆ ਜਾਂਦਾ ਹੈ। ਇਸ ਤੱਥ ਨੂੰ ਹਮੇਸ਼ਾ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਗੁਰਬਾਣੀ 'ਬ੍ਰਹਮ ਬੀਚਾਰ' ਹੋਣ ਕਰ ਕੇ ਕੋਈ ਸਧਾਰਨ ਕਾਵਿ-ਰਚਨਾ ਜਾਂ ਗੀਤ ਨਹੀਂ ਹੈ।

ਗੁਰੂ ਸਾਹਿਬਾਨ ਨੇ ਵੀ ਗੁਰਬਾਣੀ ਨੂੰ 'ਖਸਮ ਕੀ ਬਾਣੀ', ਨਿਰੰਕਾਰ', 'ਸਤਿ ਸਤਿ' ਅਤੇ 'ਧੁਰ ਕੀ ਬਾਣੀ' ਦੱਸ ਕੇ ਸਾਨੂੰ ਭਗਤ ਕਬੀਰ ਜੀ ਵਾਂਗ ਹੀ ਸੁਚੇਤ ਕੀਤਾ ਹੋਇਆ ਹੈ ਕਿ ਇਸ ਬਾਣੀ ਨੂੰ ਕਦੇ ਵੀ ਸਧਾਰਨ ਕਵਿਤਾ ਜਾਂ ਸਧਾਰਨ ਗੀਤ ਸਮਝ ਕੇ ਨਹੀਂ ਵਿਚਾਰਨਾ। ਪਵਿੱਤਰ ਫੁਰਮਾਨ ਹੈ:

*- ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)*

*- ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੫)*

*– ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ*
*ਹਰਿ ਕਰਤਾ ਆਪਿ ਮੁਹਹੁ ਕਢਾਏ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੮)*

*– ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥*
*ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੨੮)*

ਜਿੱਥੋਂ ਤਕ ਸ਼ਬਦ 'ਗੀਤ' ਦਾ ਸੰਬੰਧ ਹੈ ਇਹ ਸ਼ਬਦ ਅਧਿਆਤਮਿਕ ਗੀਤ ਅਤੇ ਦੁਨਿਆਵੀ ਗੀਤ ਦੋਹਾਂ ਅਰਥਾਂ ਦੇ ਪੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹੀ ਕਈ ਵਾਰ ਵਰਤਿਆ ਗਿਆ ਹੈ। ਜਿਵੇਂ ਸ਼ਬਦ 'ਯਾਰ', 'ਇਸ਼ਕ', 'ਖਸਮ' ਅਤੇ 'ਆਸ਼ਕ' ਆਮ ਤੌਰ 'ਤੇ ਦੁਨਿਆਵੀ ਬੋਲ-ਚਾਲ ਵਿਚ ਬਿਲਕੁਲ ਸਤਹੀ ਪੱਧਰ ਦੇ ਦੁਨਿਆਵੀ ਅਰਥਾਂ ਲਈ ਵਰਤੇ ਜਾਂਦੇ ਹਨ ਪਰ ਗੁਰਬਾਣੀ ਵਿਚ ਇਹੀ ਸ਼ਬਦ ਪਰਮਾਤਮਾ, ਪਰਮਾਤਮਾ ਨਾਲ ਪ੍ਰੀਤ ਅਤੇ ਪਰਮਾਤਮਾ ਨਾਲ ਪ੍ਰੇਮ ਕਰਨ ਵਾਲੇ ਲਈ ਵਰਤੇ ਹੋਏ ਹਨ। ਪ੍ਰਭੂ ਦੀ ਉਸਤਤ ਵਿਚ ਗੀਤ ਗਾਉਣ ਦਾ ਉਪਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਥਾਵਾਂ 'ਤੇ ਪੜ੍ਹਨ ਵਿਚ ਆਉਂਦਾ ਹੈ। 'ਪ੍ਰਭ ਕੇ ਗੀਤ' ਅਤੇ 'ਗੀਤ ਗੋਵਿੰਦ' ਗੁਰਬਾਣੀ ਨੂੰ ਕਿਹਾ ਗਿਆ ਹੈ ਇਸ ਲਈ ਇੱਥੇ 'ਗੀਤ' ਸ਼ਬਦ ਦਾ ਅਰਥ ਸਧਾਰਨ ਗੀਤ ਨਹੀਂ ਹੈ। ਇੱਥੇ 'ਗੀਤ' ਦਾ ਅਰਥ 'ਬ੍ਰਹਮ ਬੀਚਾਰ' ਵਾਲਾ ਗੀਤ ਹੀ ਹੈ। ਪਵਿੱਤਰ ਫੁਰਮਾਨ ਹਨ:

*– ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੬)*

*– ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥*
*ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬)*

*– ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ॥*
*ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੪੯)*

*– ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੧)*

*– ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ॥*
*ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*

*– ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ॥*
*ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੩)*

*– ਕਾਮੁ ਕਰੀ ਜੇ ਠਾਕੁਰ ਭਾਵਾ॥ ਗੀਤ ਚਰਿਤ ਪ੍ਰਭ ਕੇ ਗੁਨ ਗਾਵਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੨)*

*– ਜਹ ਸਾਧ ਸੰਤਨ ਹੋਵਹਿ ਇਕਤ੍ਰ॥ ਤਹ ਹਰਿ ਜਸੁ ਗਾਵਹਿ ਨਾਦ ਕਵਿਤ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੭੬)*

ਜਿੱਥੇ 'ਗੀਤ' ਸ਼ਬਦ ਪ੍ਰਭੂ ਦੇ ਗੀਤਾਂ ਲਈ ਵਰਤਿਆ ਗਿਆ ਹੈ, ਉੱਥੇ ਸ਼ਬਦ 'ਗੀਤ' ਗੁਰਬਾਣੀ ਵਿਚ ਮਨਮੁਖਾਂ ਅਤੇ ਸਾਕਤ ਵਿਅਕਤੀਆਂ ਦੁਆਰਾ ਲਿਖੇ, ਗਾਏ ਅਤੇ ਸੁਣੇ ਜਾਂਦੇ ਬਹੁਤ ਹੀ ਹਲਕੇ ਪੱਧਰ ਦੇ ਦੁਨਿਆਵੀ ਗੀਤਾਂ ਲਈ ਵੀ ਵਰਤਿਆ ਹੋਇਆ ਹੈ। ਅਜਿਹੇ ਹੇਠਲੇ ਪੱਧਰ ਦੇ, ਅਸ਼ਲੀਲ ਅਤੇ ਗਲਤ ਕਦਰਾਂ-ਕੀਮਤਾਂ ਵੱਲ ਪ੍ਰੇਰਨ ਵਾਲੇ ਗੀਤਾਂ ਤੋਂ ਗੁਰਮੁਖ ਵਿਅਕਤੀਆਂ ਨੂੰ ਦੂਰ ਰਹਿਣ ਦਾ ਉਪਦੇਸ਼ ਗੁਰਬਾਣੀ ਵਿਚ ਦਿੱਤਾ ਹੋਇਆ ਹੈ। ਗੁਰਮੁਖ ਵਿਅਕਤੀਆਂ ਨੂੰ ਕੇਵਲ ਪ੍ਰਭੂ ਦੇ ਗੀਤ ਗਾਉਣ ਦੀ ਹੀ ਹਦਾਇਤ ਹੈ ਕਿਉਂਕਿ ਇਹੀ ਗੁਰਬਾਣੀ ਰੂਪੀ ਗੀਤ ਮਨੁੱਖ ਨੂੰ ਪਰਮਾਤਮਾ ਨਾਲ ਜੋੜਦੇ ਹਨ। ਜਿਹੜੇ ਗੀਤਾਂ ਤੋਂ ਗੁਰਮੁਖਾਂ ਨੇ ਪਰਹੇਜ਼ ਕਰਨਾ ਹੈ, ਉਨ੍ਹਾਂ ਬਾਰੇ ਗੁਰਬਾਣੀ ਦੇ ਫੁਰਮਾਨ ਹਨ:

*– ਅਬਰਨ ਬਰਨ ਸਿਉ ਮਨ ਹੀ ਪ੍ਰੀਤਿ॥ ਹਉਮੈ ਗਾਵਨਿ ਗਾਵਹਿ ਗੀਤ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੨)*

*– ਗੀਤ ਨਾਦ ਹਰਖ ਚਤੁਰਾਈ॥ ਰਹਸ ਰੰਗ ਫੁਰਮਾਇਸਿ ਕਾਈ॥*
*ਪੈਨ੍ਣੁ ਖਾਣਾ ਚੀਤਿ ਨ ਪਾਈ॥ ਸਾਚੁ ਸਹਜੁ ਸੁਖੁ ਨਾਮਿ ਵਸਾਈ॥੧॥*
*ਕਿਆ ਜਾਨਾਂ ਕਿਆ ਕਰੈ ਕਰਾਵੈ॥ ਨਾਮ ਬਿਨਾ ਤਨਿ ਕਿਛੁ ਨ ਸੁਖਾਵੈ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩੧)*

*– ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੧੦)*

*– ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥*
*ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥੧॥ ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੨੦)*

*– ਬਿਖੈ ਨਾਦ ਕਰਨ ਸੁਣਿ ਭੀਨਾ॥ ਹਰਿ ਜਸੁ ਸੁਨਤ ਆਲਸੁ ਮਨਿ ਕੀਨਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੮)*

*– ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)*

ਸਾਰੰਸ਼ ਇਹੀ ਹੈ ਕਿ ਗੁਰਬਾਣੀ ਬਿਨਾਂ-ਸ਼ੱਕ ਪ੍ਰਭੂ ਦੀ ਸਿਫ਼ਤ-ਸਲਾਹ ਵਿਚ ਲਿਖੇ ਗੀਤਾਂ ਦਾ ਹੀ ਰੂਪ ਹੈ। ਗੀਤ ਦਾ ਸੰਬੰਧ ਗਾਉਣ ਨਾਲ ਭਾਵ ਰਾਗ ਅਤੇ ਤਾਲ ਨਾਲ ਵੀ ਹੈ ਅਤੇ ਇਹ ਇੱਕ ਕਾਵਿ-ਰੂਪ ਵੀ ਹੈ ਭਾਵ ਗੀਤ ਕਾਵਿ ਅਤੇ ਰਾਗ ਦਾ

ਮੇਲ ਹੈ। ਇਸ ਲਈ ਗੁਰਬਾਣੀ ਕਾਵਿ ਅਤੇ ਰਾਗ ਦੇ ਪੱਖ ਤੋਂ ਅਨਮੋਲ ਸਾਹਿਤਕ ਅਤੇ ਕਲਾਮਈ ਰੁਹਾਨੀ ਗੀਤਾਂ ਦਾ ਭਰਪੂਰ ਖ਼ਜ਼ਾਨਾ ਹੈ। ਗੁਰਬਾਣੀ ਅਨਮੋਲ ਰੁਹਾਨੀ ਗੀਤ ਹੋਣ ਕਰ ਕੇ ਇਸ ਦਾ ਸਾਹਿਤਕ ਪੱਖ ਤੋਂ ਅਧਿਐਨ ਬੇਹੱਦ ਜ਼ਰੂਰੀ ਹੋ ਜਾਂਦਾ ਹੈ। ਸਾਹਿਤਕ ਪੱਖ ਤੋਂ ਗੁਰਬਾਣੀ ਦੀ ਖੋਜ ਕਰਨ ਵਾਲਾ ਸੁਹਿਰਦ ਮਨੁੱਖ ਖੋਜ ਕਰਦਾ-ਕਰਦਾ ਗੁਰਬਾਣੀ ਦੇ ਅੰਤਰੀਵੀ ਰਹੱਸਮਈ ਅਨੁਭਵ ਨਾਲ ਗੁਰੂ-ਕਿਰਪਾ ਸਦਕਾ ਕਿਸੇ ਪਲ਼ ਵੀ ਜੁੜ ਸਕਦਾ ਹੈ।

**(੩)** ਗੁਰਬਾਣੀ ਕਾਵਿ-ਰੂਪ ਵਿਚ ਉਚਾਰੀ ਹੋਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸੇ ਕਰਕੇ ਹੀ ਖੁਦ ਆਪਣੇ-ਆਪ ਨੂੰ ਦੋ ਥਾਵਾਂ 'ਤੇ 'ਸਾਇਰ' ਭਾਵ ਕਵੀ ਵੀ ਲਿਖਿਆ ਹੋਇਆ ਹੈ:

*- ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੪)*

*- ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੦)*

ਢਾਢੀਆਂ ਦਾ ਸੰਬੰਧ ਵੀ ਗਾਉਣ ਨਾਲ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ-ਆਪ ਨੂੰ ਪਰਮਾਤਮਾ ਦੇ ਢਾਢੀ ਭਾਵ ਉਸ ਦੀ ਸਿਫਤ-ਸਲਾਹ ਦੀਆਂ ਵਾਰਾਂ ਗਾਉਣ ਵਾਲੇ ਕਿਹਾ ਹੈ। 'ਵਾਰ' ਵੀ ਗੀਤ ਵਾਂਗ ਗਾਏ ਜਾਣ ਵਾਲਾ ਇੱਕ ਪ੍ਰਸਿੱਧ ਕਾਵਿ-ਰੂਪ ਜਾਂ ਬੀਰ-ਰਸੀ ਗੀਤ ਹੈ। ਗੁਰੂ ਸਾਹਿਬਾਨ ਦੇ ਪਵਿੱਤਰ ਫੁਰਮਾਨ ਹਨ:

*- ਹਉ ਢਾਢੀ ਵੇਕਾਰੁ ਕਾਰੈ ਲਾਇਆ॥*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੦)*

*- ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੦)*

ਭੱਟ ਸਾਹਿਬਾਨ ਨੇ ਵੀ ਗੁਰੂ ਸਾਹਿਬਾਨ ਦੀ ਉਸਤਤ ਵਿਚ ਸਵਈਏ ਉਚਾਰਦਿਆਂ ਆਪਣੇ-ਆਪ ਨੂੰ 'ਕਵਿ', 'ਕਬਿਜਨ' ਅਤੇ 'ਕਵਿਅਣਿ' ਲਿਖਿਆ ਹੋਇਆ ਹੈ। ਆਓ, ਦੇਖਦੇ ਹਾਂ ਹੇਠ ਲਿਖੇ ਕੁਝ ਪਵਿੱਤਰ ਫੁਰਮਾਨ:

*- ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ*
*ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੬)*

*- ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੬)*

*- ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੬)*

*– ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੬)*

*– ਨਲ੍ਯ ਕਵਿ ਪਾਰਸ ਪਰਸ ਕਚ ਕੰਚਨਾ*

*ਹੁਇ ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੯)*

ਇਸ ਤਰ੍ਹਾਂ ਗੁਰਬਾਣੀ ਵਿਚ 'ਸਾਇਰ', 'ਢਾਢੀ' ਅਤੇ 'ਕਵਿ' ਸ਼ਬਦਾਂ ਦੀ ਵਰਤੋਂ ਤੋਂ ਵੀ ਇਹੀ ਸਿੱਧ ਹੁੰਦਾ ਹੈ ਕਿ ਗੁਰਬਾਣੀ ਦਾ ਗੀਤ, ਕਾਵਿ, ਰਾਗ ਅਤੇ ਨਾਦ ਨਾਲ ਅਟੁੱਟ ਸੰਬੰਧ ਹੈ। ਗੁਰਬਾਣੀ ਦੀ ਪੇਸ਼ਕਾਰੀ ਨਿਰਸੰਦੇਹ ਸਰਵੋਤਮ ਕਾਵਿ-ਰੂਪ ਵਿਚ ਹੋਈ ਹੈ ਅਤੇ ਇਸ ਵਿਚ ਕਾਵਿ-ਕਲਾ ਦੇ ਅਨੇਕਾਂ ਅਨਮੋਲ ਹੀਰੇ-ਮੋਤੀ ਪਏ ਹਨ, ਜਿਨ੍ਹਾਂ ਦੀ ਖੋਜ ਅਤਿ ਜ਼ਰੂਰੀ ਹੈ। ਇੱਕ ਗੱਲ ਜ਼ਰੂਰ ਧਿਆਨ ਵਿਚ ਰੱਖਣ ਵਾਲੀ ਹੈ ਕਿ ਇਹ ਖੋਜ ਸ਼ਰਧਾ ਅਤੇ ਪ੍ਰੇਮ ਦੀ ਭਾਵਨਾ ਨਾਲ ਜੇਕਰ ਕੋਈ ਕਰੇਗਾ ਤਾਂ ਉਸ ਨੂੰ ਸਤਿਗੁਰੂ ਦੀ ਕਿਰਪਾ ਰਾਹੀਂ ਜ਼ਰੂਰ ਹੀ ਗੁਰਬਾਣੀ ਦੇ ਅੰਤਰੀਵੀ ਰਹੱਸਮਈ ਅਨੁਭਵ ਦਾ ਰਸ ਪ੍ਰਾਪਤ ਹੋਣਾ ਅਰੰਭ ਹੋ ਜਾਵੇਗਾ ਅਤੇ ਉਸ ਦੀ ਜ਼ਿੰਦਗੀ ਵੀ ਨਿਰਮਲ ਜੀਵਨ ਵਾਲੇ ਮਾਰਗ 'ਤੇ ਤੁਰ ਪਵੇਗੀ।

**(੪)** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕਈ ਕਾਵਿ-ਰੂਪਾਂ ਅਤੇ ਕਾਵਿ-ਛੰਦਾਂ ਦੀ ਵਰਤੋਂ ਹੋਈ ਹੈ। ਖੁਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪਾਵਨ ਗ੍ਰੰਥ ਦੀ ਸੰਪਾਦਨਾ ਕਰਦਿਆਂ ਕਾਵਿ-ਰੂਪਾਂ ਅਤੇ ਕਾਵਿ-ਛੰਦਾਂ ਦੇ ਸਿਰਲੇਖ ਦਰਜ ਕੀਤੇ ਹੋਏ ਹਨ। ਇਸ ਲਈ ਇਨ੍ਹਾਂ ਕਾਵਿ-ਰੂਪਾਂ ਅਤੇ ਕਾਵਿ-ਛੰਦਾਂ ਬਾਰੇ ਜਾਣਨਾ ਅਤੇ ਇਨ੍ਹਾਂ ਦੇ ਪੱਖ ਤੋਂ ਗੁਰਬਾਣੀ ਦਾ ਅਧਿਐਨ ਬੁਨਿਆਦੀ ਤੌਰ 'ਤੇ ਜ਼ਰੂਰੀ ਹੋ ਜਾਂਦਾ ਹੈ ਅਤੇ ਇਹ ਅਧਿਐਨ ਅਤਿਅੰਤ ਮਹੱਤਵਪੂਰਨ ਹੈ। ਹੇਠ ਲਿਖੇ ਕਾਵਿ-ਰੂਪ ਅਤੇ ਕਾਵਿ-ਛੰਦ ਸਿਰਲੇਖਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹੋਏ ਹਨ:

**(ੳ)** ਸਮੇਂ ਅਤੇ ਰੁੱਤਾਂ ਨਾਲ ਸੰਬੰਧਿਤ ਕਾਵਿ-ਰੂਪ ਜਿਵੇਂ ਬਾਰਹਮਾਹ, ਸਤਵਾਰਾ, ਦਿਨ ਰੈਣਿ, ਪਹਰੇ, ਰੁਤੀ, ਥਿਤੀ ਆਦਿ।

**(ਅ)** ਅੱਖਰਾਂ ਨਾਲ ਸੰਬੰਧਿਤ ਕਾਵਿ-ਰੂਪ ਜਿਵੇਂ ਬਾਵਨ ਅਖਰੀ, ਪਟੀ ਅਤੇ ਓਅੰਕਾਰ।

**(ੲ)** ਲੋਕ-ਧਾਰਾ, ਲੋਕ-ਗੀਤਾਂ ਅਤੇ ਲੋਕ-ਵਿਸ਼ਵਾਸਾਂ ਨਾਲ ਸੰਬੰਧਿਤ ਕਾਵਿ-ਰੂਪ ਜਿਵੇਂ ਵਾਰ, ਛੰਤ, ਘੋੜੀਆਂ, ਸੋਲਹੇ, ਅਲਾਹੁਣੀਆਂ, ਸਦੁ, ਕਰਹਲੇ, ਰਹੋਆ, ਮੁੰਦਾਵਣੀ, ਆਰਤੀ, ਬਿਰਹੜੇ, ਵਣਜਾਰਾ ਆਦਿ।

**(ਸ)** ਕਾਵਿ-ਛੰਦਾਂ ਦੇ ਪੱਖ ਤੋਂ ਕਾਵਿ-ਰੂਪ ਜਾਂ ਕਾਵਿ-ਛੰਦ ਜਿਵੇਂ ਕਾਫੀ, ਪਦੇ, ਸਲੋਕ, ਦੋਹਰਾ, ਡਖਣਾ, ਚਉਬੋਲੇ, ਪਉੜੀ, ਅਸਟਪਦੀ, ਚਉਪਦੇ, ਤਿਪਦੇ, ਦੁਪਦੇ, ਪੰਚਪਦੇ, ਸੋਲਹੇ, ਫੁਨਹੇ, ਸਵਈਏ, ਰਡ, ਝੋਲਨਾ, ਗਾਥਾ ਆਦਿ।

ਕਿੰਨਾ ਮਹਾਨ ਖ਼ਜ਼ਾਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਰਪਾ ਕਰ ਕੇ ਸਾਨੂੰ ਬਖਸ਼ਿਆ ਹੈ! ਕਿੰਨੀ ਤਰਤੀਬ ਨਾਲ ਗੁਰਬਾਣੀ ਦੇ ਕਾਵਿ-ਰੂਪਾਂ ਨੂੰ ਅਤੇ ਛੰਦ-ਪ੍ਰਬੰਧ ਨੂੰ ਸਜਾਇਆ ਗਿਆ ਹੈ! ਬੁੱਧੀ ਦੰਗ ਰਹਿ ਜਾਂਦੀ ਹੈ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਦੁੱਤੀ ਸੰਪਾਦਨ-ਕਲਾ ਦਾ ਅਨੰਦ ਮਾਣਦੇ ਹਾਂ। ਜਿੱਥੇ ਇਨ੍ਹਾਂ ਕਾਵਿ-ਰੂਪਾਂ ਅਤੇ ਕਾਵਿ-ਛੰਦਾਂ ਰਾਹੀਂ ਦਿੱਤੇ ਗਏ ਉਪਦੇਸ਼ ਨੂੰ ਧਾਰਨ ਕਰਨ ਦੀ ਲੋੜ ਹੈ ਉੱਥੇ ਇਨ੍ਹਾਂ ਕਾਵਿ-ਰੂਪਾਂ ਅਤੇ ਕਾਵਿ-ਛੰਦਾਂ ਬਾਰੇ ਅਧਿਐਨ ਦੀ ਵੀ ਨਾਲ ਦੀ ਨਾਲ ਜ਼ਰੂਰਤ ਹੈ।

**(੫)** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਬਹੁਤ ਸਾਰੇ ਪ੍ਰਚੁਲਿਤ ਲੋਕ-ਅਖਾਣ ਅਤੇ ਲੋਕ-ਮੁਹਾਵਰੇ ਵਰਤੇ ਗਏ ਹਨ ਅਤੇ ਬਹੁਤ ਸਾਰੇ ਨਵੇਂ ਅਖਾਣ ਅਤੇ ਮੁਹਾਵਰੇ ਸਿਰਜੇ ਵੀ ਗਏ ਹਨ। ਇਨ੍ਹਾਂ ਲੋਕ-ਅਖਾਣਾਂ ਅਤੇ ਲੋਕ-ਮੁਹਾਵਰਿਆਂ ਰਾਹੀਂ ਦਰਸਾਈ ਗਈ ਜੀਵਨ-ਜਾਚ ਸਿੱਖਣ ਲਈ ਇਨ੍ਹਾਂ ਬਾਰੇ ਸਾਹਿਤਕ ਪੱਖੋਂ ਜਾਣਨਾ ਬਹੁਤ ਜ਼ਰੂਰੀ ਹੈ। ਉਦਾਹਰਨ ਵਜੋਂ- *ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ* ਅਤੇ *ਕੂੜ ਨਿਖੁਟੇ ਨਾਨਕਾ ਓੜਕਿ ਸਚੁ ਰਹੀ* ਅਖਾਣ-ਰੂਪੀ ਕਥਨ ਸਾਡੀ ਜੀਵਨ-ਜਾਚ ਲਈ ਮੀਲ-ਪੱਥਰ ਹਨ।

**(੬)** ਗੁਰਬਾਣੀ ਵਿਚ ਸ਼ਬਦ-ਅਲੰਕਾਰ ਅਤੇ ਅਰਥ-ਅਲੰਕਾਰ ਭਾਰੀ ਗਿਣਤੀ ਵਿਚ ਦੇਖਣ ਨੂੰ ਮਿਲਦੇ ਹਨ। ਪ੍ਰਤੀਕਾਂ ਅਤੇ ਦ੍ਰਿਸ਼ਟਾਂਤਾਂ ਦੀ ਵਰਤੋਂ ਬਹੁਤ ਹੋਈ ਹੈ। ਬਹੁਤ ਸਾਰੀਆਂ ਮਿਥਿਹਾਸਿਕ ਕਥਾਵਾਂ ਦੇ ਪ੍ਰਮਾਣ ਸੰਕੇਤਕ ਰੂਪ ਵਿੱਚ ਪਰਮਾਤਮਾ ਦੇ ਭਗਤ-ਵਛਲ ਹੋਣ ਅਤੇ ਪਤਿਤ-ਪਾਵਨ ਹੋਣ ਸੰਬੰਧੀ ਵਰਤੇ ਹੋਏ ਹਨ। ਇਸ ਸਾਰੇ ਕੁਝ ਨੂੰ ਸਮਝਣ ਲਈ ਸਾਨੂੰ ਗੁਰਬਾਣੀ ਦੇ ਸਾਹਿਤਕ ਪੱਖੋਂ ਅਧਿਐਨ ਕਰਨ ਦੀ ਲੋੜ ਆਪਣੇ-ਆਪ ਹੀ ਬਣ ਜਾਂਦੀ ਹੈ। ਜਿਵੇਂ- ਗੁਰਮੁਖ ਵਾਸਤੇ 'ਹੰਸ' ਦਾ ਪ੍ਰਤੀਕ ਗੁਰਬਾਣੀ ਵਿਚ ਵਰਤਿਆ ਗਿਆ ਹੈ। ਹੰਸ ਇੱਕ ਪੰਛੀ ਹੈ ਜਿਸ ਦਾ ਇਹ ਗੁਣ ਹੈ ਕਿ ਆਪਣੀ ਚੁੰਝ ਦੀ ਖਟਾਸ ਨਾਲ ਦੁੱਧ ਅਤੇ ਪਾਣੀ ਨੂੰ ਵੱਖ-ਵੱਖ ਕਰ ਦਿੰਦਾ ਹੈ। ਇਸ ਤਰ੍ਹਾਂ ਦੋ ਪੱਖਾਂ ਨੂੰ ਵੱਖ-ਵੱਖ ਕਰ ਕੇ ਠੀਕ ਪੱਖ ਨੂੰ ਜਾਣ ਲੈਣਾ ਬਿਬੇਕ-ਬੁੱਧੀ ਦਾ ਨਾਂ ਹੈ। ਗੁਰਮੁਖ ਵਿਅਕਤੀ ਬਿਬੇਕ ਬੁੱਧ ਵਾਲੇ ਹੁੰਦੇ ਹਨ ਇਸ ਲਈ ਉਹ ਹੰਸ ਦੀ ਤਰ੍ਹਾਂ ਜੀਵਨ ਦੇ ਵੱਖ-ਵੱਖ ਰਸਤਿਆਂ ਦੀ ਪਰਖ ਕਰ ਲੈਂਦੇ ਹਨ ਕਿ ਉਨ੍ਹਾਂ ਲਈ ਕਿਹੜਾ ਰਸਤਾ ਠੀਕ ਹੈ। ਹੰਸ ਮੋਤੀ ਚੁਗਦਾ ਹੈ ਅਤੇ ਗੁਰਮੁਖ ਵੀ ਨਾਮ-ਅੰਮ੍ਰਿਤ ਦੇ ਮੋਤੀ ਚੁਗਦਾ ਹੈ। ਇਉਂ ਹੰਸ ਦਾ ਪ੍ਰਤੀਕ ਗੁਰਮੁਖ ਲਈ ਬਿਲਕੁਲ ਢੁਕਵਾਂ ਹੈ। ਇਸ ਪ੍ਰਕਾਰ ਪ੍ਰਤੀਕਾਂ, ਉਦਾਹਰਨਾਂ, ਦ੍ਰਿਸ਼ਟਾਂਤਾਂ ਅਤੇ ਅਲੰਕਾਰਾਂ ਦਾ ਅਧਿਐਨ ਸਾਨੂੰ ਗੁਰਬਾਣੀ ਦੇ ਅੰਤਰੀਵੀ ਅਨੁਭਵ ਦੇ ਵਿਸ਼ੇ ਦੇ ਬਹੁਤ ਨੇੜ੍ਹੇ ਲੈ ਜਾਂਦਾ ਹੈ ਅਤੇ ਸਾਨੂੰ ਗੁਰਬਾਣੀ ਦਾ ਉਪਦੇਸ਼ ਵੀ ਅਸਾਨੀ ਨਾਲ ਸਮਝ ਆ ਜਾਂਦਾ ਹੈ। ਇਸ ਤਰ੍ਹਾਂ ਗੁਰਬਾਣੀ ਦੇ ਇਸ ਗੰਭੀਰ ਅਧਿਐਨ ਸਦਕਾ ਸਾਨੂੰ ਗੁਰਬਾਣੀ ਦਾ ਅੰਤਰੀਵੀ

ਰਸ ਦਿਨ-ਬ-ਦਿਨ ਵਧੇਰੇ ਆਉਣ ਲੱਗਦਾ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਸਿਲੇਬਸਾਂ (ਪਾਠਕ੍ਰਮਾਂ) ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸ਼ਾਮਲ ਹੈ। ਇਨ੍ਹਾਂ ਸਿਲੇਬਸਾਂ ਦੇ ਨਾਲ-ਨਾਲ ਖੋਜ ਦੇ ਪੱਧਰ 'ਤੇ ਐਮ. ਫਿਲ, ਪੀਐੱਚ. ਡੀ. ਆਦਿ ਡਿਗਰੀਆਂ ਲਈ ਵੀ ਇਸ ਬਾਣੀ ਦਾ ਅਧਿਐਨ ਅਧਿਆਤਮਿਕ ਅਤੇ ਸਾਹਿਤਕ ਪੱਖਾਂ ਤੋਂ ਕੀਤਾ ਜਾਂਦਾ ਹੈ। ਵਿੱਦਿਅਕ ਖੇਤਰ ਵਿਚ ਗੁਰਬਾਣੀ ਦਾ ਇਹ ਅਧਿਐਨ ਅਤਿ ਮਹੱਤਵਪੂਰਨ, ਲਾਭਕਾਰੀ ਅਤੇ ਸ਼ਲਾਘਾਯੋਗ ਹੈ।

**(੭)** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵੱਖ-ਵੱਖ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਅਨਮੋਲ ਖ਼ਜ਼ਾਨਾ ਹੈ। ਇਸ ਪਾਵਨ ਗ੍ਰੰਥ ਵਿਚ ਸੰਸਕ੍ਰਿਤ, ਬ੍ਰਜ ਭਾਸ਼ਾ, ਸਿੰਧੀ, ਅਰਬੀ, ਫ਼ਾਰਸੀ, ਮਰਾਠੀ, ਲਹਿੰਦੀ ਪੰਜਾਬੀ ਆਦਿ ਭਾਸ਼ਾਵਾਂ ਦੀ ਅਤੇ ਕਈ ਹੋਰ ਉਪ-ਭਾਸ਼ਾਵਾਂ ਦੀ ਸ਼ਬਦਾਵਲੀ ਦੀ ਵਰਤੋਂ ਹੋਈ ਹੈ। ਇਨ੍ਹਾਂ ਸਭ ਭਾਸ਼ਾਵਾਂ ਦੇ ਪੱਖ ਤੋਂ ਗੁਰਬਾਣੀ ਦਾ ਅਧਿਐਨ ਕਰਨਾ ਵੀ ਬਹੁਤ ਜ਼ਰੂਰੀ ਹੈ। ਵੱਖ-ਵੱਖ ਭਾਸ਼ਾਵਾਂ ਦੀ ਸ਼ਬਦਾਵਲੀ ਦੇ ਅਰਥ ਸ਼ਬਦ-ਕੋਸ਼ਾਂ ਅਤੇ ਡਿਕਸ਼ਨਰੀਆਂ ਰਾਹੀਂ ਜਾਣ ਕੇ ਹੀ ਅਸੀਂ ਗੁਰਬਾਣੀ ਦੇ ਅਰਥਾਂ ਤਕ ਪਹੁੰਚ ਸਕਦੇ ਹਾਂ। ਸ਼ਬਦਾਵਲੀ ਦਾ ਅਧਿਐਨ ਵੀ ਸਾਹਿਤਕ ਪੱਖ ਦੇ ਭਾਸ਼ਾ-ਵਿਗਿਆਨਕ ਅੰਗ ਦਾ ਅਧਿਐਨ ਹੈ।

ਇਹ ਬਿਲਕੁਲ ਠੀਕ ਹੈ ਕਿ ਗੁਰਬਾਣੀ ਅਗਾਧ-ਬੋਧ ਹੈ। ਇਸ ਦੇ ਅਰਥਾਂ ਬਾਰੇ ਕੋਈ ਦਾਅਵਾ ਨਹੀਂ ਕਰ ਸਕਦਾ। ਇਸੇ ਕਰਕੇ ਵੱਖ-ਵੱਖ ਟੀਕਿਆਂ ਵਿਚ ਥੋੜ੍ਹੇ-ਬਹੁਤ ਭੇਦ ਨਾਲ ਅਰਥ ਵਿਦਵਾਨਾਂ ਨੇ ਵੱਖ-ਵੱਖ ਕੀਤੇ ਹੋਏ ਹਨ। ਵਿਆਕਰਣ, ਭਾਸ਼ਾ ਅਤੇ ਸਾਹਿਤਕ ਗੁਣਾਂ ਦੀ ਸਮਝ ਨਾਲ ਗੁਰਬਾਣੀ ਦੇ ਅਰਥਾਂ ਤਕ ਕਿਸੇ ਹੱਦ ਤਕ ਪਹੁੰਚਿਆ ਜਾ ਸਕਦਾ ਹੈ। ਕੁਝ ਸ਼ਬਦ ਐਸੇ ਵੀ ਹਨ ਜੋ ਏਨੇ ਸਰਲ ਹਨ ਕਿ ਉਨ੍ਹਾਂ ਨੂੰ ਹਰ ਕੋਈ ਸਮਝ ਲੈਂਦਾ ਹੈ। ਗੁਰਬਾਣੀ ਪਰਮਾਤਮਾ ਨਾਲ ਹਿਰਦੇ ਨੂੰ ਜੋੜਨ ਲਈ ਗੂੜ੍ਹ ਅਧਿਆਤਮਿਕ ਅਨੁਭਵ ਹੈ। *ਜਿਨਿ ਇਹ ਚਾਖੀ ਸੋਈ ਜਾਣੈ* ਦੇ ਪਵਿੱਤਰ ਕਥਨ ਅਨੁਸਾਰ ਗੁਰਬਾਣੀ ਇੱਕ ਰਹੱਸਵਾਦੀ ਅਨੁਭਵ ਹੈ। ਇਸ ਸਰਵੋਤਮ ਅਨੁਭਵ ਦੇ ਸਰਵੋਤਮ ਵਿਸ਼ੇ ਦੀ ਪੇਸ਼ਕਾਰੀ ਵੀ ਸਰਵੋਤਮ ਢੰਗ ਨਾਲ ਹੋਈ ਹੈ। ਗੁਰਬਾਣੀ ਪੰਜਾਬੀ ਕਵਿਤਾ ਦੀ ਰੂਹ ਹੈ। ਗੁਰਬਾਣੀ ਪੰਜਾਬੀ ਕਵਿਤਾ ਦਾ ਮੁੱਢ ਹੈ। ਪੰਜਾਬੀ ਕਵਿਤਾ ਦਾ ਇਤਿਹਾਸ ਗੁਰਬਾਣੀ ਤੋਂ ਬਿਨਾਂ ਕਲਪਿਤ ਵੀ ਨਹੀਂ ਕੀਤਾ ਜਾ ਸਕਦਾ। ■

**ਘਰਿ ਘਰਿ ਅੰਦਰਿ ਧਰਮਸਾਲ**
**ਹੋਵੈ ਕੀਰਤਨੁ ਸਦਾ ਵਿਸੋਆ।**
**(ਵਾਰ ੧:੨੭)**

# ਪੋਥੀ ਪਰਮੇਸਰ ਕਾ ਥਾਨੁ

*-ਸ. ਜਗਮਨਜੀਤ ਸਿੰਘ**

ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੰਸਾਰ ਨੂੰ ਤਾਰਨ ਲਈ ਨਿਰਮਲ ਪੰਥ ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਆਪਣੇ ਇਸ ਮਨੋਰਥ ਦੀ ਪੂਰਤੀ ਲਈ ਸ਼ਬਦ ਦਾ ਸਹਾਰਾ ਲਿਆ। 'ਧੁਰ ਕੀ ਬਾਣੀ' ਨੂੰ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤਾ ਜਿਸ ਨੂੰ ਜਗਤ ਨੇ 'ਗੁਰਬਾਣੀ' ਆਖ ਕੇ ਸਤਿਕਾਰਿਆ। ਵੇਈਂ ਪ੍ਰਵੇਸ਼ ਵਾਲੀ ਘਟਨਾ ਤੋਂ ਬਾਅਦ ਜਦ ਗੁਰੂ ਜੀ ਉਦਾਸੀਆਂ (ਪ੍ਰਚਾਰ ਯਾਤਰਾਵਾਂ) 'ਤੇ ਗਏ ਤਾਂ ਆਪ ਨੇ ਬਾਣੀ ਉਚਾਰਨੀ ਅਰੰਭ ਕੀਤੀ। ਗੁਰੂ ਜੀ ਹਮੇਸ਼ਾਂ ਆਪਣੇ ਸਾਥੀ ਭਾਈ ਮਰਦਾਨਾ ਜੀ ਨੂੰ ਆਖਦੇ- "ਮਰਦਾਨਿਆ ਰਬਾਬ ਛੇੜ ਬਾਣੀ ਆਈ ਹੈ।" ਗੁਰੂ ਸਾਹਿਬ ਨੇ ਸਾਰੀ ਮਨੁੱਖਤਾ ਨੂੰ ਸ਼ਬਦ ਦੇ ਨਾਲ ਨਿਹਾਲ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਤਕ ਪਹੁੰਚਦਿਆਂ ਹਾਲਾਤ ਐਸੇ ਬਣ ਗਏ ਸਨ ਕਿ ਗੁਰਬਾਣੀ ਨੂੰ ਪੋਥੀ ਰੂਪ ਵਿਚ ਸੰਕਲਨ ਕਰਨਾ ਜ਼ਰੂਰੀ ਹੋ ਗਿਆ। ਸਿੱਟੇ ਵਜੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ *ਪੋਥੀ ਪਰਮੇਸਰ ਕਾ ਥਾਨੁ* ਦੇ ਰੂਪ ਵਿਚ ਬਾਣੀ ਦੀ ਸੰਪਾਦਨਾ ਕੀਤੀ ਜੋ ਕਿ ਸਿੱਖ ਜਗਤ ਲਈ ਵਡਮੁੱਲਾ ਕਾਰਜ ਸੀ। ਹਥਲੇ ਲੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਹੋਰਨਾਂ ਧਰਮ ਗ੍ਰੰਥਾਂ ਨਾਲੋਂ ਵਿਲੱਖਣਤਾ ਅਤੇ ਬਾਣੀ ਦੀ ਇਕੱਤਰਤਾ ਬਾਰੇ ਵਿਚਾਰ ਪੇਸ਼ ਕੀਤੇ ਜਾਣਗੇ।

ਬਾਣੀ ਦੀ ਇਕੱਤਰਤਾ ਬਾਰੇ ਗੱਲ ਕਰੀਏ ਤਾਂ ਲਿਖਤਾਂ ਵਿੱਚੋਂ ਪ੍ਰਮਾਣ ਮਿਲਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚੀ ਹੋਈ ਬਾਣੀ ਆਪ ਹੀ ਕਲਮ-ਬੱਧ ਕਰਨੀ/ਕਰਵਾਉਣੀ ਅਰੰਭ ਕਰ ਦਿੱਤੀ ਸੀ। ਭਾਈ ਗੁਰਦਾਸ ਜੀ ਪਹਿਲੀ ਵਾਰ ਵਿਚ ਗੁਰੂ ਜੀ ਦੀ ਮੱਕੇ ਫੇਰੀ ਬਾਰੇ ਲਿਖਦੇ ਹਨ *"ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ"* ਭਾਵ ਕਿ ਜਦ ਗੁਰੂ ਜੀ ਮੱਕੇ ਪਹੁੰਚੇ ਤਾਂ ਆਪ ਜੀ ਪਾਸ ਇਕ ਕਿਤਾਬ ਵੀ ਸੀ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਦੀ ਆਪਣੀ ਬਾਣੀ ਉਨ੍ਹਾਂ ਕੋਲ ਮੌਜੂਦ ਸੀ। ਦੂਜੇ ਪਾਤਸ਼ਾਹ ਨੂੰ ਗੁਰਿਆਈ ਸੌਂਪਣ ਸਮੇਂ ਆਪ ਜੀ ਨੇ ਨਾਲ ਇਹ ਪੋਥੀ ਵੀ ਸਮਰਪਿਤ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਮਹਾਂਪੁਰਖਾਂ ਦੀ ਬਾਣੀ ਇਕੱਤਰ ਕਰਨ ਦਾ ਕਾਰਜ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਕਈ ਗੁਰੂ-ਘਰ ਨਾਲ ਈਰਖਾ ਰੱਖਣ ਵਾਲੇ ਗੁਰੂ ਸਾਹਿਬ ਵਾਂਗ ਬਾਣੀ ਦੀ ਰਚਨਾ ਕਰਨ ਲੱਗੇ। ਪਾਤਸ਼ਾਹ ਨੇ ਕੱਚੀ ਅਤੇ ਸੱਚੀ ਬਾਣੀ

** ਸਿੱਖੀ ਲੈਕਚਰਰ, ਸਿੱਖ ਮਿਸ਼ਨਰੀ ਸੁਸਾਇਟੀ, ਸਿੰਘਾਪੁਰ। ਮੋ. +੯੧੭੦੮੭੬੨੩੨੨੫, +੬੫ ੯੦੮੪੫੯੨੩*

ਦਾ ਨਿਖੇੜਾ ਕਰਨ ਲਈ ਅਨੰਦ ਸਾਹਿਬ ਵਿਚ ਬਚਨ ਕੀਤੇ:

*ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥*
*ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੭)*

ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਸਿੱਖਾਂ ਨੂੰ ਸੱਚੀ ਬਾਣੀ ਦਾ ਜਾਪ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਫੁਰਮਾਇਆ ਕਿ ਗੁਰੂ ਦੀ ਕਿਰਪਾ ਸਦਕਾ ਹੀ ਮਨੁੱਖ ਪਰਮਾਤਮਾ ਦੀ ਸਿਫਤ ਸਲਾਹ ਕਰਨ ਵਾਲੀ ਸੱਚੀ ਬਾਣੀ ਦਾ ਜਾਪ ਕਰਦਾ ਹੈ:

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥*
*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੦)*

ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਬਾਣੀ ਦੀ ਸਾਂਭ-ਸੰਭਾਲ ਦਾ ਕਾਰਜ ਇਵੇਂ ਹੀ ਜਾਰੀ ਰੱਖਿਆ।ਆਪ ਜੀ ਨੇ ਤਾਂ ਗ਼ਲਤ ਬਾਣੀ ਰਚਨ ਵਾਲਿਆਂ ਦੀ ਕਰੜੇ ਸ਼ਬਦਾਂ ਵਿਚ ਨਿੰਦਿਆ ਕੀਤੀ:

*ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥*
*ਓਨ੍ਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਏ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੪)*

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਤਾਂ ਇਹ ਕੰਮ ਇੱਥੋਂ ਤਕ ਪਹੁੰਚ ਗਿਆ ਕਿ ਮਿਹਰਬਾਨ ਵਰਗਿਆਂ ਨੇ ਸੰਗਤ ਨੂੰ ਭਰਮਾਉਣ ਲਈ 'ਨਾਨਕ' ਪਦ ਹੇਠ ਬਾਣੀ ਦੀ ਰਚਨਾ ਕਰਨੀ ਅਰੰਭ ਕਰ ਦਿੱਤੀ। ਫਲਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਲਈ ਬਾਣੀ ਨੂੰ ਵਿਧੀਵਤ ਤਰੀਕੇ ਨਾਲ ਸੰਕਲਨ ਕਰਨਾ ਜ਼ਰੂਰੀ ਹੋ ਗਿਆ। ਇਸ ਕਾਰਜ ਲਈ ਸਤਿਗੁਰ ਜੀ ਨੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਥਾਪਿਆ ਅਤੇ ਰਾਮਸਰ ਸਰੋਵਰ ਵਾਲੀ ਜਗ੍ਹਾ ਚੁਣੀ। ਗੁਰੂ ਜੀ ਨੇ ਇਸ ਪੋਥੀ ਵਿਚ ਪੰਜ ਗੁਰੂ ਸਾਹਿਬਾਨ, ੧੫ ਭਗਤਾਂ, ੧੧ ਭੱਟਾਂ ਅਤੇ ਗੁਰੂ-ਘਰ ਦੇ ਨਿਕਟਵਰਤੀ ਗੁਰਸਿੱਖਾਂ ਦੀ ਬਾਣੀ ਨੂੰ ੩੦ ਰਾਗਾਂ ਵਿਚ ਸੰਕਲਿਤ ਕੀਤਾ। ਪੋਥੀ ਦੀ ਸੰਪੂਰਨਤਾ ਤੋਂ ਬਾਅਦ ੧੬੦੪ ਈ. ਵਿਚ ਪਹਿਲਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਕੀਤਾ ਗਿਆ ਅਤੇ ਬਾਬਾ ਬੁੱਢਾ ਸਾਹਿਬ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਮਾਣ ਪ੍ਰਾਪਤ ਹੋਇਆ। ਗੁਰੂ ਸਾਹਿਬ ਜੀ ਨੇ ਹੁਕਮ ਕੀਤਾ *"ਬੁਢਾ ਸਾਹਿਬ ਖੋਲੋ ਗ੍ਰੰਥ ਲੇਹੁ ਅਵਾਜਾ ਸੁਨੈ ਸਭ ਪੰਥ"* ਤਾਂ ਸਭ ਤੋਂ ਪਹਿਲਾ ਹੁਕਮਨਾਮਾ- *ਸੰਤਾ ਕੇ ਕਾਰਜਿ ਆਪਿ ਖਲੋਇਆ* ਆਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜੈਜਾਵੰਤੀ ਰਾਗ ਵਿਚ ਸੰਮਿਲਤ ਕੀਤੀ ਜਿਸ ਨਾਲ ਕੁੱਲ ੩੧ ਰਾਗ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੰਪਾਦਿਤ ਇਸ ਬੀੜ ਦਾ ਨਾਮ "ਗ੍ਰੰਥ ਸਾਹਿਬ" ਰੱਖਿਆ ਗਿਆ ਅਤੇ ਗੁਰਿਅਈ ਮਿਲਣ ਤੋਂ ਬਾਅਦ 'ਗੁਰੂ ਗ੍ਰੰਥ ਸਾਹਿਬ ਜੀ' ਹੋ ਗਿਆ। ਉਪਰੋਕਤ ਵਾਰਤਾ ਤੋਂ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਸ੍ਰੀ ਗੁਰੂ

ਨਾਨਕ ਦੇਵ ਜੀ ਨੇ ਸ਼ਬਦ ਨਾਲ ਸਿੱਖੀ ਦਾ ਪ੍ਰਚਾਰ ਅਰੰਭ ਕੀਤਾ ਅਤੇ ਦਸਵੇਂ ਜਾਮੇ ਵਿਚ ਸ਼ਬਦ ਨੂੰ ਹੀ ਆਪਣੇ ਸਿੱਖਾਂ ਦਾ ਗੁਰੂ ਬਣਾਇਆ।

ਵਿਲੱਖਣਤਾ ਦੇ ਪੱਖ ਤੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਭਰ ਦੇ ਧਾਰਮਿਕ ਗ੍ਰੰਥਾਂ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਸੰਸਾਰ ਵਿਚ ਹਰੇਕ ਧਰਮ ਕੋਲ ਆਪਣਾ ਧਾਰਮਿਕ ਗ੍ਰੰਥ ਹੈ ਪਰ ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕੀਤਾ ਜਾਂਦਾ ਹੈ ਉਸ ਤਰ੍ਹਾਂ ਕਿਸੇ ਹੋਰ ਧਾਰਮਿਕ ਗ੍ਰੰਥ ਨੂੰ ਨਹੀਂ ਰੱਖਿਆ ਜਾਂਦਾ। ਹਰੇਕ ਗੁਰਦੁਆਰਾ ਸਾਹਿਬ ਵਿਚ ਗੁਰੂ ਸਾਹਿਬ ਦੇ ਪ੍ਰਕਾਸ਼ ਅਤੇ ਸੁਖਾਸਨ ਲਈ ਵਿਸ਼ੇਸ਼ ਥਾਂ ਹੁੰਦੀ ਹੈ। ਸਿੱਖੀ ਦਾ ਵਿਧਾਨ ਹੈ ਕਿ ਗੁਰੂ ਮਹਾਰਾਜ ਦੀ ਸਵਾਰੀ ਇਕ ਤੋਂ ਦੂਜੀ ਜਗ੍ਹਾ ਲਿਜਾਣ ਲਈ ਪੰਜ ਸਿੰਘਾਂ ਦਾ ਨਾਲ ਹੋਣਾ ਲਾਜ਼ਮੀ ਹੈ। ਕਿਸੇ ਵੀ ਕਾਰਜ ਨੂੰ ਕਰਨ ਲਈ ਗੁਰੂ ਮਹਾਰਾਜ ਅੱਗੇ ਅਰਦਾਸ ਕਰ ਕੇ ਵਿਸ਼ੇਸ਼ ਆਗਿਆ ਲਈ ਜਾਂਦੀ ਹੈ। ਇਸ ਤਰ੍ਹਾਂ ਦਾ ਸਤਿਕਾਰ ਕਿਸੇ ਵੀ ਹੋਰ ਧਰਮ ਦੇ ਪੈਰੋਕਾਰਾਂ ਦੁਆਰਾ ਆਪਣੇ ਗ੍ਰੰਥ ਦਾ ਨਹੀਂ ਕੀਤਾ ਜਾਂਦਾ। ਇਕ ਹੋਰ ਪੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ੇਸ਼ਤਾ ਨੂੰ ਦਰਸਾਉਂਦਾ ਹੈ। ਸੰਸਾਰ ਦੇ ਸਭ ਧਾਰਮਿਕ ਗ੍ਰੰਥ ਉਨ੍ਹਾਂ ਦੇ ਪੈਗੰਬਰਾਂ ਦੇ ਸਰੀਰਕ ਰੂਪ ਵਿਚ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਉਸ ਧਰਮ ਦੇ ਪੈਰੋਕਾਰਾਂ ਦੁਆਰਾ ਸੰਪਾਦਿਤ ਕੀਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕਲੌਤੇ ਐਸੇ ਧਾਰਮਿਕ ਗ੍ਰੰਥ ਹਨ ਜਿਨ੍ਹਾਂ ਦੀ ਸੰਪਾਦਨਾ ਸਿੱਖ ਧਰਮ ਦੇ ਪੰਜਵੇਂ ਗੁਰੂ ਅਤੇ ਪਰਮਾਤਮਾ ਦੀ ਇਲਾਹੀ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੀ ਗਈ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਜਿਨ੍ਹਾਂ ਨੂੰ ਹਾਜਰਾ ਹਜ਼ੂਰ ਗੁਰੂ ਹੋਣ ਦਾ ਦਰਜਾ ਪ੍ਰਾਪਤ ਹੈ। ਉਪਰੋਕਤ ਕੁਝ ਕੁ ਨੁਕਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਨੂੰ ਦਰਸਾਉਂਦੇ ਹਨ।

ਸੰਪਾਦਨਾ ਦੇ ਪੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਤਿੰਨ ਬਾਣੀਆਂ ਹਨ 'ਜਪੁ' 'ਸੋ ਦਰੁ' ਅਤੇ 'ਸੋਹਿਲਾ'। ਇਨ੍ਹਾਂ ਨੂੰ ਨਿੱਤਨੇਮ ਦੀਆਂ ਬਾਣੀਆਂ ਵੀ ਆਖਿਆ ਜਾਂਦਾ ਹੈ। ਇਹ ਅੰਗ ੧ ਤੋਂ ਲੈ ਕੇ ੧੩ ਤਕ ਮੌਜੂਦ ਹਨ। ਦੂਸਰਾ ਭਾਗ ੧੪ ਤੋਂ ੧੩੫੨ ਅੰਗ ਤਕ ਦਾ ਹੈ ਜਿਸ ਵਿਚ ਰਾਗ-ਬੱਧ ਬਾਣੀ ਦਾ ਸੰਕਲਨ ਕੀਤਾ ਗਿਆ ਹੈ। ਇਸ ਭਾਗ ਵਿਚ ੩੧ ਰਾਗਾਂ ਵਿਚ ਬਾਣੀ ਦੀ ਸੰਪਾਦਨਾ ਕੀਤੀ ਗਈ ਹੈ। ਇਹ ਰਾਗ ਕ੍ਰਮਵਾਰ ਇਸ ਪ੍ਰਕਾਰ ਹਨ:- ਸਿਰੀ ਰਾਗੁ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਨਟਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ। ਗੁਰੂ ਜੀ ਨੇ ਸ਼ਬਦਾਂ ਦੇ ਸਿਰਲੇਖ ਵਿਚ ਰਾਗ

ਨਿਰਧਾਰਿਤ ਕੀਤੇ ਹਨ। ਤੀਸਰੇ ਭਾਗ ਵਿਚ ਰਾਗ-ਮੁਕਤ ਬਾਣੀਆਂ ਨੂੰ ਸਥਾਨ ਦਿੱਤਾ ਗਿਆ ਹੈ ਜੋ ਕਿ ੧੩੫੩ ਤੋਂ ੧੪੩੦ ਅੰਗ ਤਕ ਦਾ ਹੈ। ਗੁਰੂ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਪੂਰੇ ਸੰਸਾਰ ਲਈ ਸੰਪਾਦਨ ਕਲਾ ਦੀ ਉੱਤਮ ਉਦਾਹਰਨ ਹੈ। ਗੁਰੂ ਜੀ ਨੇ ਹਰੇਕ ਸ਼ਬਦ, ਸਲੋਕ, ਪਉੜੀ ਦੇ ਅੰਤ ਵਿਚ ਅੰਕ ਲਿਖ ਕੇ ਗਿਣਤੀ ਮੁਕੱਰਰ ਕਰ ਦਿੱਤੀ ਹੈ ਤਾਂ ਜੋ ਕੋਈ ਵੀ ਗੁਰਬਾਣੀ ਵਿਚ ਰਲੇ ਨਾ ਪਾ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਧਰਮਾਂ ਦੇ ਬਾਣੀਕਾਰਾਂ ਦੀ ਬਾਣੀ ਦੀ ਸ਼ਮੂਲੀਅਤ ਗੁਰੂ ਜੀ ਦੇ- *ਉਪਦੇਸੁ ਚਹੁ ਵਰਨਾ ਕਉ ਸਾਝਾ* ਦਾ ਪ੍ਰਤੱਖ ਪ੍ਰਮਾਣ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੱਖ-ਵੱਖ ਧਰਮਾਂ, ਜਾਤਾਂ ਅਤੇ ਇਲਾਕਿਆਂ ਦੇ ਮਹਾਂਪੁਰਖਾਂ ਦੀ ਬਾਣੀ ਨੂੰ ਇਕ ਜਗ੍ਹਾ ਇਕੱਤਰ ਕਰ ਕੇ ਭੇਦ-ਭਾਵ ਨੂੰ ਮਿਟਾਉਣ ਦਾ ਸ਼ਲਾਘਾਯੋਗ ਕਾਰਜ ਕੀਤਾ ਹੈ।

ਭਾਸ਼ਾ ਦੇ ਪੱਖ ਤੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਅਨਮੋਲ ਖ਼ਜ਼ਾਨਾ ਹਨ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਚਨ ਵਾਲੇ ਬਾਣੀਕਾਰ ਕੇਵਲ ਇਕ ਸਮੇਂ ਜਾਂ ਸਥਾਨ ਦੇ ਨਹੀਂ ਸਨ ਬਲਕਿ ਵੱਖ-ਵੱਖ ਸਮੇਂ (Time Period) ਅਤੇ ਇਲਾਕਿਆਂ ਦੇ ਹੋਏ ਹਨ। ਜਿਸ ਕਾਰਨ ਭਾਸ਼ਾਵਾਂ ਦੀ ਵਿਲੱਖਣਤਾ ਹੋਣੀ ਸੁਭਾਵਿਕ ਗੱਲ ਹੈ। ਜੇਕਰ ਇਹ ਕਿਹਾ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਹੁਤ ਸਾਰੀਆਂ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਦਾ ਸੰਗ੍ਰਹਿ ਹਨ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੧੨ਵੀਂ ਸਦੀ ਤੋਂ ਲੈ ਕੇ ੧੭ਵੀਂ ਸਦੀ ਤਕ ਦੀਆਂ ਪ੍ਰਚਲਿਤ ਕਈ ਭਾਸ਼ਾਵਾਂ ਦੀ ਵਰਤੋਂ ਕੀਤੀ ਗਈ ਹੈ। ਕਈ ਥਾਵਾਂ 'ਤੇ ਇਕ ਹੀ ਸ਼ਬਦ ਦੇ ਅਰਥ ਭਾਸ਼ਾਈ ਭਿੰਨਤਾਵਾਂ ਕਾਰਨ ਬਦਲ ਜਾਂਦੇ ਹਨ, ਉਦਾਹਰਨ ਵਜੋਂ 'ਅਮਰ' ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਸਕ੍ਰਿਤ ਅਤੇ ਅਰਬੀ ਦੋਹਾਂ ਭਾਸ਼ਾਵਾਂ ਵਿਚ ਵਰਤਿਆ ਗਿਆ ਹੈ। ਜਿੱਥੇ ਇਹ ਅਰਬੀ ਭਾਸ਼ਾ ਵਿਚ ਵਰਤਿਆ ਗਿਆ ਹੈ- ਉੱਥੇ ਇਸ ਦਾ ਅਰਥ 'ਹੁਕਮ' ਵਜੋਂ ਆਉਂਦਾ ਹੈ ਜਿਵੇਂ ਕਿ- *ਸਚਾ ਤੇਰਾ ਅਮਰ ਸਚਾ ਦੀਬਾਣੁ* ਹੁਣ ਇਹੋ ਸ਼ਬਦ ਜਦ ਸੰਸਕ੍ਰਿਤ ਵਰਤਿਆ ਜਾਂਦਾ ਹੈ ਤਾਂ 'ਅ' ਅਗੇਤਰ ਵਜੋਂ ਆਉਂਦਾ ਹੈ ਅਤੇ ਅਮਰ ਭਾਵ ਕਦੇ ਨਾ ਮਰਨ ਵਾਲਾ ਦਾ ਲਖਾਇਕ ਹੈ ਜਿਵੇਂ ਕਿ- *ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ॥* ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਖ-ਵੱਖ ਭਾਸ਼ਾਵਾਂ ਦਾ ਅਨਮੋਲ ਖ਼ਜ਼ਾਨਾ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਾ ਅਧਿਆਤਮਿਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿਸੇ ਇਕ ਪਰੰਪਰਾ ਨਾਲ ਸੰਬੰਧਿਤ ਨਹੀਂ ਹੈ। ਗੁਰੂ ਜੀ ਨੇ ਮਨੁੱਖ ਨੂੰ ਇਕ ਅਕਾਲ ਪੁਰਖ ਨਾਲ ਜੋੜਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ ੴ ਪਰਮਾਤਮਾ ਦੇ ਇਕ ਹੋਣ ਦਾ ਲਖਾਇਕ ਹੈ ਅਤੇ ਮਨੁੱਖ ਨੂੰ ਸਚਿਆਰ ਬਣ ਕੇ ਪਰਮਾਤਮਾ ਵਿਚ ਅਭੇਦ ਹੋਣ ਦਾ ਰਾਹ ਗੁਰੂ ਜੀ ਦੱਸਦੇ ਹਨ। ***ਬਾਕੀ ਸਫ਼ਾ ੫੭ 'ਤੇ***

# ਤੰਬੂ ਦੀ ਬਣਤਰ ਤੋਂ ਤਖਤ ਸਾਹਿਬ ਦੀ ਸੁਗੰਧੀ

*-ਸ. ਜਗਜੀਤ ਸਿੰਘ ਦੋਰਾਹਾ**

ਦਾਸ ਨੂੰ ਪਿਛਲੇ ਸਾਲ ਮਿਤੀ ੧੭ ਤੋਂ ੧੯ ਦਸੰਬਰ, ੨੦੨੪ ਈ. ਤਕ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਧਰਤੀ 'ਤੇ ਜਾਣ ਅਤੇ ਰਹਿਣ ਦਾ ਮੌਕਾ ਮਿਲਿਆ ਸੀ। ਇਕੱਲਾ ਹੋਣ ਕਰਕੇ ਸ੍ਰੀ ਅਨੰਦਪੁਰ ਸਾਹਿਬ ਦੇ ਕਾਫੀ ਇਤਿਹਾਸਿਕ ਸਥਾਨਾਂ, ਜੋ ਪਹਿਲਾਂ ਜਾਣ ਦਾ ਮੌਕਾ ਨਹੀਂ ਮਿਲਿਆ ਸੀ, ਦੇ ਵੀ ਦਰਸ਼ਨ ਕਰਨ ਦਾ ਮੌਕਾ ਵੀ ਮਿਲਿਆ। ਅੰਮ੍ਰਿਤ ਵੇਲੇ ਆਸਾ ਜੀ ਕੀ ਵਾਰ ਦੇ ਸਮੇਂ ਹਾਜ਼ਰੀ ਭਰਦਿਆਂ ਹੋਇਆਂ ਮੈਂ ਦੇਖ ਰਿਹਾ ਸੀ ਕਿ ਸੰਗਤ ਕਿੰਨੀ ਸ਼ਰਧਾ ਨਾਲ ਹਾਜ਼ਰੀ ਭਰ ਰਹੀ ਸੀ, ਰੌਣਕਾਂ ਲੱਗੀਆਂ ਹੋਈਆਂ ਸਨ। ਅਚਾਨਕ ਮਨ ਵਿਚ ਖਿਆਲ ਉਪਜਦਾ ਹੈ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਿੰਨੀ ਵੱਡੀ ਬਣਤਰ ਲਈ ਸੋਚ ਹੋਵੇਗੀ ਕਿ ਉਨ੍ਹਾਂ ਨੇ ੧੭੫੬ ਬਿਕ੍ਰਮੀ ਦੀ ਵੈਸਾਖੀ 'ਤੇ ਬਹੁਤ ਵੱਡਾ ਇਕੱਠ ਕਰ ਕੇ ਲਗਾਏ ਗਏ ਤੰਬੂ ਰਾਹੀਂ ਅਜਿਹੇ ਕੌਤਕ ਕੀਤੇ ਕਿ ਸਮੇਂ ਦੀ ਚਾਲ ਚਲਦੇ ਇਹ ਕੌਤਕ ਤਖਤ ਸਾਹਿਬ ਦਾ ਰੂਪ ਲੈ ਗਏ ਹਨ, ਜਿਸਨੂੰ ਸਿੱਖ ਪੰਥ ਆਪਣਾ ਦੂਸਰਾ ਤਖਤ ਮੰਨਦਾ ਹੋਇਆ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਯਾਦ ਕਰਦਾ ਹੋਇਆ ਮਾਣ ਮਹਿਸੂਸ ਕਰਦਾ ਹੈ।

**ਗੁਰੂ ਸਾਹਿਬ ਜੀ ਦੁਆਰਾ ਤੰਬੂ ਰਾਹੀਂ ਸੋਚ ਅਤੇ ਬਣਤਰ:-** ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੋਚ ਅਜਿਹੀ ਹੋਵੇਗੀ ਕਿ ਕੌਮ ਨੂੰ ਸਦਾ ਲਈ ਚੜ੍ਹਦੀ ਕਲਾ ਵਿਚ ਰੱਖਣ ਲਈ ਇੱਕ ਉੱਚੀ ਜੀਵਨ-ਜਾਚ ਦੇ ਨਾਲ ਜੋੜਨਾ ਪੈਣਾ ਹੈ। ਆਮ ਧਾਰਨਾ ਹੈ ਕਿ 'ਜਿਹੋ ਜਿਹੀ ਸੋਚ ਉਹੋ ਜਿਹੀ ਜ਼ਿੰਦਗੀ ਹੁੰਦੀ' ਹੈ। ਭਾਵ ਕਿ ਸਾਡੀ ਸੋਚ ਦੇ ਵਿਚ ਸਾਡੇ ਵਿਚਾਰਾਂ ਦੀ ਤਾਕਤ ਹੁੰਦੀ ਹੈ। ਇਨਸਾਨ ਆਪਣੀ ਤਕਦੀਰ ਨੂੰ ਆਪਣੀ ਸੋਚ ਅਤੇ ਤਾਕਤਵਰ ਵਿਚਾਰਾਂ ਦੇ ਨਾਲ ਬਣਾਉਂਦਾ ਹੈ। ਜਦੋਂ ਅਸੀਂ ਆਪਣੀ ਸੋਚ ਅਤੇ ਭਾਰੂ ਵਿਚਾਰਾਂ ਨੂੰ ਆਪਣੇ ਦਿਮਾਗ ਵਿਚ ਰੱਖਾਂਗੇ ਤਾਂ ਉਹ ਆਖਿਰ ਸਾਕਾਰ ਹੋ ਜਾਂਦੇ ਹਨ, ਜਿਨ੍ਹਾਂ ਦੇ ਨਾਲ ਸਾਡੀ ਤਕਦੀਰ ਬਣ ਜਾਂਦੀ ਹੈ। ਜੇ ਸਾਡੇ ਵਿਚਾਰ ਚੰਗੇ ਹਨ ਤਾਂ ਤਕਦੀਰ ਵੀ ਚੰਗੀ ਹੀ ਬਣਦੀ ਹੈ, ਜੇ ਵਿਚਾਰ ਮਾੜੇ ਹਨ ਤਾਂ ਤਕਦੀਰ ਵੀ ਮਾੜੀ ਹੀ ਬਣਦੀ ਹੈ। ਇਕ ਅਨੁਮਾਨ ਮੁਤਾਬਕ ਇਨਸਾਨ ਦੇ ਦਿਮਾਗ਼ ਵਿਚ ਹਰ ਰੋਜ਼ ਲਗਪਗ ਸੱਠ ਹਜ਼ਾਰ ਵਿਚਾਰ ਆਉਂਦੇ ਹਨ ਤੇ ਇਹੀ ਵਿਚਾਰ ਰਲ ਕੇ ਸਾਡੀ ਤਕਦੀਰ ਬਣਾਉਂਦੇ ਹਨ। ਗੁਰੂ ਸਾਹਿਬ ਜੀ ਨੇ ਇਸੇ ਕਰਕੇ ਸਾਡੀ ਸੋਚ ਅਤੇ ਵਿਚਾਰਾਂ ਨੂੰ ਬਦਲਣ, ਚੰਗਾ ਅਤੇ ਉੱਚ ਪਾਏਦਾਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਸਤਿਗੁਰ ਜੀ ਮੁਤਾਬਕ ਜਿਸ ਦੀ ਸੋਚ ਅਤੇ ਵਿਚਾਰ ਵਧੀਆ ਹੋਣਗੇ

** #੬੪੭/੫ ਮੁਹੱਲਾ ਸੁੰਦਰ ਨਗਰ, ਜੈਪੁਰਾ ਰੋਡ, ਗਲੀ ਨੰ. ੪, ਦੋਰਾਹਾ-੧੪੧੪੨੧ (ਲੁਧਿਆਣਾ); ਮੋ. ੯੪੧੭੨੦੨੬੨੧*

ਉਹ ਆਪਣੀ ਤਕਦੀਰ ਆਪ ਬਣਾ ਲਵੇਗਾ। ਗੁਰੂ ਜੀ ਦੀ ਸੋਚ ਸੀ ਕਿ ਸਾਡੀ ਤਕਦੀਰ ਵਿਚ ਸਭ ਤੋਂ ਜ਼ਿਆਦਾ ਯੋਗਦਾਨ ਉਸ ਵਿਚਾਰ ਦਾ ਹੁੰਦਾ ਹੈ ਜੋ ਸਾਡੇ ਦਿਮਾਗ਼ 'ਚ ਮੌਜੂਦ ਸਭ ਤੋਂ ਭਾਰੂ ਤੇ ਸਥਾਈ ਹੁੰਦੈ। ਸਾਡੇ ਦਿਮਾਗ਼ ਦੀ ਸ਼ਕਤੀ ਇੰਨੀ ਜ਼ਿਆਦਾ ਹੈ ਕਿ ਇਸ ਦੀ ਬਦੌਲਤ ਮਨੁੱਖ ਨੇ ਏਨੀਆਂ ਸਾਰੀਆਂ ਵਿਗਿਆਨਕ ਕਾਢਾਂ ਕੱਢੀਆਂ ਹਨ ਜੋ ਕਾਲਪਨਿਕ ਲੱਗਦੀਆਂ ਹਨ। ਇਨਸਾਨ ਦਾ ਦਿਮਾਗ਼ ਬੜਾ ਹੀ ਚੁਸਤ ਜੁਲਾਹਾ ਹੈ ਜੋ ਚਰਿੱਤਰ ਦੀ ਅੰਦਰੂਨੀ ਪੁਸ਼ਾਕ ਵੀ ਬੁਣਦੈ ਤੇ ਹਾਲਾਤ ਦੀ ਬਾਹਰੀ ਪੁਸ਼ਾਕ ਵੀ ਬੁਣਦੈ।

ਅਸੀਂ ਜਾਣਦੇ ਹਾਂ ਕਿ ਬੀਜ ਤੋਂ ਹੀ ਪੌਦਾ ਉੱਗਦੈ ਤੇ ਬਿਨਾਂ ਬੀਜ ਤੋਂ ਕੋਈ ਪੌਦਾ ਨਹੀਂ ਹੋ ਸਕਦਾ ਹੈ। ਏਸੇ ਤਰ੍ਹਾਂ ਵਿਚਾਰ ਅਤੇ ਸੋਚ ਉਹ ਮਾਨਸਿਕ ਬੀਜ ਹਨ ਜਿਸ ਤੋਂ ਬਿਨਾਂ ਕਿਰਿਆਸ਼ੀਲਤਾ ਦਾ ਪੌਦਾ ਨਹੀਂ ਉੱਗ ਸਕਦਾ ਤੇ ਕਰਮ ਦਾ ਫੁੱਲ ਨਹੀਂ ਲੱਗ ਸਕਦਾ। ਕਰਮ ਵਿਚਾਰ ਦਾ ਫੁੱਲ ਹੈ, ਜਦ ਤਕ ਬੀਜ ਨਹੀਂ ਹੋਵੇਗਾ ਓਦੋਂ ਤਕ ਫੁੱਲ ਨਹੀਂ ਪੈਦਾ ਹੋ ਸਕਦਾ, ਇਸ ਲਈ ਵਿਚਾਰ ਅਤੇ ਸੋਚ ਪਹਿਲਾਂ ਆਉਂਦੇ ਹਨ, ਕਰਮ ਉਸ ਤੋਂ ਮਗਰੋਂ ਹੁੰਦੈ। ਅਸੀਂ ਇਨਸਾਨ ਦੇ ਦਿਮਾਗ਼ ਨੂੰ ਬਗੀਚੇ ਵਰਗਾ ਮੰਨ ਸਕਦੇ ਹਾਂ। ਇਸ ਨੂੰ ਜਾਂ ਤਾਂ ਸਮਝਦਾਰੀ ਨਾਲ ਤਿਆਰ ਕੀਤਾ ਜਾ ਸਕਦੈ ਜਾਂ ਵੈਸੇ ਹੀ ਬਿਨਾਂ ਕੁਝ ਕੀਤੇ, ਇਸ ਦੇ ਹਾਲ 'ਤੇ ਛੱਡਿਆ ਜਾ ਸਕਦੈ, ਪਰੰਤੂ ਇਸ ਦੇ ਨਤੀਜੇ ਜ਼ਰੂਰ ਆਉਣਗੇ। ਅਗਰ ਅਸੀਂ ਕੋਈ ਵਧੀਆ ਬੀਜ ਨਹੀਂ ਪਾਉਂਦੇ ਤਾਂ ਉਸ ਬਗੀਚੇ ਵਿਚ ਜੰਗਲੀ ਬੂਟੀ ਦੇ, ਬੇਕਾਰ ਬੀਜ ਆ ਕੇ ਉੱਗਣ ਲੱਗ ਪੈਣਗੇ ਤੇ ਇੱਕ ਵਕਤ ਅਜਿਹਾ ਆਵੇਗਾ ਜਦੋਂ ਇਹ ਜੰਗਲੀ ਬੂਟੀ ਪੂਰੇ ਬਗੀਚੇ 'ਤੇ ਕਬਜ਼ਾ ਕਰ ਲਵੇਗੀ। ਇਸ ਦੁਨੀਆ ਦਾ ਵਿਲੱਖਣ ਸੱਚ ਹੈ ਕਿ ਬੁਰੀਆਂ ਚੀਜ਼ਾਂ ਬੜੀ ਅਸਾਨੀ ਨਾਲ ਸਾਡੇ ਕੋਲ ਆ ਜਾਂਦੀਆਂ ਹਨ ਜਦੋਂ ਕਿ ਚੰਗੀਆਂ ਚੀਜ਼ਾਂ ਨੂੰ ਆਪਣੇ ਕੋਲ ਲਿਆਉਣ ਲਈ ਸਾਨੂੰ ਮਿਹਨਤ ਕਰਨੀ ਪੈਂਦੀ ਹੈ। ਮਾੜੇ ਹਾਲਾਤ ਆਪਣੇ ਆਪ ਆ ਜਾਂਦੇ ਹਨ, ਪਰ ਹਾਲਾਤ ਨੂੰ ਬਿਹਤਰ ਬਣਾਉਣ ਲਈ ਸਾਨੂੰ ਮਿਹਨਤ ਕਰਨੀ ਪੈਂਦੀ ਹੈ। ਜੇ ਅਸੀਂ ਆਪਣੇ ਵਿਚਾਰਾਂ ਨੂੰ ਬਿਹਤਰ ਬਣਾਉਣਾ ਚਾਹੁੰਦੇ ਹਾਂ ਤਾਂ ਇਹ ਗੱਲ ਪੱਲੇ ਬੰਨ੍ਹ ਲਈਏ ਕਿ ਅਸੀਂ ਆਪਣੇ ਵਿਚਾਰਾਂ ਨੂੰ ਬਿਹਤਰ ਬਣਾਏ ਬਿਨਾਂ ਜੀਵਨ ਦੇ ਹਾਲਾਤ ਨੂੰ ਬਿਹਤਰ ਨਹੀਂ ਬਣਾ ਸਕਦੇ।

ਸਰੀਰ ਦਿਮਾਗ਼ ਦਾ ਸੇਵਕ ਹੈ। ਇਹ ਦਿਮਾਗ਼ ਦੇ ਹੁਕਮ ਮੰਨਦਾ ਹੈ। ਭਾਵੇਂ ਇਹ ਸੋਚ ਸਮਝ ਕੇ ਦਿੱਤਾ ਹੋਵੇ ਜਾਂ ਬਗੈਰ ਸੋਚੇ ਸਮਝੇ। ਗ਼ਲਤ ਵਿਚਾਰਾਂ ਦੇ ਹੁਕਮ 'ਤੇ ਸਰੀਰ ਤੇਜ਼ੀ ਨਾਲ ਰੋਗਾਂ ਤੇ ਨਾਸ਼ ਵੱਲ ਵਧਣ ਲਗਦੈ। ਪ੍ਰਸੰਨ ਤੇ ਸੋਹਣੇ ਵਿਚਾਰਾਂ ਦੇ ਹੁਕਮ ਨਾਲ ਇਹ ਜਵਾਨ ਤੇ ਸੋਹਣਾ ਹੋ ਜਾਂਦੈ। ਹਾਲਾਤ ਵਾਂਗ ਰੋਗ ਤੇ ਸਿਹਤ ਦੀਆਂ ਜੜ੍ਹਾਂ ਵੀ ਵਿਚਾਰਾਂ 'ਚ ਹੀ ਹੁੰਦੀਆਂ ਹਨ। ਬਿਮਾਰ ਵਿਚਾਰ ਬਿਮਾਰੀ ਦੇ ਤੌਰ 'ਤੇ ਪ੍ਰਗਟ ਹੋ ਜਾਂਦੇ ਹਨ। ਡਰ ਦੇ ਵਿਚਾਰ ਰਿਵਾਲਵਰ ਦੀ ਗੋਲ਼ੀ ਵਾਂਗ ਇਨਸਾਨ ਦੀ ਜਾਨ ਲੈ ਸਕਦੇ ਹਨ ਤੇ ਲੈ ਵੀ ਰਹੇ ਹਨ। ਡਰ ਦੇ ਵਿਚਾਰ ਲਗਾਤਾਰ ਹਜ਼ਾਰਾਂ ਲੋਕਾਂ ਨੂੰ ਮਾਰ ਰਹੇ ਹਨ। ਹਾਲਾਂਕਿ ਉਨ੍ਹਾਂ ਦੀ ਰਫਤਾਰ ਗੋਲ਼ੀ ਜਿੰਨੀ ਤੇਜ਼ ਨਹੀਂ ਹੈ। ਮਨੁੱਖ ਜਦੋਂ ਤਕ ਮਾੜੇ ਵਿਚਾਰ

ਰੱਖੇਗਾ, ਓਦੋਂ ਤਕ ਉਸ ਦਾ ਖ਼ੂਨ ਮਾੜਾ ਤੇ ਜ਼ਹਿਰੀਲਾ ਬਣਿਆ ਰਹੇਗਾ। ਸ਼ਾਂਤ ਤੇ ਕੋਮਲ ਦਿਲ ਨਾਲ ਹੀ, ਸ਼ਾਂਤ ਤੇ ਕੋਮਲ ਜੀਵਨ ਤੇ ਸਰੀਰ ਮਿਲਦਾ ਹੈ। ਚੰਗੇ ਵਿਚਾਰਾਂ ਨਾਲ ਚੰਗੀਆਂ ਆਦਤਾਂ ਪੈਦਾ ਹੁੰਦੀਆਂ ਹਨ, ਜੋ ਅਖੌਤੀ ਸੰਤ ਆਪਣਾ ਸਰੀਰ ਸਾਫ ਨਹੀਂ ਕਰਦਾ, ਉਹ ਦਰਅਸਲ ਸੰਤ ਨਹੀਂ ਹੈ। ਜਿਸ ਨੇ ਆਪਣੇ ਵਿਚਾਰਾਂ ਨੂੰ ਮਜ਼ਬੂਤ ਬਣਾ ਲਿਆ ਹੈ ਤੇ ਸ਼ੁਧ ਕਰ ਲਿਆ ਹੈ ਉਸ ਨੂੰ ਬੁਰੇ ਰੋਗਾਣੂਆਂ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ। ਜੇ ਅਸੀਂ ਆਪਣੇ ਸਰੀਰ ਦੀ ਰਾਖੀ ਕਰਨਾ ਚਾਹੁੰਦੇ ਹਾਂ ਤਾਂ ਆਪਣੇ ਦਿਮਾਗ਼ 'ਤੇ ਪਹਿਰਾ ਲਾ ਲਈਏ। ਜੇ ਅਸੀਂ ਆਪਣੇ ਸਰੀਰ ਨੂੰ ਸੋਹਣਾ ਬਣਾਉਣਾ ਚਾਹੁੰਦੇ ਸਾਡਾ ਤਾਂ ਦਿਮਾਗ਼ ਨੂੰ ਸੋਹਣਾ ਬਣਾ ਲਈਏ। ਸਾਡਾ ਚਿਹਰਾ ਸੰਜੋਗ ਜਾਂ ਕਿਸਮਤ ਨਾਲ ਖ਼ਰਾਬ ਨਹੀਂ ਹੁੰਦਾ ਸਗੋਂ ਇਹ ਤਾਂ ਵਿਚਾਰਾਂ ਕਾਰਨ ਖ਼ਰਾਬ ਹੁੰਦਾ ਹੈ।

ਜਦੋਂ ਤਕ ਵਿਚਾਰ ਨੂੰ ਟੀਚੇ ਦੇ ਨਾਲ ਜੋੜਿਆ ਨਾ ਜਾਵੇ ਓਦੋਂ ਤਕ ਕੋਈ ਵੀ ਸਿਆਣਪ ਭਰਪੂਰ ਪ੍ਰਾਪਤੀ ਨਹੀਂ ਹੋ ਸਕਦੀ। ਜ਼ਿਆਦਾਤਰ ਲੋਕ ਆਪਣੇ ਵਿਚਾਰ ਦੀ ਕਿਸ਼ਤੀ ਨੂੰ ਜ਼ਿੰਦਗੀ ਦੇ ਮਹਾਂਸਾਗਰ 'ਚ ਆਪ-ਮੁਹਾਰੀ ਵਹਿਣ ਦਿੰਦੇ ਹਨ। ਟੀਚਾ-ਰਹਿਤ ਹੋਣਾ ਔਗੁਣ ਹੈ ਇਹ ਤਬਾਹ ਹੋਣ ਦਾ ਪੱਕਾ ਉਪਾਅ ਹੈ। ਜਿਨ੍ਹਾਂ ਲੋਕਾਂ ਦੇ ਜੀਵਨ ਦਾ ਕੋਈ ਉਦੇਸ਼ ਨਹੀਂ ਹੁੰਦਾ ਉਹ ਛੋਟੀਆਂ-ਛੋਟੀਆਂ ਚਿੰਤਾਵਾਂ, ਡਰਾਂ, ਕਸ਼ਟਾਂ ਤੇ ਤਰਸਯੋਗ ਵਿਚਾਰਾਂ ਦਾ ਅਸਾਨੀ ਨਾਲ ਸ਼ਿਕਾਰ ਹੋ ਜਾਂਦੇ ਹਨ ਜੋ ਸਭ ਕਮਜ਼ੋਰੀ ਦੇ ਸੂਚਕ ਹਨ। ਜੋ ਲੋਕ ਇਹ ਮਹਿਸੂਸ ਕਰਦੇ ਹਨ ਕਿ ਉਹ ਕਿਸੇ ਮਹਾਨ ਉਦੇਸ਼ ਲਈ ਤਿਆਰ ਨਹੀਂ ਹਨ, ਉਹ ਕੀ ਕਰਨ? ਉਨ੍ਹਾਂ ਨੂੰ ਆਪਣੇ ਕਰਤਵ ਦਾ ਸ਼ਤ-ਪ੍ਰਤੀਸ਼ਤ, ਬਿਨਾਂ ਗਲਤੀਓਂ ਪਾਲਣ ਕਰਨ ਤੇ ਵਿਚਾਰ ਕੇਂਦਰਿਤ ਕਰਨਾ ਚਾਹੀਦਾ ਹੈ। ਚਾਹੇ ਉਹ ਕੰਮ ਕਿੰਨੇ ਹੀ ਮਹੱਤਵਪੂਰਨ ਦਿਖ ਰਹੇ ਹੋਣ।

ਵਹਿਮਾਂ ਤੇ ਡਰਾਂ ਨੂੰ ਦ੍ਰਿੜ੍ਹਤਾ ਨਾਲ ਪਰ੍ਹੇ ਕਰ ਦਿਓ। ਇਹ ਨੁਕਸਾਨਦਾਇਕ ਤੱਤ ਹੈ। ਜੋ ਕੋਸ਼ਿਸ਼ ਦੀ ਸਿੱਧੀ ਲੀਕ ਨੂੰ ਛੱਡ ਦਿੰਦੇ ਹਨ ਤੇ ਇਸ ਨੂੰ ਵਿੰਗੀ ਟੇਢੀ ਬੇ-ਅਸਰ ਤੇ ਬੇਕਾਰ ਬਣਾ ਦਿੰਦੇ ਹਨ। ਸ਼ੱਕ ਦੇ ਡਰ ਨਾਲ ਉਦੇਸ਼, ਊਰਜਾ, ਕੰਮ ਕਰਨ ਦੀ ਸ਼ਕਤੀ ਤੇ ਸਭ ਤਾਕਤਵਰ ਵਿਚਾਰ ਰੁਕ ਜਾਂਦੇ ਹਨ। ਜੇ ਤੁਹਾਡੇ ਮਨ ਦੇ ਵਿਚ ਸ਼ੱਕ ਹੈ ਤਾਂ ਉਸ ਦਾ ਮਤਲਬ ਹੈ ਕਿ ਤੁਹਾਨੂੰ ਖ਼ੁਦ 'ਤੇ ਅਤੇ ਪਰਮਾਤਮਾ 'ਤੇ ਵਿਸ਼ਵਾਸ ਨਹੀਂ ਹੈ। ਆਤਮ-ਵਿਸ਼ਵਾਸ ਦੀ ਇਸ ਕਮੀ ਦੀ ਵਜ੍ਹਾ ਨਾਲ ਤੁਸੀਂ ਜ਼ਿਆਦਾਤਰ ਸਮਾਂ ਦੁਚਿੱਤੀ 'ਚ ਰਹੋਗੇ ਤੇ ਏਹੀ ਸੋਚਦੇ ਰਹੋਗੇ ਕਿ ਤੁਸੀਂ ਉਸ ਕੰਮ ਨੂੰ ਕਰ ਸਕੋਗੇ ਕਿ ਨਹੀਂ। ਜੋ ਵਿਅਕਤੀ ਸ਼ੱਕ ਤੇ ਡਰ ਨੂੰ ਜਿੱਤ ਲੈਂਦਾ ਹੈ ਉਹ ਅਸਫਲਤਾ ਨੂੰ ਵੀ ਜਿੱਤ ਲੈਂਦਾ ਹੈ, ਉਸ ਦਾ ਹਰ ਵਿਚਾਰ ਸ਼ਕਤੀਸ਼ਾਲੀ ਹੋ ਜਾਂਦਾ ਹੈ। ਉਹ ਸਭ ਮੁਸ਼ਕਲਾਂ ਦਾ ਬਹਾਦਰੀ ਨਾਲ ਮੁਕਾਬਲਾ ਕਰਦਾ ਹੈ ਤੇ ਉਨ੍ਹਾਂ 'ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ। ਉਹ ਆਪਣੇ ਉਦੇਸ਼ਾਂ ਦੇ ਸਹੀ ਬੀਜ ਸਹੀ ਸਮੇਂ 'ਤੇ ਬੀਜਦਾ ਹੈ ਤੇ ਉਨ੍ਹਾਂ ਦੇ ਫ਼ਲ ਅਗੇਤੇ ਜ਼ਮੀਨ 'ਤੇ ਨਹੀਂ ਡਿੱਗਦੇ ਹਨ। ਤਾਕਤਵਰ ਬੰਦਾ ਕਿਸੇ ਕਮਜ਼ੋਰ ਬੰਦੇ ਦੀ ਓਦੋਂ ਤਕ ਮਦਦ ਨਹੀਂ ਕਰ ਸਕਦਾ ਜਦੋਂ ਤਕ

ਕਿ ਕਮਜ਼ੋਰ ਵਿਅਕਤੀ ਆਪਣੀ ਮਦਦ ਕਰਾਉਣਾ ਨਾ ਚਾਹਵੇ। ਫੇਰ ਵੀ ਕਮਜ਼ੋਰ ਨੂੰ ਖ਼ੁਦ ਹੀ ਸ਼ਕਤੀਸ਼ਾਲੀ ਬਣਨਾ ਪੈਂਦਾ ਹੈ।

ਇਸ ਤਰ੍ਹਾਂ ਗੁਰੂ ਜੀ ਨੇ ਉਪਰੋਕਤ ਨੂੰ ਸਾਹਮਣੇ ਰੱਖ ਕੇ ਤੰਬੂ ਤੋਂ ਤਖ਼ਤ ਬਣਤਰ ਦੀ ਸੋਚ ਨੂੰ ਅਮਲ ਦੇ ਵਿਚ ਲਿਆਉਣ ਦੀ ਯੋਜਨਾ ਦਾ ਫੈਸਲਾ ਕਰ ਰੱਖਿਆ ਸੀ। ਇਸ ਸੋਚ ਵਿਚ ਵਿਸ਼ੇਸ਼ ਕਰਕੇ ਸਿੱਖ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਉੱਚ ਕੋਟੀ ਦੇ ਵਿਚਾਰਾਂ ਦੀ ਪ੍ਰਧਾਨਤਾ ਦਾ ਹੋਣਾ ਜ਼ਰੂਰੀ, ਦਿਮਾਗ਼ ਦੀ ਸੁਚੱਜੀ ਵਰਤੋਂ, ਚੰਗੇ ਬੀਜ ਦੀ ਉਪਜ, ਸਰੀਰ ਦੀ ਸੁਚੱਜੇ ਰੂਪ ਵਿਚ ਵਰਤੋਂ, ਉਤਸ਼ਾਹਜਨਕ ਟੀਚੇ, ਚਿੰਤਾ-ਮੁਕਤ ਇਨਸਾਨ, ਡਰ ਅਤੇ ਕਸ਼ਟਾਂ ਤੋਂ ਰਹਿਤ ਇਨਸਾਨ, ਵਹਿਮ, ਸ਼ੱਕ ਅਤੇ ਕਮਜ਼ੋਰੀ ਰਹਿਤ ਇਨਸਾਨ ਬਣਾਉਣ ਲਈ ਇੱਕ ਸ਼ਾਨਦਾਰ ਸੋਚ ਨਕਸ਼ੇ ਰਾਹੀਂ ਤਿਆਰ ਕੀਤੀ ਹੋਈ ਸੀ।

ਗੁਰੂ ਜੀ ਨੇ ਉਪਰੋਕਤ ਸੋਚ ਨੂੰ ਬਣਤਰ ਵਿਚ ਕਰਨ ਲਈ ਆਪਣੇ ਵਿਚਾਰਾਂ ਰਾਹੀਂ ਅਗਲੀ ਕਾਰਵਾਈ ਕਰਦੇ ਹੋਏ ੧੭੫੬ ਬਿਕ੍ਰਮੀ ਦੀ ਵੈਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਸਾਰੇ ਭਾਰਤ ਅਤੇ ਹੋਰ ਇਲਾਕਿਆਂ ਨੂੰ ਸੱਦਾ ਦਿੰਦੇ ਹੋਏ ਸੰਗਤ ਦਾ ਭਾਰੀ ਇਕੱਠ ਕੀਤਾ। ਇਸ ਇਕੱਠ ਦੇ ਵਿਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਆਪਣੇ ਵਿਚਾਰਾਂ ਰਾਹੀਂ ਆਪਣੀ ਉਪਰੋਕਤ ਸੋਚ ਬਾਰੇ ਵਿਸਥਾਰ-ਪੂਰਵਕ ਸਾਂਝ ਪਾਈ। ਇਸ ਵਿਚਾਰਕ ਸੋਚ ਰਾਹੀਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੱਸਿਆ ਕਿ ਮੈਂ ਚਾਹੁੰਦਾ ਹਾਂ ਕਿ ਆਪ ਸਾਰੇ ਆਪਣੇ ਆਪ ਨੂੰ ਉੱਚਾ ਕਰਨ ਲਈ ਆਪਣੇ ਜੀਵਨ ਨੂੰ ਉੱਚਾ ਕਰੋ, ਬਹਾਦਰ ਬਣੋ, ਦਿਮਾਗ਼ ਦੇ ਵਿਚ ਚੰਗੇ ਵਿਚਾਰ ਪੈਦਾ ਕਰੋ, ਤੁਹਾਡੇ ਟੀਚੇ ਸ਼ਾਨਦਾਰ, ਪੰਥਕ ਅਤੇ ਸਰਬੱਤ ਦੇ ਭਲੇ ਲਈ ਹੋਣ, ਤੁਸੀਂ ਚਿੰਤਾ-ਮੁਕਤ ਇਨਸਾਨ ਬਣੋ, ਡਰ ਅਤੇ ਕਸ਼ਟਾਂ ਤੋਂ ਰਹਿਤ ਹੋ ਜਾਵੋ, ਤੁਹਾਡੇ ਅੰਦਰ ਵਹਿਮ, ਸ਼ੱਕ ਦੀ ਕੋਈ ਵੀ ਗੁੰਜਾਇਸ਼ ਨਾ ਹੋਵੇ ਅਤੇ ਤੁਸੀਂ ਕਮਜ਼ੋਰ ਇਨਸਾਨ ਨਾ ਰਹੋ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਤਕਰੀਰ ਕਰਨ ਤੋਂ ਬਾਅਦ ਫਿਰ ਉਸ ਇਕੱਠ ਦੇ ਵਿਚ ਕਿਰਪਾਨ ਲਹਿਰਾਉਂਦੇ ਹੋਏ ਵਾਰੀ ਵਾਰੀ ਪੰਜ ਸਿਰਾਂ ਦੀ ਮੰਗ ਕੀਤੀ ਜੋ ਉਪਰੋਕਤ ਸੋਚ ਨੂੰ ਅਪਣਾਉਂਦੇ ਹੋਏ ਪਹਿਰਾ ਦੇਣਗੇ। ਵੱਖੋ-ਵੱਖਰੀਆਂ ਦਿਸ਼ਾਵਾਂ ਤੋਂ ਆਏ ਹੋਏ ਪੰਜ ਸਰੀਰ ਹਾਜ਼ਰ ਹੋ ਗਏ। ਗੁਰੂ ਜੀ ਨੇ ਫਿਰ ਉਸ ਤੰਬੂ ਦੇ ਸਫਰ ਨੂੰ ਅੱਗੇ ਤੋਰਦੇ ਹੋਏ ਉਨ੍ਹਾਂ ਪੰਜ ਸਰੀਰਾਂ ਨੂੰ ਪੰਜ ਪਿਆਰਿਆਂ ਦਾ ਨਾਮ ਦਿੱਤਾ। ਇਹ ਪੰਜ ਪਿਆਰੇ ਸਨ- ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੁਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ। ਉਨ੍ਹਾਂ ਨੂੰ ਸੁੰਦਰ ਪੌਸ਼ਾਕੇ ਪਹਿਨਾਏ ਗਏ, ਸੋਹਣੇ ਦਸਤਾਰੇ ਸਜਾਏ ਗਏ, ਇੱਕੋ ਜਿਹੇ ਪਹਿਰਾਵੇ ਪਹਿਨਾ ਕੇ ਗੁਰੂ ਜੀ ਨੇ ਇਕਸਾਰਤਾ ਅਤੇ ਜਾਤ-ਪਾਤ ਦੀ ਬਿਮਾਰੀ 'ਤੇ ਕਰਾਰੀ ਚੋਟ ਮਾਰ ਦਿੱਤੀ। ਗੁਰੂ ਸਾਹਿਬ ਜੀ ਨੇ ਇਨ੍ਹਾਂ ਨੂੰ ਸੰਗਤ ਸਾਹਮਣੇ ਦੱਸਿਆ ਕਿ ਆਪ ਨੂੰ ਪੰਜ ਕਕਾਰੀ ਰੂਪ ਦਿੱਤਾ

ਗਿਆ ਹੈ। ਜਿਸ ਵਿਚ ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ ਹੋਣਗੇ।

ਪੰਜ ਕਕਾਰਾਂ ਦੇ ਵਿਚ ਸਭ ਤੋਂ ਪ੍ਰਥਮ ਕੇਸ ਆਉਂਦੇ ਹਨ। ਕੇਸ ਸਰੀਰ ਦਾ ਅਨਿੱਖੜ੍ਹ ਅੰਗ ਹੀ ਹਨ। ਇਹ ਗਰਭ ਦੇ ਵਿਚ ਹੀ ਜਨਮ ਤੋਂ ਪਹਿਲਾਂ ਉਤਪੰਨ ਹੋ ਜਾਂਦੇ ਹਨ। ਇਹ ਵਾਹਿਗੁਰੂ ਦੀ ਬਖ਼ਸ਼ਿਸ਼ ਅਤੇ ਸਰੀਰ ਦਾ ਅੰਗ ਹਨ। ਬੱਚਾ ਜਨਮ ਸਮੇਂ ਹੀ ਕੇਸ ਨਾਲ ਲੈ ਕੇ ਆਉਂਦਾ ਹੈ। ਸਾਡੇ ਕੇਸ ਨਿਯਮਤ ਵੱਧਦੇ ਹਨ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸ ਨਾ ਕਟਾਉਣ ਦਾ ਖਾਸ ਤੌਰ 'ਤੇ ਹੁਕਮ ਜਾਰੀ ਕੀਤਾ ਹੈ। ਕੇਸ ਗੁਰੂ ਜੀ ਦੀ ਮੋਹਰ ਹਨ। ਇਸੇ ਲਈ ਗੁਰੂ ਸਾਹਿਬ ਜੀ ਨੇ ਖਾਲਸਾ ਸਾਜ ਕੇ ਸਿੱਖ ਨੂੰ ਅਕਾਲ ਪੁਰਖ ਦਾ ਸਰੂਪ ਹੀ ਬਖਸ਼ ਦਿੱਤਾ ਹੈ। ਕਿਉਂਕਿ ਅਕਾਲ ਪੁਰਖ ਜੀ ਦੀ ਜੋਤ ਦਾ ਪੂਰਨ ਪ੍ਰਕਾਸ਼, ਪੂਰਨ ਆਕਾਰ ਵਿਚ ਹੀ ਪ੍ਰਗਟ ਹੋ ਸਕਦਾ ਹੈ। ਅਸੀਂ ਸਿੱਖਾਂ ਨੇ ਤਾਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦੇ ਪਾਲਣ ਹਿੱਤ ਕੇਸ ਰੱਖਣੇ ਹਨ। ਜਿੱਥੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ-ਸੰਚਾਰ ਦਾ ਕੌਤਕ ਵਰਤਾਇਆ, ਉਸ ਅਸਥਾਨ ਦਾ ਨਾਮ ਹੀ ਕੇਸਗੜ੍ਹ ਰੱਖਿਆ ਗਿਆ। ਜਿਸ ਦਾ ਕੇਸਗੜ੍ਹ ਭਾਵ ਕੇਸਾਂ ਦਾ ਕਿਲ੍ਹਾ ਹੀ ਖੁਸ ਜਾਵੇ ਤਾਂ ਉਸ ਵਿਅਕਤੀ ਨੂੰ ਸਿੱਖ ਕਿਵੇਂ ਆਖਿਆ ਜਾ ਸਕਦਾ ਹੈ।

ਕੰਘਾ ਗੁਰੂ ਜੀ ਵੱਲੋਂ ਬਖਸ਼ੀਆਂ ਅਨਮੋਲ ਦਾਤਾਂ ਵਿੱਚੋਂ ਹੈ । ਇਹ ਕੇਸਾਂ ਦੀ ਸੰਭਾਲ ਲਈ ਜ਼ਰੂਰੀ ਹੈ। ਕੰਘਾ ਲੱਕੜੀ ਦਾ ਬਖ਼ਸ਼ਿਆ ਹੈ। ਗੁਰੂ ਜੀ ਦਾ ਸੰਕੇਤ ਹੈ ਕਿ ਕੰਘੇ ਨੂੰ ਕੇਸਾਂ ਦੇ ਵਿਚ ਬਿਰਾਜਮਾਨ ਕਰਨਾ ਹੈ ਕਿ, ਹੇ ਪਿਆਰੇ ਸਿੱਖ! ਦਸਮ ਦੁਆਰ ਇੱਥੇ ਹੈ। ਜਿਵੇਂ ਮੁਕਟ ਦੇ ਵਿਚ ਹੀਰੇ ਜੜੇ ਹੋਏ ਹੁੰਦੇ ਹਨ, ਇਹ ਕੰਘਾ ਕੋਹਿਨੂਰ ਦੀ ਜੜ੍ਹਿਆ ਟਿਕਾਇਆ ਹੈ। ਕੇਸਾਂ ਦੇ ਵਿਚ ਕੰਘਾ ਕਰਨ ਦੇ ਨਾਲ ਸਿੱਖ ਤਾਜ਼ਾ -ਦਮ, ਨਰੋਆ ਤੇ ਚੁਸਤ ਮਹਿਸੂਸ ਕਰਨ ਲੱਗ ਪੈਂਦਾ ਹੈ। ਥਕਾਵਟ ਦੂਰ ਹੋ ਜਾਂਦੀ ਹੈ। ਕੇਸ ਵੀ ਸੰਵਰ ਜਾਂਦੇ ਹਨ। ਜ਼ਿਆਦਾ ਸੋਚਣ ਦੇ ਨਾਲ ਸਿਰ/ਮੱਥਾ ਥੱਕ ਜਾਂਦਾ ਹੈ, ਤਾਂ ਥਕੇਵਾਂ ਲਾਹੁਣ ਲਈ ਪਿਆਰ ਦੇ ਨਾਲ ਸਿਮਰਨ ਕਰਦਿਆਂ ਕੰਘਾ ਫੇਰਿਆ ਜਾਵੇ ਤਾਂ ਸਾਰਾ ਥਕੇਵਾਂ ਦੂਰ ਹੋ ਜਾਂਦਾ ਹੈ। ਸਿਮਰਨ ਕਰਦਿਆਂ ਕੇਸ ਵਾਹੁਣੇ ਚਾਹੀਦੇ ਹਨ। ਜਿਵੇਂ ਮਿਹਨਤ ਨਾਲ, ਪਿਆਰ ਨਾਲ ਖੇਤ ਵਾਹੀਦਾ ਹੈ ਉਪਰੰਤ ਬੀਜ ਪਾਈਦਾ ਹੈ।

ਸਤਿਗੁਰੂ ਜੀ ਵੱਲੋਂ ਬਖਸ਼ੀਆਂ ਹੋਈਆਂ ਦਾਤਾਂ ਵਿੱਚੋਂ ਕਕਾਰ ਦੇ ਰੂਪ ਵਿਚ ਸਰਬ ਲੋਹ ਦਾ ਕੜਾ ਹੈ। ਲੋਹਾ ਤੁਹਾਡੀ ਨਕਾਰਤਮਕਤਾ, ਨਿਖੇਧਾਤਮਕਤਾ (NEGATIVITY) ਤੋਂ ਰੱਖਿਆ ਕਰਦਾ ਹੈ। ਲੋਹੇ ਨੂੰ ਸ਼ਕਤੀ, ਬਹਾਦਰੀ ਤੇ ਦ੍ਰਿੜ੍ਹ ਸੰਕਲਪ ਨਾਲ ਜੋੜਿਆ ਜਾਂਦਾ ਹੈ। ਲੋਹੇ ਵਿਚ ਦਲੇਰੀ ਬਹਾਦਰੀ ਤੇ ਸ਼ਕਤੀ ਪ੍ਰਦਾਨ ਕਰਨ ਵਾਲੇ ਗੁਣ ਬਿਆਨ ਕੀਤੇ ਜਾਂਦੇ ਹਨ। ਸ਼ਕਤੀਸ਼ਾਲੀ ਮੁਕਾਬਲਿਆਂ ਨੂੰ ਜਿੱਤਣ ਵਾਲਿਆਂ ਨੂੰ ਜਾਂ ਦ੍ਰਿੜ੍ਹ ਭਰੋਸੇ ਵਾਲੇ ਨੇਤਾਵਾਂ ਨੂੰ ਲੋਹ ਪੁਰਸ਼ ਆਖਿਆ ਜਾਂਦਾ ਹੈ। ਲੋਹਾ ਤੁਹਾਡਾ ਸ੍ਵੈਮਾਣ ਤੇ ਸ੍ਵੈ-ਭਰੋਸਾ ਵੀ ਵਧਾਉਂਦਾ ਹੈ। ਸਿੱਖਾਂ ਨੂੰ ਕੜਾ ਪਹਿਨਣ ਵਾਲਿਆਂ ਨੂੰ ਇੱਕ ਗੁਰੂ ਜੀ ਵੱਲੋਂ ਚਿਤਾਵਨੀ (Warning) ਹੈ ਕਿ

ਦੇਖਣਾ ! ਤੁਹਾਡੇ ਵੱਲੋਂ ਕੀਤੇ ਕਿਸੇ ਕੰਮ ਕਰਕੇ ਮੈਨੂੰ ਸ਼ਰਮਿੰਦਗੀ ਨਾ ਉਠਾਉਣੀ ਪਵੇ।

ਕਿਰਪਾਨ ਬਹੁਤ ਹੀ ਪਵਿੱਤਰ ਕਕਾਰ ਹੈ। ਇਸ ਨੂੰ ਸਦਾ ਗਾਤਰੇ ਵਿਚ ਸਜਾ ਕੇ ਅੰਗ-ਸੰਗ ਰੱਖਣਾ ਹੈ। ਕਿਰਪਾਨ ਅਕਾਲ ਪੁਰਖ ਦਾ ਸ਼ਸਤਰ ਹੈ। ਜਿਵੇਂ ਸਾਡੇ ਸਰੀਰ ਉੱਪਰ ਕੱਪੜਿਆਂ ਦਾ ਪ੍ਰਭਾਵ ਪੈਂਦਾ ਹੈ, ਇਵੇਂ ਹੀ ਕਿਰਪਾਨ ਦਾ ਆਪਣਾ ਪ੍ਰਭਾਵ ਹੈ। ਇਹ ਬੀਰ ਰਸ ਨੂੰ ਬਣਾਈ ਰੱਖਦਾ ਹੈ। ਅਗਰ ਬੀਰ ਰਸ ਅੰਦਰੋਂ ਮਿਟ ਗਿਆ ਤਾਂ ਫਿਰ ਇਹ ਨਾ ਆਪਣੀ ਹਿਫ਼ਾਜ਼ਤ ਕਰੇਗਾ, ਨਾ ਦੂਜਿਆਂ ਦੀ, ਨਾ ਪਰਵਾਰ ਦੀ, ਨਾ ਦੇਸ਼, ਨਾ ਕੌਮ ਅਤੇ ਨਾ ਹੀ ਮਜ਼ਲੂਮ ਦੀ ਹਿਫਾਜ਼ਤ ਕਰ ਸਕਦਾ ਹੈ। ਕਿਰਪਾਨ ਦਰਸਾਉਂਦੀ ਹੈ ਕਿ ਖਾਲਸੇ ਕੋਲ ਸ਼ਕਤੀ ਤੇ ਕਾਰਜ ਦਾ ਵਸੀਲਾ ਹੈ। ਕਿਰਪਾਨ ਸਾਡੀ ਸ੍ਵੈ-ਇੱਛਾ ਦਾ ਨਿਸ਼ਾਨ ਚਿੰਨ੍ਹ ਹੈ। ਸਾਧੇ ਹੋਏ ਮਨ ਵਾਲੇ ਦੀ ਕਿਰਪਾਨ ਕਦੇ ਵੀ ਜੁਲਮ ਨਹੀਂ ਕਰੇਗੀ, ਸਗੋਂ ਜ਼ੁਲਮ ਰੋਕੇਗੀ। ਕਿਰਪਾਨ ਪ੍ਰਭੂ ਦਾ ਪ੍ਰਤੀਕ ਹੈ ਕਿਉਂ ਕਿ ਪ੍ਰਭੂ ਹੀ ਅਗਿਆਨ ਦਾ ਨਾਸ਼ ਕਰਦਾ ਹੈ।

ਪੰਜਵਾਂ ਕਕਾਰ ਕਛਹਿਰਾ ਹੈ। ਜੋ ਸਭ ਅੰਮ੍ਰਿਤਧਾਰੀਆਂ ਮਰਦਾਂ ਅਤੇ ਬੀਬੀਆਂ ਨੂੰ ਪਹਿਨਣ ਲਈ ਲਾਗੂ ਹੁੰਦਾ ਹੈ। ਕਛਹਿਰਾ ਪਹਿਨਣ ਵਾਲੇ ਨੂੰ ਗੌਰਵ, ਵਡਿਆਈ, ਨਿਮਰਤਾ, ਸਹਿਜ, ਲੱਜਾ, ਨੇਕਚਲਨੀ, ਪਵਿੱਤਰਤਾ, ਸਤ, ਸਨਮਾਨ, ਇੱਜਤ ਤੇ ਉੱਚਤਾ ਦਾ ਅਹਿਸਾਸ ਕਰਾਉਂਦਾ ਹੈ। ਸਤਿਗੁਰ ਜੀ ਨੇ ਸੰਜਮੀ, ਸੁਸ਼ੀਲ, ਦੇ ਰੂਪ ਵਿਚ ਨਿਰਮਾਣ ਕਛਹਿਰਾ ਬਖਸ਼ਿਆ ਹੈ।

ਗੁਰੂ ਸਾਹਿਬ ਜੀ ਵੱਲੋਂ ਉਪਰੋਕਤ ਕਕਾਰਾਂ ਦੀ ਮਹੱਤਤਾ ਸਮਝਾਉਂਦੇ ਹੋਏ ਤੰਬੂ ਦੀ ਬਣਤਰ ਨੂੰ ਹੋਰ ਮਜ਼ਬੂਤ ਕਰਦੇ ਹੋਏ, ਸਰਬ ਲੋਹੇ ਦੇ ਬਾਟੇ ਦੇ ਵਿਚ ਸਵੱਛ ਜਲ ਮਿੱਠਾ ਆਦਿ ਪਾ ਕੇ ਸਰਬ-ਲੋਹ ਦੇ ਖੰਡੇ ਨਾਲ ਬਾਣੀ ਪੜ੍ਹਦੇ ਹੋਏ ਅੰਮ੍ਰਿਤ ਤਿਆਰ ਕੀਤਾ ਗਿਆ। ਸਤਿਗੁਰਾਂ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਮਹੱਤਤਾ ਸਮਝਾਈ। ਫਿਰ ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ ਗਈ। ਇਹੋ ਤਿਆਰ ਕੀਤਾ ਗਿਆ ਅੰਮ੍ਰਿਤ ਉਨ੍ਹਾਂ ਪੰਜ ਪਿਆਰਿਆਂ ਤੋਂ ਆਪ ਛਕਿਆ। ਇਹ ਉੱਚੀ ਸੋਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਹੀ ਹੋ ਸਕਦੀ ਸੀ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਧਰਤੀ 'ਤੇ ਤੰਬੂ ਲਗਾ ਕੇ ਖਾਲਸੇ ਦੀ ਸਾਜਨਾ ਕੀਤੀ ਗਈ।

**ਗੁਰੂ ਸਾਹਿਬ ਜੀ ਦੀ ਸੋਚ ਦੀ ਤਖਤ ਸਾਹਿਬ ਦੁਆਰਾ ਸੁਗੰਧੀ:-** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਵਿਚ ਪਰਮਾਤਮਾ ਦੇ ਗੁਣਾਂ ਵਰਗੀ ਸੁਗੰਧੀ ਦਾ ਵਾਸਾ ਦੇ ਦਿੱਤਾ ਗਿਆ। ਇਸ ਬਣਤਰ ਨੇ ਗੁਰੂ ਜੀ ਦੀ ਸੋਚ ਮੁਤਾਬਕ ਨਵੀਂ ਅੰਗੜਾਈ ਲੈਂਦੇ ਹੋਏ ਆਪਣੇ ਕਾਰਜ ਅਰੰਭ ਕੀਤੇ ਗਏ। ਆਪੋ-ਆਪਣੇ ਇਲਾਕਿਆਂ ਦੇ ਵਿਚ ਵਾਪਸ ਜਾ ਕੇ ਤੰਬੂ ਰਾਹੀਂ ਖਾਲਸੇ ਦੀ ਬਣਤਰ ਨੂੰ ਹੋਰਾਂ ਵਿਚ ਧਾਰਨ ਕਰਾਉਣਾ ਸ਼ੁਰੂ ਕੀਤਾ ਗਿਆ। ਜਿਸ ਨਾਲ ਨਾਨਕ ਨਾਮ ਲੇਵਾ ਸਿੱਖ ਜਗਤ ਆਪਣੀ ਬਣਤਰ ਤਬਦੀਲ ਕਰਨ ਲੱਗ ਪਿਆ। ਇਸ ਤਰ੍ਹਾਂ ਤੰਬੂ ਰਾਹੀਂ ਕੀਤੀ ਗਈ ਬਣਤਰ ਨੇ ਆਪਣਾ ਸਮੁੱਚਾ

ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ। ਖਾਲਸੇ ਦੇ ਕੇਂਦਰੀ ਅਸਥਾਨ 'ਤੇ ਲਗਾਏ ਗਏ ਤੰਬੂ ਨੇ ਤਖ਼ਤ ਦਾ ਅਸਥਾਨ ਲੈਣਾ ਸ਼ੁਰੂ ਕਰ ਦਿੱਤਾ। ਇਸ ਤੰਬੂ ਦੇ ਅਸਥਾਨ ਨੇ ਹੌਲੀ-ਹੌਲੀ ਆਪਣੀ ਸੁਗੰਧੀ ਦੇਣੀ ਅਰੰਭ ਕਰ ਦਿੱਤੀ। ਇਹ ਤੰਬੂ ਵਾਲਾ ਸਥਾਨ ਹੌਲੀ-ਹੌਲੀ ਤਖਤ ਦਾ ਸਥਾਨ ਲੈ ਗਿਆ ਅਤੇ ਖਾਲਸੇ ਦਾ ਦੂਸਰਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਣ ਲੱਗਾ।

ਇਸ ਸੁਗੰਧੀ ਰਾਹੀਂ ਤਖਤ ਸਾਹਿਬ ਦੀ ਨੀਤੀ ਸਤਿਗੁਰੂ ਜੀ ਦੇ ਵੇਲੇ ਤੋਂ ਹੀ ਨਿਰਧਾਰਿਤ ਹੋ ਗਈ ਸੀ। ਜਿਸ ਅਨੁਸਾਰ ਖਾਲਸਾ ਇੱਕ ਸੁਤੰਤਰ ਕੌਮ ਹੋਵੇਗੀ। ਇਸ ਦਾ ਆਪਣਾ ਸੰਵਿਧਾਨ, ਝੰਡਾ, ਨਗਾਰਾ, ਆਪਣੀਆਂ ਫੌਜਾਂ ਹੋਣਗੀਆਂ। ਖਾਲਸਾ ਫੌਜ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੇਗੀ। ਇਹ ਫੌਜ ਨਾ ਕਿਸੇ ਨੂੰ ਡਰਾਏਗੀ ਅਤੇ ਨਾ ਹੀ ਕਿਸੇ ਤੋਂ ਡਰੇਗੀ। ਜੇਕਰ ਖਾਲਸਾ ਫੌਜ ਨੂੰ ਦਿਖਦਾ ਹੈ ਕਿ ਕੋਈ ਜਰਵਾਣਾ ਕਿਸੇ 'ਤੇ ਜੁਲਮ ਕਰ ਰਿਹਾ ਹੈ ਤਾਂ ਉਹ ਚੁੱਪ ਨਹੀਂ ਬੈਠੇਗੀ। ਖਾਲਸਾ ਫੌਜ ਅਕਾਲ ਪੁਰਖ ਦੀ ਫੌਜ ਹੋਵੇਗੀ, ਇਹ ਕਿਸੇ ਦੇ ਅਧੀਨ ਨਹੀਂ ਹੋਵੇਗੀ, ਕੇਵਲ ਅਕਾਲ ਪੁਰਖ ਦੇ ਅਧੀਨ ਚੱਲੇਗੀ। ਖਾਲਸਾ ਫੌਜ ਕੇਵਲ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸਿੱਖਿਆ 'ਤੇ ਵਿਸ਼ਵਾਸ ਕਰੇਗੀ। ਖਾਲਸਾ ਆਪਣੇ ਗੁਰੂ ਦੁਆਰਾ ਅੰਮ੍ਰਿਤ ਦੀ ਦਾਤ ਰਾਹੀਂ ਪ੍ਰਾਪਤ ਕੀਤੀ ਗਈ ਸ਼ਕਤੀ ਨੂੰ ਅਜਾਈਂ ਨਹੀਂ ਗੁਆਏਗਾ। ਸਰਬੱਤ ਦੇ ਭਲੇ ਦੇ ਕਾਰਜ ਕਰੇਗਾ। ਇਹ ਰਿੱਧੀਆਂ ਸਿੱਧੀਆਂ ਦਾ ਡਰਾਵਾ ਦੇ ਕੇ ਦਹਿਸ਼ਤ ਨਹੀਂ ਪਾਵੇਗਾ।

ਗੁਰੂ ਨਾਨਕ ਸਾਹਿਬ ਜੀ ਨੇ ਸਪੱਸ਼ਟ ਕਰਦੇ ਹੋਏ ਕਿਹਾ ਸੀ ਜੋ ਇਨਸਾਨ ਵਾਹਿਗੁਰੂ ਜੀ ਦਾ ਨਾਮ ਜਪਦਾ ਹੈ ਰਿੱਧੀਆਂ-ਸਿੱਧੀਆਂ ਉਨ੍ਹਾਂ ਦੀਆਂ ਦਾਸੀਆਂ ਹਨ। ਤੁਹਾਡੀਆਂ ਇਹ ਕਰਾਮਾਤਾਂ ਸੰਸਾਰ ਜਾਂ ਕਿਸੇ ਹੋਰ ਦਾ ਹੀ ਨਹੀਂ, ਸਗੋਂ ਤੁਹਾਡਾ ਵੀ ਕੁਝ ਨਹੀਂ ਸੰਵਾਰ ਸਕਦੀਆਂ। ਗੁਰੂ ਜੀ ਉਨ੍ਹਾਂ ਦੇ ਦਿਖਾਏ ਜਾ ਰਹੇ ਚਮਤਕਾਰਾਂ ਤੋਂ ਬਿਲਕੁਲ ਵੀ ਘਬਰਾਏ ਨਹੀਂ ਸਨ। ਕਿਉਂਕਿ ਉਹ ਰਿੱਧੀਆਂ-ਸਿੱਧੀਆਂ ਦੇ ਅਸਰ ਨੂੰ ਜਾਣਦੇ ਸਨ। ਪ੍ਰੰਤੂ ਆਮ ਇਨਸਾਨ ਇਹ ਦੇਖ ਕੇ ਰਿੱਧੀਆਂ-ਸਿੱਧੀਆਂ ਵਾਲੇ ਤੇ ਪ੍ਰਭਾਵਿਤ ਹੋ ਜਾਂਦਾ ਹੈ। ਖਾਲਸੇ ਨੂੰ ਗੁਰੂ ਜੀ ਨੇ ਤੰਬੂ ਦੀ ਬਣਤਰ ਵੇਲੇ ਹੀ ਇਹ ਸਮਝਾ ਦਿੱਤਾ ਸੀ ਕਿ ਖਾਲਸੇ ਦੀ ਪੰਜ ਕੱਕਾਰੀ ਵਰਦੀ 'ਤੇ ਇਨ੍ਹਾਂ ਦਾ ਕੋਈ ਵੀ ਅਸਰ ਨਹੀਂ ਹੋਵੇਗਾ।

ਤਖਤ ਸਾਹਿਬ ਦੀ ਸੁਗੰਧੀ ਦੀ ਅਹਿਮੀਅਤ ਸਾਨੂੰ ਜਲਦੀ ਹੀ ਦੇਖਣ ਨੂੰ ਮਿਲੀ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਵੱਲੋਂ ਝੂਠੀਆਂ ਸਹੁੰਆਂ ਖਾ ਕੇ ਅਤੇ ਮਿੰਨਤਾਂ ਕਰਨ 'ਤੇ ਅਤੇ ਆਪਣੇ ਸਿੱਖਾਂ ਦੇ ਜ਼ੋਰ ਦੇਣ 'ਤੇ ਛੱਡਿਆ ਗਿਆ ਸੀ। ਸ੍ਰੀ ਅਨੰਦਪੁਰ ਸਾਹਿਬ ਤੋਂ ਚਮਕੌਰ ਸਾਹਿਬ ਤਕ ਖਾਲਸੇ ਨੇ ਆਪਣੀ ਅਹਿਮੀਅਤ ਦਾ ਅਹਿਸਾਸ ਵਾਰ-ਵਾਰ ਕਰਾਇਆ। ਚਾਹੇ ਉਹ ਸਰਸਾ ਨਦੀ ਦਾ ਸਥਾਨ ਹੋਵੇ, ਜਿੱਥੇ ਖਾਲਸੇ ਨੇ ਆਪਣੀ ਯੁੱਧ ਨੀਤੀ ਦੇ ਜੌਹਰ ਦਿਖਾਉਂਦੇ ਹੋਏ ਕਿਵੇਂ ਮੱਲਾਂ ਮਾਰੀਆਂ

ਸਨ। ਇਸੇ ਖਾਲਸੇ ਨੇ ਚਮਕੌਰ ਦੀ ਧਰਤੀ ’ਤੇ ੧੦ ਲੱਖ ਫੌਜ ਨੂੰ ਕੇਵਲ ੪੦ ਸਿੰਘਾਂ ਨਾਲ ਲੋਹੇ ਦੇ ਚਨੇ ਚਬਾ ਦਿੱਤੇ, ਇਸ ਮੁਸ਼ਕਲ ਸਮੇਂ ਖਾਲਸੇ ਨੇ ਚੜ੍ਹਦੀ ਕਲਾ ਰੱਖਣ ਲਈ ਤਖਤ ਸਾਹਿਬ ਦੀ ਸੁਗੰਧੀ ਫੈਲਾਉਂਦੇ ਹੋਏ ਪੰਜ ਪਿਆਰਿਆਂ ਨੇ ਪੰਥਕ ਫੈਸਲੇ ਲੈਂਦੇ ਹੋਏ ਆਪਣੇ ਗੁਰੂ ਤਕ ਨੂੰ ਸੇਧ ਦਿੰਦੇ ਹੋਏ ਕਿਲ੍ਹੇ ਵਿੱਚੋਂ ਜਾਣ ਦਾ ਹੁਕਮ ਤਕ ਕਰ ਦਿੱਤਾ ਸੀ। ਇਸੇ ਸੁਗੰਧੀ ਨੂੰ ਹੋਰ ਵਧਾਉਂਦੇ ਹੋਏ ਇੱਕ ਪਿਤਾ ਆਪਣੇ ਸਾਹਮਣੇ ਆਪਣੇ ਪੁੱਤਰ ਅਤੇ ਖਾਲਸਾ ਨਾਦੀ ਪੁੱਤਰ ਸ਼ਹੀਦ ਕਰਾ ਕੇ ਜੈਕਾਰੇ ਲਾਉਂਦਾ ਹੋਇਆ ਵਾਹਿਗੁਰੂ ਜੀ ਦਾ ਸ਼ੁਕਰ ਕਰ ਰਿਹਾ ਹੈ। ਇੱਥੇ ਹੀ ਬੀਬੀ ਹਰਸ਼ਰਨ ਕੌਰ ਚੜ੍ਹਦੀ ਕਲਾ ਵਿਚ ਸ਼ਹੀਦਾਂ ਦਾ ਸਸਕਾਰ ਕਰ ਕੇ ਸ਼ਹੀਦੀ ਪ੍ਰਾਪਤ ਕਰਦੀ ਹੈ। ਤਖਤ ਸਾਹਿਬ ਦੀ ਸੁਗੰਧੀ ਦੀ ਅਹਿਮੀਅਤ ਸਾਨੂੰ ਸਰਹਿੰਦ ਦੀ ਧਰਤੀ ’ਤੇ ਮਾਤਾ ਗੁਜਰੀ ਜੀ (ਗੁਜਰ ਕੌਰ ਜੀ) ਛੋਟੇ ਸਾਹਿਬਜ਼ਾਦੇ, ਭਾਈ ਮੋਤੀ ਰਾਮ ਜੀ ਮਹਿਰਾ ਤੇ ਦੀਵਾਨ ਟੋਡਰ ਮੱਲ ਜੀ ਰਾਹੀਂ ਵੀ ਮਾਣਨ ਨੂੰ ਮਿਲੀ। ਉੱਥੋਂ ਦੇ ਇਤਿਹਾਸ ਤੋਂ ਅਸੀਂ ਭਲੀਭਾਂਤ ਜਾਣੂ ਹਾਂ। ਤਖਤ ਸਾਹਿਬ ਜੀ ਦੀ ਸੁਗੰਧੀ ਬਾਰੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਜੀਵਨ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਉਨ੍ਹਾਂ ਦੇ ਕਾਰਜਾਂ ਨੂੰ ਦੇਖ ਸਕਦੇ ਹਾਂ ਕਿ ਕਿਵੇਂ ਉਨ੍ਹਾਂ ਨੇ ਤੰਬੂ ਦੇ ਸੰਸਥਾਪਕ ਤੋਂ ਥਾਪੜਾ ਲੈਂਦੇ ਹੋਏ ਤਰਥੱਲੀ ਮਚਾ ਦਿੱਤੀ ਸੀ। ਪਹਿਲਾਂ ਵਾਲੇ ਹਾਲਤ ਪਲਟਾ ਕੇ ਨਵੇਂ ਹਾਲਤ ਪੈਦਾ ਕਰ ਦਿੱਤੇ ਸਨ। ਇਹ ਸੁਗੰਧੀ ਉਸ ਦੀ ਸ਼ਹੀਦੀ ਤਕ ਆਉਂਦੀ ਰਹੀ ਸੀ। ਇਸ ਤੋਂ ਬਿਨਾਂ ਸਾਡੀ ਅਰਦਾਸ ਵਿਚ ਸ਼ਾਮਲ ਸ਼ਹੀਦ ਸਿੰਘਾਂ-ਸਿੰਘਣੀਆਂ, ਬਾਬਾ ਦੀਪ ਸਿੰਘ ਜੀ ਅਤੇ ਹੋਰ ਸ਼ਹੀਦਾਂ ਵੱਲੋਂ ਤਖਤ ਸਾਹਿਬ ਜੀ ਦੀ ਸੁਗੰਧੀ ਨੂੰ ਵੱਧ ਤੋਂ ਵੱਧ ਫੈਲਾਇਆ ਗਿਆ ਸੀ। ਉਪਰੋਕਤ ਬਹਾਦਰੀ ਦੇ ਕਾਰਨਾਮਿਆਂ ਅਤੇ ਸ਼ਹੀਦੀਆਂ ਨੇ ਖਾਲਸੇ ਦੀ ਅਹਿਮੀਅਤ ਨੂੰ ਸਮੇਂ-ਸਮੇਂ ’ਤੇ ਦਰਸਾਉਂਦੇ ਹੋਏ ਤਖਤ ਸਾਹਿਬ ਜੀ ਦੀ ਸੁਗੰਧੀ ਨੂੰ ਹੋਰ ਵਧਾਇਆ ਹੈ।

ਇਸ ਤਰ੍ਹਾਂ ਖਾਲਸੇ ਦੀ ਨੀਤੀ ਅਤੇ ਅਹਿਮੀਅਤ ਨੇ ਸਮੂਹ ਸੰਸਾਰ ਲਈ ਇੱਕ ਸੰਦੇਸ਼ ਜਾਰੀ ਕਰ ਦਿੱਤਾ ਹੈ। ਇਸ ਸੰਦੇਸ਼ ਨੂੰ ਨਾਨਕ ਨਾਮ ਲੇਵਾ ਸਿੱਖ ਜਗਤ ਵੱਲੋਂ ਸੰਸਾਰ ਦੇ ਕੋਨੇ-ਕੋਨੇ ਵਿਚ ਵੱਸਦੇ ਹੋਏ ਆਪ-ਮੁਹਾਰੇ ਹੀ ਦਿੱਤਾ ਜਾ ਰਿਹਾ ਹੈ। ਕਿਉਂਕਿ ਤੰਬੂ ਦੁਆਰਾ ਦਿੱਤੀ ਗਈ ਬਣਤਰ, ਗੁਰੂ ਸਾਹਿਬ ਜੀ ਦੀ ਸੋਚ ਅਤੇ ਤਖਤ ਸਾਹਿਬ ਜੀ ਦੀ ਸੁਗੰਧੀ ਨਾਲ ਖਾਲਸੇ ਦਾ ਪਹਿਰਾਵਾ ਅਜਿਹਾ ਪ੍ਰਭਾਵ ਪਾਉਂਦਾ ਆ ਰਿਹਾ ਹੈ ਕਿ ਸੰਸਾਰ ਹੌਲੀ-ਹੌਲੀ ਇਸ ਨੂੰ ਗ੍ਰਹਿਣ ਕਰਨ ਲੱਗਾ ਹੈ। ਖਾਲਸੇ ਨੂੰ ਇਸ ਲਈ ਕਾਹਲ ਨਹੀਂ ਕਰਨੀ ਚਾਹੀਦੀ, ਕਿਉਂਕਿ ਗੁਰੂ ਸਾਹਿਬ ਜੀ ਦੀ ਉਪਰੋਕਤ ਸੋਚ ਬਹੁਤ ਮਜ਼ਬੂਤ, ਸੰਸਾਰੀ ਪੱਧਰ ਦੀ, ਮਾਨਵਤਾ ਦੇ ਭਲੇ ਲਈ ਹੈ। ਜਿਸ ਨੂੰ ਕੋਈ ਵੀ ਮੰਨਣ ਤੋਂ ਇਨਕਾਰ ਨਹੀਂ ਕਰੇਗਾ ਪਰੰਤੂ ਇਸ ਲਈ ਸਮਾਂ ਲੱਗਦਾ ਰਹੇਗਾ। ਜਦੋਂ ਤਕ ਸੰਸਾਰ ਇਸ ਨੂੰ ਗ੍ਰਹਿਣ ਕਰੇ ਉਸ ਸਮੇਂ ਤਕ ਖਾਲਸਾ ਖੁਦ ਉਪਰੋਕਤ ਤੰਬੂ ਦੁਆਰਾ ਦਿੱਤੀ ਗਈ ਬਣਤਰ, ਗੁਰੂ ਸਾਹਿਬ ਜੀ ਦੀ ਸੋਚ ਅਤੇ ਤਖਤ ਸਾਹਿਬ ਜੀ ਦੀ ਸੁਗੰਧੀ ਨੂੰ ਖੁਦ ਆਪ ਮਜ਼ਬੂਤੀ ਨਾਲ ਗ੍ਰਹਿਣ ਕਰੇ। ਜਿਸ ਨਾਲ ਇਹ ਆਪਣਾ ਵੀ ਭਲਾ ਕਰੇ ਅਤੇ ਹੋਰਨਾਂ ਦਾ ਵੀ ਭਲਾ ਕਰਨ ਦਾ ਉਪਰਾਲਾ ਕਰੇ। ■

# ਸਭ ਤੋਂ ਵੱਡਾ ਧਰਮ ਕਿਹੜਾ ਹੈ?

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

ਅੱਜ ਸਾਰੇ ਸੰਸਾਰ ਵੱਲ ਝਾਤ ਮਾਰ ਕੇ ਵੇਖੀਏ ਤਾਂ ਸੰਸਾਰ ਵਿਚ ਰਹਿੰਦਾ ਹੋਇਆ ਹਰ ਮਨੁੱਖ ਕਿਸੇ ਨਾ ਕਿਸੇ ਧਰਮ ਨਾਲ ਜ਼ਰੂਰ ਹੀ ਜੁੜਿਆ ਹੋਇਆ ਹੈ। ਜਿੱਥੇ ਸੰਸਾਰ ਵਿਚ ਵਿਚਰਦੇ ਹੋਏ ਬਹੁਤ ਹੀ ਨੇਕ ਅਤੇ ਧਰਮੀ ਪੁਰਸ਼ਾਂ ਨੇ ਆਪੋ ਆਪਣੇ ਧਰਮ ਵਿਚ ਰਹਿ ਕੇ ਮਨੁੱਖਤਾ ਦੀ ਬਹੁਤ ਵੱਡੀ ਸੇਵਾ ਕੀਤੀ ਹੈ, ਉੱਥੇ ਕਈ ਭੇਖੀ ਮਨੁੱਖਾਂ ਨੇ ਧਰਮ ਦੇ ਨਾਮ 'ਤੇ ਦੁਨੀਆ ਵਿਚ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰ ਕੇ ਸੰਸਾਰ ਵਿਚ ਬਹੁਤ ਵੱਡੇ ਪਾੜੇ ਵੀ ਪਾ ਦਿੱਤੇ ਹਨ। ਸੋ ਸੰਸਾਰ ਵਿਚ ਰਹਿੰਦੇ ਹੋਏ ਹਰ ਮਨੁੱਖ ਨੂੰ ਕਿਸੇ ਵੀ ਧਰਮ ਨੂੰ ਅਪਣਾਉਣ ਤੋਂ ਪਹਿਲਾਂ, ਧਰਮ ਦੀ ਪਰਿਭਾਸ਼ਾ ਨੂੰ ਸਮਝਣਾ ਅਤਿ ਜ਼ਰੂਰੀ ਹੈ। ਇਸੇ ਪ੍ਰਥਾਇ ਹੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਵਿਚ ਧਰਮ ਦੀ ਅਸਲ ਪਰਿਭਾਸ਼ਾ ਦਾ ਮਹਾਨ ਉਪਦੇਸ਼ ਦਿੱਤਾ ਹੈ, ਫੁਰਮਾਨ ਹੈ:

*ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੬)*

ਮਹਾਨ ਸਤਿਗੁਰੂ ਜੀ ਆਪਣੇ ਇਸ ਪਵਿੱਤਰ ਉਪਦੇਸ਼ ਰਾਹੀਂ ਫੁਰਮਾਅ ਰਹੇ ਹਨ ਕਿ ਪਿਆਰਿਓ, ਸਭ ਤੋਂ ਵੱਡਾ ਧਰਮ ਤਾਂ ਉਹ ਹੀ ਹੁੰਦਾ ਹੈ, ਜਿਸ ਧਰਮ ਨੂੰ ਮੰਨਣ ਵਾਲੇ ਸਭ ਮਨੁੱਖ ਰੱਬੀ ਨਾਮ ਦਾ ਸਿਮਰਨ ਕਰਦੇ ਹਨ ਅਤੇ ਰੱਬੀ ਨਾਮ ਦੇ ਸਿਮਰਨ ਕਰਨ ਦੇ ਨਾਲ ਨਾਲ ਦੁਨੀਆ ਵਿਚ ਵਿਚਰਦੇ ਸਮੇਂ ਮਨੁੱਖਤਾ ਦੇ ਭਲੇ ਲਈ ਬਹੁਤ ਹੀ ਨੇਕ ਅਤੇ ਸ਼ੁਭ ਕਰਮ ਕਰਦੇ ਰਹਿੰਦੇ ਹਨ। ਸੋ ਪਿਆਰਿਓ, ਇਸ ਮਹਾਨ ਅਤੇ ਪਿਆਰੇ ਉਪਦੇਸ਼ ਰਾਹੀਂ ਮਹਾਨ ਸਤਿਗੁਰੂ ਜੀ ਨੇ ਧਰਮ ਦੀਆਂ ਦੋ ਪਰਿਭਾਸ਼ਾਵਾਂ ਸਾਡੇ ਸਨਮੁਖ ਰੱਖੀਆਂ ਹਨ। ਪਹਿਲੀ- ਧਰਮੀ ਮਨੁੱਖ ਵੱਲੋਂ ਰੱਬੀ ਨਾਮ ਦਾ ਸਿਮਰਨ ਕਰਦੇ ਰਹਿਣਾ ਅਤੇ ਦੂਜੀ- ਨਾਮ ਜਪਣ ਵਾਲੇ ਧਰਮੀ ਮਨੁੱਖ ਵੱਲੋਂ ਦੁਨੀਆ ਵਿਚ ਵਿਚਰਦੇ ਸਮੇਂ ਹਰ ਵਕਤ ਨੇਕ ਅਤੇ ਸ਼ੁਭ ਕੰਮ ਕਰਦੇ ਰਹਿਣਾ। ਪਰ ਸਿਆਣਿਆਂ ਦੇ ਕਥਨ ਮੁਤਾਬਕ ਇਹ ਨਾ ਹੋਵੇ ਕਿ, "ਮੂੰਹ ਮਹਿ ਰਾਮ ਰਾਮ, ਬਗਲ ਮਹਿ ਛੁਰੀ" ਸੋ ਐਸਾ ਨਾ ਹੋਵੇ ਕਿ ਮਨੁੱਖ ਦੁਨੀਆ ਵਿਚ ਵਿਚਰਦਾ ਹੋਇਆ, ਕਿਸੇ ਵੀ ਧਰਮ ਦਾ ਚੋਲ਼ਾ ਪਹਿਨ ਕੇ ਆਪਣੇ ਮੂੰਹ ਵਿੱਚੋਂ "ਰਾਮ ਰਾਮ","ਅੱਲ੍ਹਾ-ਅੱਲ੍ਹਾ","ਵਾਹਿਗੁਰੂ ਵਾਹਿਗੁਰੂ" ਵੀ ਕਰੀ ਜਾਵੇ ਅਤੇ ਦੁਨੀਆ ਵਿਚ ਵਿਚਰਦਾ ਹੋਇਆ ਧਰਮ ਦੇ ਨਾਮ 'ਤੇ ਲੋਭ ਵੱਸ ਹੋ ਕੇ ਠੱਗੀ ਵੀ ਮਾਰੀ ਜਾਵੇ, ਧੀ-ਭੈਣ ਵੱਲ ਮਾੜੀ ਨਿਗਾਹ ਨਾਲ ਵੀ ਵੇਖੀ ਜਾਵੇ ਅਤੇ ਨਿੰਦਿਆ ਚੁਗਲੀ, ਝੂਠ-ਈਰਖਾ ਆਦਿ ਵਰਗੇ ਵੱਡੇ ਅਉਗੁਣਾਂ ਰਾਹੀਂ ਦੁਨੀਆ ਵਿਚ ਇਕ-

** #੨, ਸਰਦਾਰ ਐਵੀਨਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬*

ਦੂਜੇ ਪ੍ਰਤੀ ਨਫ਼ਰਤ ਦਾ ਬੀਜ ਵੀ ਬੀਜੀ ਜਾਵੇ। ਪਿਆਰਿਓ, ਐਸਾ ਭੇਖੀ ਮਨੁੱਖ ਦੁਨੀਆ ਵਿਚ ਧਰਮ ਦੇ ਨਾਮ 'ਤੇ ਬਹੁਤ ਵੱਡਾ ਕਲੰਕ ਹੋ ਜਾਂਦਾ ਹੈ। ਅੱਜ ਦੇ ਜ਼ਮਾਨੇ ਵਿਚ ਜਦੋਂ ਕਿਤੇ ਕਦੇ-ਕਦਾਈਂ ਅਜਿਹੇ ਭੇਖੀ ਮਨੁੱਖ ਦੇ ਘਟੀਆ ਆਚਰਣ ਅਤੇ ਬਹੁਤ ਹੀ ਮੰਦੇ ਕੰਮਾਂ ਬਾਰੇ ਅਖ਼ਬਾਰਾਂ, ਰਸਾਲਿਆਂ, ਟੈਲੀਵਿਜ਼ਨਾਂ ਜਾਂ ਸੰਗਤ ਵਿਚ ਵਿਚਰਦੇ ਸਮੇਂ ਉਨ੍ਹਾਂ ਦੇ ਅਤਿ ਘਟੀਆ ਮਾੜੇ ਜੀਵਨ ਪ੍ਰਤੀ ਕੁਝ ਪੜ੍ਹੀਦਾ, ਸੁਣੀਦਾ ਜਾਂ ਵੇਖੀਦਾ ਹੈ ਤਾਂ ਹਰ ਇਨਸਾਨ ਦਾ ਸਿਰ ਇਕ ਵਾਰੀ ਸ਼ਰਮ ਨਾਲ ਝੁਕ ਜਾਂਦਾ ਹੈ। ਬਹੁਤ ਹੀ ਗਹੁ ਨਾਲ ਵਿਚਾਰ ਕੇ ਵੇਖੋ ਕਿ ਅੱਜ ਸਾਰੇ ਸੰਸਾਰ ਵਿਚ ਜੋ ਵੀ ਇਕ-ਦੂਜੇ ਦੇ ਧਰਮ ਪ੍ਰਤੀ ਵੱਡੀ ਨਫ਼ਰਤ ਪੈਦਾ ਕੀਤੀ ਜਾ ਰਹੀ ਹੈ, ਇਹ ਸਭ ਧਰਮ ਨੂੰ ਮੰਨਣ ਵਾਲੇ ਕੁਝ ਭੇਖੀ ਮਨੁੱਖਾਂ ਨੇ ਹੀ ਨਫ਼ਰਤ ਪੈਦਾ ਕੀਤੀ ਹੈ। ਸੋ ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਸਾਰੀ ਮਨੁੱਖਤਾ ਨੂੰ ਆਪਣੇ ਮਹਾਨ ਪਾਵਨ ਉਪਦੇਸ਼ ਰਾਹੀਂ ਬਹੁਤ ਹੀ ਪਿਆਰ ਨਾਲ ਸਮਝਾਇਆ ਹੈ ਕਿ ਪਿਆਰਿਓ-

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੯)*

ਪਿਆਰਿਓ, ਹਰ ਜੀਵ-ਜੰਤੂ ਅਤੇ ਬਨਸਪਤੀ ਤੋਂ ਲੈ ਕੇ ਹਰ ਮਨੁੱਖ ਰੱਬ ਦੀ ਪਿਆਰੀ ਜੋਤ ਵਿੱਚੋਂ ਹੀ ਪ੍ਰਗਟ ਹੋਇਆ ਹੈ, ਸੋ ਜੇ ਸਾਨੂੰ ਸਾਰਿਆਂ ਨੂੰ ਪੈਦਾ ਕਰਨ ਵਾਲਾ ਇੱਕ ਰੱਬ ਹੀ ਹੈ ਤਾਂ ਇਸ ਧਰਤੀ ਮਾਂ 'ਤੇ ਜਨਮ ਲੈ ਕੇ ਅਸੀਂ ਇਕ-ਦੂਜੇ ਨੂੰ ਧਰਮ ਦੇ ਨਾਮ 'ਤੇ ਨਫ਼ਰਤ ਕਿਉਂ ਕਰ ਰਹੇਂ ਹਾਂ? ਇਸ ਤੋਂ ਸਾਬਤ ਹੁੰਦਾ ਹੈ ਕਿ ਸਾਨੂੰ ਅਜੇ ਧਰਮ ਦੀ ਪਰਿਭਾਸ਼ਾ ਦਾ ਹੀ ਪਤਾ ਨਹੀਂ ਹੈ। ਸੋ ਸਾਨੂੰ ਸਭਨਾਂ ਨੂੰ ਜਿੱਥੇ ਆਪੋ-ਆਪਣੇ ਧਰਮ ਵਿਚ ਬਹੁਤ ਹੀ ਪ੍ਰਪੱਕ ਹੋ ਕੇ ਰਹਿਣਾ ਚਾਹੀਦਾ ਹੈ, ਉੱਥੇ ਦੂਜਿਆਂ ਦੇ ਧਰਮ ਦਾ ਵੱਡਾ ਸਤਿਕਾਰ ਕਰਨਾ ਸਾਡੇ ਲਈ ਅਤਿ ਜ਼ਰੂਰੀ ਹੈ। ਸੋ ਪਿਆਰਿਓ, ਜਦੋਂ ਅਸੀਂ ਹਿੰਦੂ, ਮੁਸਲਿਮ, ਸਿੱਖ ਜਾਂ ਈਸਾਈ ਆਦਿ ਕਿਸੇ ਵੀ ਧਰਮ ਦਾ ਲਿਬਾਸ ਪਹਿਨਦੇ ਹੋਏ, ਹਰ ਇਨਸਾਨ ਵਿੱਚ ਰੱਬੀ ਜੋਤ ਹੀ ਵੇਖਣ ਲੱਗ ਜਾਵਾਂਗੇ ਤਾਂ ਸਾਡੇ ਹਿਰਦੇ ਅੰਦਰ ਇਕ-ਦੂਜੇ ਦੇ ਪ੍ਰਤੀ ਬਹੁਤ ਪਿਆਰ ਪੈ ਜਾਵੇਗਾ ਅਤੇ ਐਸੇ ਧਰਮੀ ਪੁਰਸ਼ਾਂ ਦੀ ਦ੍ਰਿਸ਼ਟੀ ਮਹਾਨ ਸਤਿਗੁਰੂ ਜੀ ਦੇ ਇਸ ਪਾਵਨ ਉਪਦੇਸ਼ ਮੁਤਾਬਕ ਪ੍ਰਗਟ ਹੋ ਜਾਵੇਗੀ:

*ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥*
*ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੭੧)*

ਸੋ ਐਸੀ ਸ਼ੁਭ ਦ੍ਰਿਸ਼ਟੀ ਵਾਲਾ ਧਰਮੀ ਪੁਰਸ਼ ਆਪਣੇ ਧਰਮ ਨੂੰ ਬਹੁਤ ਹੀ ਉਚਾਈਆਂ 'ਤੇ ਲੈ ਜਾਂਦਾ ਹੈ ਅਤੇ ਐਸਾ ਧਰਮੀ ਪੁਰਸ਼ ਜਿਸ ਵੀ ਘਰ, ਮੰਦਰ, ਮਸਜਿਦ, ਗੁਰਦੁਆਰੇ, ਚਰਚ ਜਾਂ ਦੁਨੀਆ ਵਿਚ ਜਿਥੇ ਕਿਤੇ ਵੀ ਵਿਚਰੇਗਾ, ਉਹ ਆਪਣੇ ਧਰਮੀ

ਸੁਭਾਅ ਦੇ ਉੱਚੇ ਅਤੇ ਸੁੱਚੇ ਜੀਵਨ ਸਦਕਾ, ਹਰ ਪਾਸੇ ਗ਼ੁਲਾਬ ਦੇ ਫੁੱਲ ਵਾਂਗੂੰ ਆਪਣੇ ਧਰਮ ਦੀ ਮਹਿਕ ਵੰਡਦਾ ਹੀ ਜਾਵੇਗਾ। ਸੋ ਦਾਸ ਨੇ ਅੱਗੇ ਇਕ ਧਰਮੀ ਇਨਸਾਨ ਦੇ ਜੀਵਨ ਦੇ ਕੁਝ ਲੱਛਣ ਕਿਹੜੇ-ਕਿਹੜੇ ਹੁੰਦੇ ਹਨ। ਇਸ ਬਾਰੇ ਵਿਚਾਰ ਸਾਂਝੇ ਕੀਤੇ ਹਨ:

**ਇਕ ਧਰਮੀ ਇਨਸਾਨ ਦੇ ਜੀਵਨ ਦੇ ਕੁਝ ਲੱਛਣ:**

**੧.** ਧਰਮੀ ਇਨਸਾਨ ਝੂਠ ਨਹੀਂ ਬੋਲਦਾ, ਉਹ ਸਤਿਗੁਰੂ ਜੀ ਦੇ ਪਾਵਨ ਉਪਦੇਸ਼ ਮੁਤਾਬਕ- *ਕੂੜੁ ਬੋਲਿ ਮੁਰਦਾਰੁ ਖਾਇ॥* ਨੂੰ ਸਦਾ ਪੜ੍ਹਦਾ ਹੀ ਰਹਿੰਦਾ ਹੈ, ਉਸ ਨੂੰ ਮਨੁੱਖਾ ਜਨਮ ਦੀ ਵੱਡੀ ਸਮਝ ਪੈ ਜਾਂਦੀ ਹੈ ਕਿ ਝੂਠ ਬੋਲਣਾ, ਇਕ ਮੁਰਦਾ ਖਾਣ ਦੇ ਬਰਾਬਰ ਹੁੰਦਾ ਹੈ।

**੨.** ਧਰਮੀ ਇਨਸਾਨ ਦੇ ਅੰਦਰ ਹਉਮੈਂ-ਹੰਕਾਰ ਨਹੀਂ ਹੁੰਦਾ, ਉਸਨੂੰ ਵੱਡੀ ਸਮਝ ਪੈ ਜਾਂਦੀ ਹੈ ਕਿ ਹੰਕਾਰੀ ਮਨੁੱਖ ਵੱਲ ਰੱਬ ਵੀ ਆਪਣੀ ਪਿੱਠ ਕਰ ਲੈਂਦਾ ਹੈ ਕਿਉਂਕਿ ਪਾਵਨ ਗੁਰਬਾਣੀ ਦਾ ਵੱਡਾ ਫੁਰਮਾਨ ਹੈ ਕਿ- *ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥* ਉਹ ਸਦਾ ਨਿਮਰਤਾ ਵਿਚ ਹੀ ਰਹਿੰਦਾ ਹੈ।

**੩.** ਧਰਮੀ ਇਨਸਾਨ ਨੂੰ ਰੱਬ ਦਾ ਡਰ ਹੋਣ ਕਰਕੇ ਉਹ ਦੁਨੀਆ ਵਿਚ ਲੋਭ ਨਹੀਂ ਕਰਦਾ। ਉਹ ਸਤਿਗੁਰੂ ਜੀ ਅੱਗੇ ਹਰ ਵਕਤ ਅਰਦਾਸਾਂ ਹੀ ਕਰਦਾ ਰਹਿੰਦਾ ਕਿ ਸਤਿਗੁਰੂ ਜੀ, ਤੁਸੀਂ ਪਾਵਨ ਗੁਰਬਾਣੀ ਵਿਚ ਉਪਦੇਸ਼ ਦਿੱਤਾ ਹੈ ਕਿ- *ਲੋਭ ਲਹਰਿ ਅਤਿ ਨੀਝਰ ਬਾਜੈ॥ ਕਾਇਆ ਡੂਬੈ ਕੇਸਵਾ॥* ਉਹ ਰੱਬ ਅੱਗੇ ਵਾਰ-ਵਾਰ ਅਰਦਾਸਾਂ ਕਰਦਾ ਹੈ ਕਿ ਰੱਬਾ, ਮੈਂ ਸੰਸਾਰ ਦੇ ਲੋਭ ਰੂਪੀ ਅਗਨ ਸਾਗਰ ਵਿਚ ਡੁਬ ਸਕਦਾ ਹਾਂ, ਮੈਨੂੰ ਆਪਣੀ ਮਿਹਰ ਸਦਕਾ ਬਚਾ ਲਵੋ ਜੀ।

**੪.** ਧਰਮੀ ਇਨਸਾਨ ਕਦੇ ਵੀ ਕਿਸੇ ਦਾ ਹੱਕ ਨਹੀਂ ਮਾਰਦਾ ਕਿਉਂਕਿ ਉਹ ਧਰਮੀ ਇਨਸਾਨ ਸਤਿਗੁਰੂ ਜੀ ਦੀ ਪਾਵਨ ਬਾਣੀ ਦੇ ਪਾਵਨ ਉਪਦੇਸ਼ ਤੇ ਸਦਾ ਅਮਲ ਕਰਨ ਦਾ ਯਤਨ ਕਰਦਾ ਹੀ ਰਹਿੰਦਾ ਹੈ ਕਿ- *ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥* ਸੋ ਇਕ ਧਰਮੀ ਇਨਸਾਨ ਕਦੇ ਵੀ ਕਿਸੇ ਦਾ ਪਰਾਇਆ ਹੱਕ ਨਹੀਂ ਖਾਂਦਾ, ਕਿਉਂਕਿ ਮੁਸਲਮਾਨ ਲਈ ਉਹ ਸੂਅਰ ਅਤੇ ਹਿੰਦੂ ਲਈ ਇਕ ਗਾਂ ਖਾਣ ਦੇ ਬਰਾਬਰ ਹੁੰਦਾ ਹੈ ਭਾਵ ਕਿ ਸਤਿਗੁਰੂ ਜੀ ਸਾਰੀ ਖਲਕਤ ਨੂੰ ਹੁਕਮ ਕਰਦੇ ਹਨ ਕਿ ਪਿਆਰਿਓ, ਕਦੇ ਵੀ ਕਿਸੇ ਨਾਲ ਧੋਖਾ-ਫਰੇਬ ਕਰ ਕੇ ਉਸ ਦਾ ਹੱਕ ਨਹੀਂ ਮਾਰਨਾ, ਰੱਬੀ ਦਰਗਾਹ ਵਿਚ ਵੱਡੀ ਸਜ਼ਾ ਮਿਲ ਜਾਵੇਗੀ।

**੫.** ਧਰਮੀ ਇਨਸਾਨ ਦੁਨੀਆ ਵਿਚ ਵਿਚਰਦੇ ਸਮੇਂ ਕਿਸੇ ਦੀ ਵੀ ਝੂਠੀ ਨਿੰਦਿਆ ਨਹੀਂ ਕਰਦਾ, ਉਹ ਸਤਿਗੁਰੂ ਜੀ ਦੇ ਪਾਵਨ ਹੁਕਮ ਮੁਤਾਬਕ- *ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥* ਉਸ ਨੂੰ ਵੱਡੀ ਸਮਝ ਪੈ ਜਾਂਦੀ ਹੈ ਕਿ ਇਕ ਵੱਡਾ ਮਹਾਂਮੂਰਖ ਮਨੁੱਖ ਹੀ ਦੂਜਿਆਂ ਦੀ ਝੂਠੀ ਨਿੰਦਾ ਕਰਦਾ ਹੈ ਕਿਉਂਕਿ ਐਸਾ ਮਹਾਂਮੂਰਖ

ਨਿੰਦਕ ਨਿੰਦਾ ਕਰ ਕਰ ਕੇ ਦੂਜਿਆਂ ਦੇ ਜੀਵਨ ਦਾ ਸਦਾ ਗੰਦ ਹੀ ਖਾਈ ਜਾਂਦਾ ਹੈ

**੬.** ਧਰਮੀ ਇਨਸਾਨ ਦੇ ਹਿਰਦੇ ਅੰਦਰ ਸਤ-ਸੰਤੋਖ ਬਹੁਤ ਹੁੰਦਾ ਹੈ, ਉਸ ਨੂੰ ਵੱਡੀ ਸਮਝ ਪੈ ਜਾਂਦੀ ਹੈ ਕਿ- *ਬਿਨਾ ਸੰਤੋਖ ਨਹੀ ਕੋਊ ਰਾਜੈ॥* ਉਹ ਸੰਤੋਖੀ ਹੋਣ ਕਰਕੇ ਰੱਬ ਦਾ ਰਾਜਾ ਪੁੱਤ ਬਣ ਜਾਂਦਾ ਹੈ ਅਤੇ ਸੰਸਾਰ ਵਿਚ ਸਭ ਰੱਬੀ ਪਿਆਰੇ ਉਸ ਨੂੰ ਬਹੁਤ ਸਤਿਕਾਰ ਦੇਣ ਲੱਗ ਪੈਂਦੇ ਹਨ।

**੭.** ਧਰਮੀ ਇਨਸਾਨ ਕਦੇ ਕਿਸੇ ਨੂੰ ਕੌੜੇ ਅਤੇ ਫਿੱਕੇ ਬੋਲ ਬੋਲ ਕੇ ਉਸ ਦਾ ਹਿਰਦਾ ਨਹੀਂ ਦੁਖਾਉਂਦਾ ਕਿਉਂਕਿ ਧਰਮੀ ਇਨਸਾਨ ਰੱਬੀ ਬਾਣੀ ਦੇ ਵੱਡੇ ਉਪਦੇਸ਼- *ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥* ਅਨੁਸਾਰ ਜੀਵਨ ਜਿਊਂਦਾ ਹੈ। ਗੁਰਬਾਣੀ ਸਮਝਾਉਂਦੀ ਹੈ ਕਿ ਪਿਆਰਿਆ, ਜੇ ਤੂੰ ਰਾਮ, ਅੱਲ੍ਹਾ ਵਾਹਿਗੁਰੂ ਜੀ ਨੂੰ ਜਪ ਜਪ ਕੇ ਇਕ ਧਰਮੀ ਇਨਸਾਨ ਬਣਨਾ ਚਾਹੁੰਦਾ ਹੈਂ ਤਾਂ ਕਦੇ ਭੁੱਲ ਕੇ ਵੀ ਕਿਸੇ ਨੂੰ ਮਾੜੇ ਅਤੇ ਕੌੜੇ ਬੋਲ ਬੋਲ ਕੇ ਉਸ ਦਾ ਹਿਰਦਾ ਨਾ ਦੁਖਾਈਂ ਕਿਉਂਕਿ ਹਰ ਇਕ ਦੇ ਹਿਰਦੇ ਅੰਦਰ ਇਕ ਰਾਮ, ਅੱਲ੍ਹਾ, ਵਾਹਿਗੁਰੂ ਜੀ ਹੀ ਵਸਦੇ ਹਨ।

**੮.** ਧਰਮੀ ਇਨਸਾਨ ਸੰਸਾਰ ਵਿਚ ਵਿਚਰਦੇ ਸਮੇਂ ਕਦੇ ਵੀ ਕਿਸੇ ਧੀ-ਭੈਣ ਵੱਲ ਮਾੜੀ ਨਿਗਾਹ ਨਾਲ ਨਹੀਂ ਵੇਖਦਾ, ਉਸ ਨੂੰ ਬਾਣੀ ਦੇ ਪਾਵਨ ਸ਼ਬਦ ਦੀ ਸਮਝ ਹੈ ਕਿ- *ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ* ਐਸਾ ਧਰਮੀ ਇਨਸਾਨ ਆਪ ਤੋਂ ਛੋਟੀ ਨੂੰ ਧੀ, ਬਰਾਬਰ ਦੀ ਨੂੰ ਭੈਣ ਅਤੇ ਆਪ ਤੋਂ ਵੱਡੀ ਨੂੰ ਮਾਂ ਦੇ ਬਰਾਬਰ ਹੀ ਸਮਝਦਾ ਹੈ।

**੯.** ਧਰਮੀ ਇਨਸਾਨ ਦੁਨੀਆ ਵਿਚ ਵਿਚਰਦੇ ਸਮੇਂ ਭਲਾ ਬਹੁਤ ਕਰਦਾ ਹੈ ਅਤੇ ਵੰਡ ਕੇ ਛਕਦਾ ਰਹਿੰਦਾ ਹੈ, ਕਿਉਂਕਿ ਉਸ ਨੇ ਪਾਵਨ ਬਾਣੀ ਦੇ ਉਪਦੇਸ਼ 'ਤੇ ਅਮਲ ਕੀਤਾ ਹੁੰਦਾ ਹੈ ਕਿ- *ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥* ਉਹ ਆਪਣੇ ਕੀਤੇ ਹੋਏ ਕਾਰੋਬਾਰਾਂ, ਨੌਕਰੀ, ਦੁਕਾਨ, ਵਾਹੀ ਆਦਿ ਵਿਚੋਂ ਗੁਰੂ-ਘਰਾਂ ਦੀ ਵੀ ਸੇਵਾ ਕਰਦਾ ਹੈ, ਸੰਗਤ ਦੀ ਵੀ ਬਹੁਤ ਸੇਵਾ ਕਰਦਾ ਹੈ ਅਤੇ ਸਮਾਜ ਵਿਚ ਲੋੜਵੰਦਾਂ, ਬੇਸਹਾਰਾ ਅਤੇ ਗਰੀਬਾਂ ਆਦਿ ਦੀ ਵੀ ਬਹੁਤ ਮਦਦ ਕਰਦਾ ਹੈ, ਇਸੇ ਕਰਕੇ ਰੱਬ ਐਸੇ ਧਰਮੀ ਇਨਸਾਨ ਦੇ ਕਾਰੋਬਾਰਾਂ ਅਤੇ ਕੰਮਾਂ-ਕਾਰਾਂ ਆਦਿ ਵਿਚ ਬਹੁਤ ਬਰਕਤ ਪਾ ਦਿੰਦਾ ਹੈ।

**੧੦.** ਧਰਮੀ ਇਨਸਾਨ ਕਿਸੇ ਵੀ ਧਰਮ ਦਾ ਹੋਵੇ ਉਹ "ਰਾਮ ਰਾਮ","ਅੱਲ੍ਹਾ ਅੱਲ੍ਹਾ","ਵਾਹਿਗੁਰੂ-ਵਾਹਿਗੁਰੂ" ਜੀ ਦਾ ਸਿਮਰਨ ਆਪਣੇ ਮੁਖ ਵਿੱਚੋਂ ਕਰਦਾ ਹੀ ਰਹਿੰਦਾ ਹੈ, ਉਸ ਨੂੰ ਪਾਵਨ ਗੁਰਬਾਣੀ ਨੇ ਸੋਝੀ ਦੇ ਦਿੱਤੀ ਹੈ ਕਿ- *ਹਰਿ ਸਿਮਰਨਿ ਕੀਓ ਸਗਲ ਅਕਾਰਾ॥ ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥* ਉਹ ਹਰ ਰੋਜ਼ ਆਪਣੇ ਆਸਣ 'ਤੇ ਬੈਠ ਕੇ ਜਾਂ ਗੁਰੂ-ਘਰ ਵਿਚ ਬੈਠ ਕੇ ਇਕ ਮਨ ਇਕ ਚਿਤ ਹੋ ਕੇ "ਰਾਮ ਰਾਮ","ਅੱਲ੍ਹਾ ਅੱਲ੍ਹਾ","ਵਾਹਿਗੁਰੂ ਵਾਹਿਗੁਰੂ" ਜੀ ਨੂੰ ਬਹੁਤ ਹੀ ਪਿਆਰ ਨਾਲ ਜਪਦਾ ਹੈ, ਰੱਬ ਦੇ ਸਿਮਰਨ ਦੀ ਦਾਤ ਉਸ ਦੇ ਹਿਰਦੇ ਅੰਦਰ ਹੀ ਪ੍ਰਗਟ ਹੋ ਜਾਂਦੀ ਹੈ। ■

# ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ

*-ਸ. ਰਾਜਿੰਦਰ ਸਿੰਘ ਨੰਨੂਆਂ**

ਇਕ ਅਗੰਮੀ ਅਤੇ ਅਨੂਠਾ ਵਰਤਾਰਾ ਹੈ ਖਾਲਸੇ ਦਾ ਪ੍ਰਗਟ ਹੋਣਾ। ਖਾਲਸਾ ਪ੍ਰਗਟਿਆ ਤਾਂ ਪਰਮਾਤਮਾ ਦੀ ਮੌਜ ਵਿਚ ਪਰ ਖਾਲਸੇ ਨੂੰ ਸਾਜਿਆ ਨੀਲੇ ਦੇ ਸ਼ਾਹ ਅਸਵਾਰ, ਬਾਜਾਂ ਵਾਲੇ ਅਰਸ਼ੀ ਨੂਰ, ਸਰਬੰਸ ਦਾਨੀ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ। ਖਾਲਸੇ ਨੂੰ ਸਾਜਣ ਦਾ ਆਧਾਰ ਤਿਆਰ ਕੀਤਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਦੋਂ ਉਨ੍ਹਾਂ ਨੇ ਸ਼ਬਦ ਉਚਾਰਨ ਕੀਤਾ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੦)*

ਇਸ ਸਿਧਾਂਤ ਦੀ ਪੁਸ਼ਟੀ ਕੀਤੀ ਬਾਣੀ ਦੇ ਬੋਹਿਥ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜਦੋਂ ਉਨ੍ਹਾਂ ਨੇ ਸ਼ਬਦ ਉਚਾਰਨ ਕੀਤਾ ਕਿ:

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੨)*

੧ ਵੈਸਾਖ ੧੭੫੬ ਬਿਕ੍ਰਮੀ ਦੀ ਵੈਸਾਖੀ ਕੋਈ ਆਮ ਘਟਨਾ ਜਾਂ ਵਰਤਾਰਾ ਨਹੀਂ ਸੀ ਬਲਕਿ ਇਸ ਜਗਤ ਵਿਚ ਵਿਚ ਇਕ ਵੱਖਰਾ ਅਲੌਕਿਕ, ਇਤਿਹਾਸਿਕ, ਸਮਾਜਿਕ ਅਤੇ ਧਾਰਮਿਕ ਤੌਰ 'ਤੇ ਇਕ ਵਿਲੱਖਣ ਅਗੰਮੀ ਖੇਡ ਦਸਮੇਸ਼ ਪਿਤਾ ਵੱਲੋਂ ਨੇਪਰੇ ਚੜ੍ਹਾਈ ਜਾਣੀ ਸੀ ਜਿਸ ਦੀ ਨੀਂਹ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿਧਾਂਤਕ ਰੂਪ ਵਿਚ ਰੱਖੀ ਸੀ ਇਹ ਸਿਧਾਂਤ ਦੇ ਤਿੰਨ ਮੁੱਖ ਆਧਾਰ ਸਨ:-

ਪਹਿਲਾ ਆਧਾਰ ਤਾਂ ਪ੍ਰਗਟ ਕੀਤੇ ਜਾਣ ਵਾਲੇ ਖਾਲਸੇ ਦੀ ਮੌਤ ਦੇ ਡਰ ਤੋਂ ਮੁਕਤੀ ਸੀ ਕਿ ਜਿਸ ਨੂੰ ਇਸ ਪ੍ਰੇਮ ਦੇ ਮਾਰਗ 'ਤੇ ਚੱਲਣਾ ਹੈ ਤਾਂ ਉਸ ਨੂੰ ਇਸ ਮਾਰਗ ਵਿਚ ਚੱਲਣ ਲਈ ਸਿਰ ਤਲੀ 'ਤੇ ਰੱਖਣਾ ਹੋਵੇਗਾ ਅਤੇ ਇਸ ਮਾਰਗ 'ਤੇ ਚੱਲਣ ਲਈ ਸਿਰ ਦੇਣ ਲਈ ਤਿਆਰ ਬਰ ਤਿਆਰ ਹੋਣਾ ਹੋਵੇਗਾ ਅਤੇ ਇਸ ਵਿਚ ਕੋਈ ਹਿਚਕਚਾਹਟ ਨਹੀਂ ਹੋਣੀ ਚਾਹੀਦੀ।

ਦੂਜਾ, ਇਸ ਖਾਲਸੇ ਨੂੰ ਪੰਚ ਪ੍ਰਧਾਨੀ ਰੂਪ ਵਿਚ ਸਾਜਣਾ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੀ ਬਾਣੀ ਵਿਚ:

*ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥*

** # ੬੧, ਰਣਜੀਤ ਐਵੇਨਿਊ, ਬੇਲਾ ਰੋਡ, ਰੂਪਨਗਰ-੧੪੦੦੦੧; ਮੋ. ੯੮੫੫੧-੨੬੦੨੨*

*ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩)*

ਦਾ ਉਚਾਰਨ ਕਰ ਕੇ ਪੰਜ ਪ੍ਰਧਾਨੀ ਸੰਕਲਪ ਨੂੰ ਘੜ ਕੇ ਇਹ ਸੰਦੇਸ਼ ਦੇ ਦਿੱਤਾ ਸੀ ਕਿ ਉਨ੍ਹਾਂ ਦੇ ਚਲਾਏ ਇਸ ਧਰਮ ਵਿਚ ਪੰਚ ਹੀ ਪਰਧਾਨ ਹੋਣਗੇ, ਪੰਚ ਦਾ ਹੁਕਮ ਹੀ ਪ੍ਰਵਾਨ ਹੋਵੇਗਾ, ਪੰਚਾਂ ਦਾ ਉਸ ਅਕਾਲ ਪੁਰਖ ਦੀ ਦਰਗਾਹ ਵਿਚ ਮਾਣ ਹੋਵੇਗਾ। ਰਾਜ ਦਰਬਾਰਾਂ ਵਿਚ ਵੀ ਪੰਚ ਹੀ ਸੋਭਦੇ ਹਨ

ਤੀਜਾ ਸੀ, ਸ਼ਬਦ ਦੀ ਟੇਕ ਸ਼ਬਦ ਦੀ ਸਰਬਉੱਚਤਾ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼ਬਦ ਦੇ ਜਾਪ ਨਾਲ ਹੀ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿਧਾਂਤ ਹੀ ਸ਼ਬਦ ਗੁਰੂ ਦਾ ਦਿੱਤਾ ਸੀ:

*ਪਵਨ ਅਰੰਭੁ ਸਤਿਗੁਰ ਮਤਿ ਵੇਲਾ॥*
*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੩)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ੧੭੫੬ ਬਿਕ੍ਰਮੀ ਦੀ ਵੈਸਾਖੀ ਨੂੰ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸਥਾਪਿਤ ਸਿਧਾਂਤਾਂ ਦੀ ਪਾਲਣਾ ਕਰਨ ਅਤੇ ਖਾਲਸਾ ਸਾਜਣ ਸਮੇਂ ਅੰਮ੍ਰਿਤ ਛਕਾਉਣ ਲਈ ਪ੍ਰੇਰਿਤ ਕਰਨ ਲਈ ਸਿੱਖਾਂ ਨੂੰ ਦੂਜੇ ਮਤਾਂ-ਮਤਾਂਤਰਾਂ/ ਧਰਮਾਂ ਦੀ ਤਰ੍ਹਾਂ ਇਸ ਦੇ ਬਦਲੇ ਕੋਈ ਸਵਰਗ ਦੇ ਸੁਪਨੇ ਨਹੀਂ ਦਿਖਾਏ ਗਏ, ਨਾ ਹੀ ਪਰੀਆਂ ਮਿਲਣ ਦਾ ਕੋਈ ਪ੍ਰਲੋਭਣ ਦਿੱਤਾ ਗਿਆ ਤੇ ਨਾ ਹੀ ਬਹਿਸ਼ਤ ਦੀਆਂ ਹੂਰਾਂ ਅਤੇ ਸ਼ਹਿਦ ਜਾਂ ਸ਼ਰਾਬ ਦੀਆਂ ਨਦੀਆਂ ਮਿਲਣ ਦਾ ਕੋਈ ਲਾਲਚ ਦਿੱਤਾ ਗਿਆ। ਅੰਮ੍ਰਿਤ ਛਕਾਉਣ ਲਈ ਕਿਸੇ ਜਾਤ, ਬਰਾਦਰੀ, ਵਰਨ, ਆਸ਼ਰਮ, ਅਮੀਰ, ਰਾਜੇ-ਮਹਾਰਾਜੇ ਜਾਂ ਕਿਸੇ ਖਾਸ ਉੱਚ ਜਾਤੀ ਨੂੰ ਕੋਈ ਵਿਸ਼ੇਸ਼ ਤਵੱਜੋਂ ਨਹੀਂ ਦਿੱਤੀ ਗਈ। ਇਸ ਮੰਤਵ ਲਈ ਕੋਈ ਦੇਵਤੇ ਜਾਂ ਦਾਨਵਾਂ ਦਾ ਸੰਕਲਪ ਵੀ ਨਹੀਂ ਸੀ ਅਤੇ ਗੁਰੂ ਸਾਹਿਬ ਵੱਲੋਂ ਤਿਆਰ ਕੀਤਾ ਅੰਮ੍ਰਿਤ ਕਿਸੇ ਖਾਸ ਜਾਤੀ, ਵਰਨ ਜਾਂ ਸਮੂਹ ਲਈ ਰਾਖਵਾਂ ਵੀ ਨਹੀਂ ਸੀ। ਖਾਲਸਾ ਸਜਣ ਵਾਲਿਆਂ ਨੂੰ ਗੁਰੂ ਸਾਹਿਬ ਵੱਲੋਂ ਦੁਨੀਆ ਦੀ ਬਾਦਸ਼ਾਹਤ ਦੇਣ ਜਾਂ ਉਨ੍ਹਾਂ ਨੂੰ ਮੌਤ ਤੋਂ ਮੁਕਤੀ ਦੇ ਕੇ ਅਮਰ ਹੋ ਜਾਣ ਬਾਰੇ ਕੋਈ ਬਚਨ ਨਹੀਂ ਦਿੱਤਾ ਗਿਆ। ਉਨ੍ਹਾਂ ਨੇ ਆਮ ਵਰਤਾਰੇ ਤੋਂ ਹਟ ਕੇ ਮੌਤ ਤੋਂ ਗੱਲ ਸ਼ੁਰੂ ਕੀਤੀ ਗਈ ਕਿ ਜਿਸ ਨੇ ਆਪਣਾ ਸਿਰ ਗੁਰੂ ਨੂੰ ਦੇਣਾ ਹੈ ਇਸ ਕਸਵੱਟੀ 'ਤੇ ਪੂਰਾ ਉਤਰਣ ਵਾਲਾ ਕੋਈ ਵੀ ਹੋ ਸਕਦਾ ਸੀ ਜਿਸ ਦਾ ਗੁਰੂ ਸਾਹਿਬ 'ਤੇ ਅਕੀਦਾ ਹੋਵੇ। ਇਹ ਪੰਜੇ ਪਿਆਰੇ ਆਮ ਲੋਕਾਂ ਵਿੱਚੋਂ ਸਨ ਅਤੇ ਉਸ ਸਮੇਂ ਦੀਆਂ ਅਖੌਤੀ ਨੀਚ ਕਹੀਆਂ ਜਾਣ ਵਾਲੀਆਂ ਜਾਤੀਆਂ ਨਾਲ ਸੰਬੰਧਿਤ ਸਨ। ਇਨ੍ਹਾਂ ਅਖੌਤੀ ਨੀਚ ਕਹੀਆਂ ਜਾਣ ਵਾਲੀਆਂ ਜਾਤੀਆਂ ਨੂੰ ਮੰਦਰਾਂ ਵਿਚ ਜਾਣ ਦੀ ਮਨਾਹੀ ਸੀ। ਧਰਮ ਦੀ ਵਿੱਦਿਆ ਤੋਂ ਇਨ੍ਹਾਂ ਨੂੰ ਵਾਂਝੇ ਰੱਖਿਆ ਜਾਂਦਾ ਸੀ। ਧਾਰਮਿਕ ਵਿੱਦਿਆ ਪੜ੍ਹਨੀ ਅਤੇ ਪੜ੍ਹਾਉਣੀ ਕੇਵਲ ਇਕ ਹੀ ਬ੍ਰਾਹਮਣ ਜਾਤੀ ਤਕ ਮਹਿਦੂਦ ਸੀ। ਬਸ ਦਸਮੇਸ਼ ਪਿਤਾ ਜੀ ਪਾਸੋਂ ਅੰਮ੍ਰਿਤ ਛਕਣ ਵਾਲੇ ਪੰਜ ਪਿਆਰਿਆਂ ਦੀ ਇੱਕੋ ਇਕ ਵਿਸ਼ੇਸ਼ਤਾ ਸੀ, ਉਹ ਸ੍ਰੀ ਗੁਰੂ

ਮਹਾਰਾਜ ਦੇ ਹੁਕਮ ਅਨੁਸਾਰ ਜੀਵਨ ਜਿਊਣਾ, ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ ਅਤੇ ਗੁਰੂ ਮਹਾਰਾਜ ਜੀ ਦੀ ਇਕ ਆਵਾਜ਼ਪ 'ਤੇ ਆਪਣਾ ਆਪ ਕੁਰਬਾਨ ਕਰ ਦੇਣਾ। ਪਹਾੜੀ ਰਾਜਿਆਂ ਵੱਲੋਂ ਵੀ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਣ ਲਈ ਇਕ ਸ਼ਰਤ ਰੱਖੀ ਗਈ ਸੀ ਕਿ ਅਗਰ ਉਨ੍ਹਾਂ ਨੂੰ ਅਖੌਤੀ ਨੀਚ ਕਹੀਆਂ ਜਾਣ ਵਾਲੀਆਂ ਜਾਤਾਂ ਦੇ ਲੋਕਾਂ ਵਿਚ ਬਿਠਾਉਣ ਦੀ ਬਜਾਇ ਵੱਖਰੇ ਅਤੇ ਉੱਚ ਅਸਥਾਨ ਮੁਹੱਈਆ ਕਰਵਾ ਦਿੱਤੇ ਜਾਣ; ਜਿਸ ਨਾਲ ਉਨ੍ਹਾਂ ਦੀ ਸਰਬਉੱਚਤਾ ਬਰਕਰਾਰ ਰਹੇ ਤਾਂ ਉਹ ਵੀ ਗੁਰੂ ਸਾਹਿਬ ਜੀ ਦੇ ਸਿੱਖ ਬਣ ਸਕਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉੱਚ ਜਾਤੀਆਂ ਦੇ ਰਾਜਿਆਂ ਦੀ ਇਸ ਮੰਗ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਕੇ ਸੰਗਤ ਅਤੇ ਪੰਗਤ ਦੀ ਮਰਯਾਦਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਿਸ ਵਿਚ ਕੋਈ ਊਚ-ਨੀਚ ਦਾ ਕੋਈ ਭੇਦ ਭਾਵ ਹੋ ਸਕਦਾ। ਉਨ੍ਹਾਂ ਲਈ ਇਸ ਸੰਸਾਰ ਨੂੰ *"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ"* ਦਾ ਪੈਗਾਮ ਜ਼ਿਆਦਾ ਮਹੱਤਵਪੂਰਨ ਸੀ ਜਿਸ ਕਰਕੇ ਦਸਮੇਸ਼ ਪਿਤਾ ਜੀ ਨੇ ਉਸ ਸਮੇਂ ਇਹ ਬਚਨ ਕੀਤੇ ਕਿ:

*ਇਨ ਗਰੀਬ ਸਿਖਨ ਕਉ ਦੇਹੂੰ ਪਾਤਸ਼ਾਹੀ,*
*ਯਾਦ ਰੱਖੇਂ ਹਮਰੀ ਗੁਰਿਆਈ॥*

ਇੱਥੇ ਹੀ ਬਸ ਨਹੀਂ, ਗੁਰੂ ਸਾਹਿਬ ਨੇ ਆਪਣੀ ਨਿਮਰਤਾ ਦਰਸਾਉਂਦੇ ਹੋਏ ਅਤੇ ਇਨ੍ਹਾਂ ਗਰੀਬ ਸਿੱਖਾਂ ਨੂੰ ਵਡਿਆਈ ਦਿੰਦੇ ਹੋਏ ਦਸਮ ਬਾਣੀ ਵਿਚ ਫੁਰਮਾਇਆ ਕਿ:

*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ*
*ਨਹੀਂ ਮੋ ਸੋ ਗਰੀਬ ਕਰੋਰ ਪਰੇ॥*

ਸੰਸਾਰ ਭਰ ਵਿਚ ਅਨੇਕਾਂ ਧਰਮਾਂ ਤੇ ਫਿਰਕਿਆਂ ਵਿਚ ਗੁਰੂ-ਚੇਲੇ ਦੀ ਪਰੰਪਰਾ ਜੁਗਾਂ-ਜੁਗਾਂਤਰਾਂ ਤੋਂ ਚਲਦੀ ਆ ਰਹੀ ਹੈ, ਪਰ ਗੁਰੂ ਆਪਣੇ ਚੇਲਿਆਂ ਨੂੰ ਸਿੱਖਿਆ ਦੇਣ ਸਮੇਂ ਕੋਈ ਮੰਤਰ ਜਾਂ ਕੋਈ ਹੋਰ ਆਸ਼ੀਰਵਾਦ ਦੇਣ ਦੇ ਇਵਜ ਵਿਚ ਕੋਈ ਦਕਸ਼ਣਾ ਮੰਗਦੇ ਸਨ ਜੋ ਕਿਸੇ ਵੀ ਰੂਪ ਵਿਚ ਹੋ ਸਕਦੀ ਸੀ, ਪਰ ੧੭੫੬ ਬਿਕ੍ਰਮੀ ਦੀ ਵੈਸਾਖੀ ਨੂੰ ਪਹਿਲੀ ਵਾਰ ਕਿਸੇ ਗੁਰੂ ਨੇ ਆਪਣੇ ਪਿਆਰਿਆਂ ਸਿੱਖਾਂ ਤੋਂ ਸਿਰ ਦੀ ਮੰਗ ਕੀਤੀ ਅਤੇ ਇਸ ਸਿਰ ਦੇ ਬਦਲੇ ਅੰਮ੍ਰਿਤ ਪਿਆਇਆ ਜਾਣਾ ਸੀ। ਅੰਮ੍ਰਿਤ ਬਦਲੇ ਆਪਾ ਕੁਰਬਾਨ ਕਰਨ ਵਰਗੀ ਇੰਨੀ ਵੱਡੀ ਕੀਮਤ ਦੀ ਦੁਨੀਆ ਦੇ ਇਤਿਹਾਸ ਵਿਚ ਕੋਈ ਉਦਾਹਰਨ ਨਹੀਂ ਮਿਲਦੀ।

ਜਦੋਂ ੧੭੫੬ ਬਿਕ੍ਰਮੀ ਨੂੰ ਵੈਸਾਖੀ ਵਾਲੇ ਦਿਨ ਖਾਲਸੇ ਦੀ ਸਾਜਨਾ ਕਰਨ ਲਈ ਇਤਿਹਾਸਿਕ ਹਵਾਲਿਆਂ ਅਨੁਸਾਰ ਭਾਰਤ ਵਰਸ਼ ਵਿਚ ਵੱਖ-ਵੱਖ ਜਗ੍ਹਾ 'ਤੇ ਵੱਸ ਰਹੇ ਸਿੱਖਾਂ ਨੂੰ ਵੈਸਾਖੀ ਦੇ ਇਸ ਅਵਸਰ 'ਤੇ ਆਉਣ ਲਈ ਵਿਸ਼ੇਸ਼ ਸੱਦਾ-ਪੱਤਰ ਭੇਜੇ ਸਨ। ਉਸ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਗਪਗ ੮੦,੦੦੦ ਦੀ ਸੰਗਤ ਦਾ ਭਾਰੀ ਇਕੱਠ ਹੋਇਆ ਸੀ, ਜਿਸ ਵਿਚ ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਸਿਧਾਂਤ ਨੂੰ ਪ੍ਰਤੱਖ ਰੂਪ ਵਿਚ ਵਿਵਹਾਰਕ ਰੂਪ ਵਿਚ ਲਾਗੂ ਕਰਨ ਲਈ ਵਿਲੱਖਣ ਗੁਣਾਂ ਵਾਲਾ ਖਾਲਸਾ ਪ੍ਰਗਟ ਕਰਨ ਲਈ ਅਵਾਜ਼ ਦਿੱਤੀ ਕਿ ਮੈਨੂੰ ਇਕ ਸਿਰ ਦੀ ਲੋੜ ਹੈ, ਹੈ ਕੋਈ ਗੁਰੂ ਦਾ ਪਿਆਰਾ ਜੋ ਆਪਣਾ ਸਿਰ

ਭੇਟ ਕਰ ਸਕੇ? ਜਿਸ ਨਾਲ ਇਕ ਸੰਨਾਟਾ ਪਸਰ ਗਿਆ। ਅਜਿਹੀ ਬੜੀ ਵਚਿੱਤਰ ਮੰਗ ਸੁਣ ਕੇ ਸੰਗਤ ਵਿਚ ਤਰ੍ਹਾਂ ਤਰ੍ਹਾਂ ਦੀ ਘੁਸਰ-ਮੁਸਰ ਸ਼ੁਰੂ ਹੋ ਗਈ। ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਵਾਰ ਫਿਰ ਆਪਣੀ ਮੰਗ ਪੂਰੇ ਜੋਸ਼ ਅਤੇ ਗੜਕਵੀਂ ਅਵਾਜ਼ ਵਿਚ ਦੁਹਰਾਈ। ਫਿਰ ਵੀ ਕੋਈ ਨਾ ਉਠਿਆ, ਪਰ ਜਦੋਂ ਤੀਜੀ ਵਾਰ ਗੁਰੂ ਸਾਹਿਬ ਨੇ ਫਿਰ ਸਿਰ ਦੀ ਮੰਗ ਕੀਤੀ ਤਾਂ ਲਾਹੌਰ ਨਿਵਾਸੀ ਭਾਈ ਦਯਾ ਰਾਮ ਜੀ ਗੁਰੂ ਮਹਾਰਾਜ ਅੱਗੇ ਆਪਣਾ ਸਿਰ ਭੇਟ ਕਰਨ ਅੱਗੇ ਆਏ, ਜਿਨ੍ਹਾਂ ਨੂੰ ਗੁਰੂ ਜੀ ਲਾਗਲੇ ਇਕ ਤੰਬੂ ਵਿਚ ਲੈ ਗਏ ਅਤੇ ਜਦੋਂ ਤੰਬੂ ਵਿੱਚੋਂ ਬਾਹਰ ਨਿਕਲੇ ਤਾਂ ਉਨਾਂ ਦੀ ਕਿਰਪਾਨ ਲਹੂ ਦੀ ਭਿੱਜੀ ਹੋਈ ਸੀ। ਉਨ੍ਹਾਂ ਨੇ ਫਿਰ ਇਕ ਹੋਰ ਸਿਰ ਦੀ ਮੰਗ ਕੀਤੀ ਜਿਸ ਤੇ ਫਿਰ ਹਸਤਨਾਪੁਰ, ਦਿੱਲੀ ਨਿਵਾਸ ਭਾਈ ਧਰਮ ਦਾਸ ਨੇ ਆਪਣਾ ਸਿਰ ਭੇਟ ਕਰਨ ਲਈ ਅੱਗੇ ਆਏ। ਇਸੇ ਤਰ੍ਹਾਂ ਗੁਰੂ ਸਾਹਿਬ ਨੇ ਕੁੱਲ ਪੰਜ ਸਿਰਾਂ ਦੀ ਮੰਗ ਕੀਤੀ, ਜਿਸ ਲਈ ਕ੍ਰਮਵਾਰ ਭਾਈ ਹਿੰਮਤ ਸਿੰਘ ਵਾਸੀ ਜਗਨਨਾਥ ਪੁਰੀ, ਭਾਈ ਮੋਹਕਮ ਸਿੰਘ ਵਾਸੀ ਦਵਾਰਕਾ ਅਤੇ ਭਾਈ ਸਾਹਿਬ ਸਿੰਘ ਵਾਸੀ ਬਿਦਰ ਨੇ ਗੁਰੂ ਜੀ ਨੂੰ ਆਪੋ ਆਪਣੇ ਸਿਰ ਭੇਟ ਕੀਤੇ। ਇਸ ਉਪਰੰਤ ਦਸਮੇਸ਼ ਪਿਤਾ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਖੁਦ ਅੰਮ੍ਰਿਤ ਛਕ ਕੇ ਇਕ ਨਵੀਂ ਪਿਰਤ ਪਾਈ ਅਤੇ 'ਆਪੇ ਗੁਰੂ ਚੇਲਾ' ਦਾ ਨਵਾਂ ਨਿਵੇਕਲਾ ਸਿਧਾਂਤ ਪ੍ਰਚਲਿਤ ਕੀਤਾ। ਅੱਜ ਤਕ ਗੁਰੂ ਕੇਵਲ ਗੁਰੂ ਹੀ ਰਹਿੰਦਾ ਸੀ ਪਰ ਗੁਰੂ ਸਾਹਿਬ ਨੇ ਗੁਰੂ ਚੇਲਾ ਦੇ ਛੋਟ-ਵਡਿਆਈ ਦੇ ਅੰਤਰ ਨੂੰ ਖਤਮ ਹੀ ਨਹੀਂ ਕੀਤਾ ਬਲਕਿ ਆਪਣੇ ਵਿਚ ਅਤੇ ਖਾਲਸੇ ਵਿਚ ਕਿਸੇ ਵੀ ਅੰਤਰ ਨੂੰ ਖਤਮ ਕਰ ਦਿੱਤਾ ਅਤੇ ਖਾਲਸੇ ਨੂੰ ਆਪਣਾ ਰੂਪ ਮੰਨਿਆ:

*ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹੌ ਕਰੌ ਨਿਵਾਸ॥*

ਦਸਮੇਸ਼ ਪਿਤਾ ਨੇ ਆਪਣੇ ਵਿਚ ਅਤੇ ਖਾਲਸੇ ਵਿਚਲੇ ਭੇਦ ਨੂੰ ਹੀ ਖਤਮ ਕਰ ਦਿੱਤਾ ਅਤੇ ਇਕ-ਮਿਕ ਅਭੇਦ ਹੋ ਗਏ ਪਰ ਨਾਲ ਹੀ ਸ਼ਰਤ ਵੀ ਹੈ ਕਿ:

*ਜਬ ਲਗ ਖਾਲਸਾ ਰਹੈ ਨਿਆਰਾ॥*
*ਤਬ ਲਗ ਤੇਜ ਦਿਊਂ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥*

ਜਦੋਂ ਤਕ ਖਾਲਸਾ ਆਪਣਾ ਨਿਆਰਾਪਣ ਕਾਇਮ ਰਖੇਗਾ ਤਦੋਂ ਤਕ ਮੈਂ ਇਨ੍ਹਾਂ ਨੂੰ ਪੂਰੀ ਸਕਤੀ/ਆਸ਼ੀਰਵਾਦ ਦੇਂਦਾ ਰਹਾਂਗਾ ਅਤੇ ਜਦੋਂ ਇਹ ਹੋਰਨਾਂ ਦੀ ਰੀਤ ਨੂੰ ਅਪਣਾਉਣ ਲੱਗ ਜਾਵੇਗਾ ਤਾਂ ਮੈਂ ਇਨ੍ਹਾਂ ਦੀ ਸਾਰ ਨਹੀਂ ਲਵਾਂਗਾ।ਪਰ ਜਦੋਂ ਤਕ ਇਹ ਖਾਲਸਾ ਰਹਿਤ ਵਿਚ ਪੂਰਾ ਹੋਵੇਗਾ ਤਾਂ ਇਹ ਮੇਰਾ ਸਾਹਿਬ ਹੋਵੇਗਾ ਅਤੇ ਮੈਂ ਉਸ ਦਾ ਚੇਲਾ ਹੋਵਾਂਗਾ:

*ਰਹਿਣੀ ਰਹੇ ਸੋਈ ਸਿੱਖ ਮੇਰਾ॥ ਓਹ ਸਾਹਿਬ ਮੈਂ ਉਸਕਾ ਚੇਰਾ॥*
*ਰਹਿਤ ਬਿਨਾ ਨਾ ਸਿੱਖ ਕਹਾਵੈ॥ ਰਹਿਤ ਬਿਨਾ ਦਰ ਚੋਟਾਂ ਖਾਵੈ॥*

**ਚਲਦਾ...**

# ਟੁੱਟੀ ਗੰਢਣ ਵਾਲੀ ਅਦੁੱਤੀ ਜੰਗ ਖਿਦਰਾਣੇ ਦੀ

-ਡਾ. ਜਗਜੀਵਨ ਸਿੰਘ*

ਸੰਮਤ ੧੭੫੬ ਦੀ ਵੈਸਾਖੀ ਵਾਲੇ ਦਿਨ ਇੱਕ ਅਲੌਕਿਕ ਚਮਤਕਾਰ ਵਾਂਗ ਵਾਪਰੇ ਖ਼ਾਲਸੇ ਦੀ ਸਿਰਜਣਾ ਦੇ ਵੱਡੇ ਇਤਿਹਾਸਿਕ ਅਤੇ ਇਨਕਲਾਬੀ ਵਰਤਾਰੇ ਤੋਂ ਬਾਅਦ, ਗੁਰੂ ਨਾਨਕ ਸਾਹਿਬ ਦੇ ਸਾਜੇ 'ਨਿਰਮਲ ਪੰਥ' ਦਾ ਨਿਆਰਾ ਤੇਜ-ਪ੍ਰਤਾਪ ਅਤੇ ਉਜਾਲਾ (ਸੱਚ ਦਾ ਚਾਨਣ) ਜਿਉਂ ਜਿਉਂ ਵੱਧ ਪ੍ਰਕਾਸ਼ਮਾਨ ਹੁੰਦਾ ਗਿਆ ਤਿਉਂ ਤਿਉਂ ਬਾਈ ਧਾਰ ਦੇ ਪਹਾੜੀ ਰਾਜਿਆਂ ਅਤੇ ਮੁਗ਼ਲ ਹਾਕਮਾਂ (ਕੂੜ ਦੀ ਪਾਲਿ) ਦਾ ਦਸਮ ਪਾਤਸ਼ਾਹ ਪ੍ਰਤੀ ਈਰਖ਼ਾਲੂ ਰਵੱਈਆ, ਵਿਰੋਧ ਅਤੇ ਘੇਰਾ ਹੋਰ ਵੱਧ ਤਿੱਖਾ, ਹਮਲਾਵਰ ਅਤੇ ਤੰਗ ਹੁੰਦਾ ਗਿਆ। ਫਲਸਰੂਪ ਸੰਨ ੧੭੦੧ ਈ. ਦੇ ਅੰਤ ਤੋਂ ਲੈ ਕੇ ਸੰਨ ੧੭੦੪ ਈ. ਦੇ ਮਾਰਚ ਮਹੀਨੇ ਤਕ ਦੁਸ਼ਟ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੇ ਵੱਡੇ-ਵੱਡੇ ਭਾੜੇ ਦੇ ਲਸ਼ਕਰਾਂ ਨੇ ਇੱਕਾ-ਦੁੱਕਾ ਛੋਟੀਆਂ-ਮੋਟੀਆਂ ਮੁੱਠਭੇੜਾਂ ਤੋਂ ਇਲਾਵਾ ਥੋੜ੍ਹੇ-ਥੋੜ੍ਹੇ ਅਰਸੇ ਬਾਅਦ ਸਤਿਗੁਰਾਂ ਦੀ ਸਿਰਲੱਥ ਸੂਰਮਿਆਂ ਦੀ ਅਨੋਖੀ ਪਿਆਰ-ਦੀਵਾਨੀ ਮੁੱਠੀ ਭਰ ਫ਼ੌਜ ਨਾਲ, ਸ੍ਰੀ ਅਨੰਦਪੁਰ ਸਾਹਿਬ ਦੇ ਅੰਦਰ ਚਾਰ ਵੱਡੀਆਂ ਲੜਾਈਆਂ ਲੜੀਆਂ। ਇਨ੍ਹਾਂ ਜੰਗਾਂ ਦੀ ਵਿਸ਼ੇਸ਼ਤਾਈ ਇਹ ਰਹੀ ਕਿ ਚੜ੍ਹ ਕੇ ਆਏ ਮੁਗ਼ਲ ਅਤੇ ਪਹਾੜੀ ਫ਼ੌਜਾਂ ਦੇ ਟਿੱਡੀ ਦਲਾਂ ਨੂੰ, ਆਪਣੀ ਵੱਡੀ ਗਿਣਤੀ ਦੇ ਬਾਵਜੂਦ, ਹਰ ਜੰਗ ਵਿਚ ਮੂੰਹ ਦੀ ਖਾਣੀ ਪਈ।

ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀ ਸੈਨਾ ਜਦੋਂ ਯੁੱਧ ਦੇ ਮੈਦਾਨ ਵਿਚ ਸਤਿਗੁਰਾਂ ਹੱਥੋਂ ਹਾਰ ਜਾਂਦੀ ਤਾਂ ਕੋਈ ਪੇਸ਼ ਚਲਦੀ ਨਾ ਵੇਖ ਆਖ਼ਰਕਾਰ ਤਿਲਮਿਲਾ ਕੇ ਉਹ ਅਕਸਰ ਕਈ-ਕਈ ਦਿਨਾਂ ਤਕ ਅਨੰਦਪੁਰ ਸਾਹਿਬ ਨਗਰ ਨੂੰ ਘੇਰ ਕੇ ਬੈਠੀ ਰਹਿੰਦੀ। ਅਜਿਹਾ ਕਰਨ ਪਿੱਛੇ ਉਨ੍ਹਾਂ ਦਾ ਮੰਤਵ ਇਹ ਹੁੰਦਾ ਕਿ ਖ਼ਾਲਸਈ ਫ਼ੌਜ ਨੂੰ ਬਾਹਰੋਂ ਕੋਈ ਜੰਗੀ ਮਦਦ ਖ਼ਾਸ ਕਰਕੇ ਰਸਦ-ਪਾਣੀ ਨਾ ਪਹੁੰਚੇ। ਸਿੱਟੇ ਵਜੋਂ ਭੁੱਖ ਅਤੇ ਪਿਆਸ ਦੇ ਮਾਰੇ ਸਿੰਘਾਂ ਦੇ ਹੌਂਸਲੇ ਪਸਤ ਹੋ ਜਾਣ ਅਤੇ ਉਹ ਆਪਣੇ ਗੁਰੂ ਦਾ ਸਾਥ ਅਰਥਾਤ ਸ੍ਰੀ ਅਨੰਦਪੁਰ ਸਾਹਿਬ ਛੱਡ ਕੇ ਭੱਜ ਜਾਣ। ਤੁਰਕਾਂ ਅਤੇ ਪਹਾੜੀ ਰਾਜਿਆਂ ਦੀ ਇਸ ਕੋਝੀ ਅਤੇ ਘਟੀਆ ਰਣਨੀਤੀ ਨੇ ਭਾਵੇਂ ਪਹਿਲਾਂ ਵੀ ਕੁਝ ਇੱਕ ਜੰਗਾਂ ਦੌਰਾਨ ਗੁਰੂ ਦੇ ਪਿਆਰੇ ਸਿੰਘ ਸੂਰਮਿਆਂ ਦੇ ਸਮਰਪਣ ਭਾਵ, ਜਬਤ, ਸਬਰ, ਸੰਤੋਖ ਅਤੇ ਸਿਦਕ ਦਾ ਕਰੜਾ ਇਮਤਿਹਾਨ ਲਿਆ ਸੀ ਪਰ ਅਨੰਦਪੁਰ ਸਾਹਿਬ ਦੀ ਪੰਜਵੀਂ ਸਭ ਤੋਂ ਵੱਧ ਲੰਮੇਰੀ, ਅਕਾ ਅਤੇ ਥਕਾ ਕੇ ਰੱਖ ਦੇਣ ਵਾਲੀ ਜੰਗ, ਜੋ

* ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਸਰਕਾਰੀ ਕਾਲਜ, ਰੂਪਨਗਰ-੧੪੦੦੦੧; ਮੋ. ੯੯੧੪੩-੦੧੩੨੮ ਈਮੇਲ: jsdeumgc@gmail.com

ਅੰਦਾਜ਼ਨ ਸੰਨ ੧੭੦੪ ਈ. ਦੇ ਮਈ (ਜੇਠ) ਮਹੀਨੇ ਤੋਂ ਅਰੰਭ ਹੋ, ਉਪਰੰਤ ਰੁਕ-ਰੁਕ ਕੇ ਚਲਦੀ ਹੋਈ, ੨੦ ਦਸੰਬਰ, ਸੰਨ ੧੭੦੪ ਈ. (੦੬ ਪੋਹ, ਸੰਮਤ ੧੭੬੧ ਬਿਕ੍ਰਮੀ)[੧] ਅਰਥਾਤ ਸਤਿਗੁਰਾਂ ਦੇ ਅਨੰਦਪੁਰ ਸਾਹਿਬ ਛੱਡਣ ਤਕ ਨਿਰੰਤਰ ਜਾਰੀ ਰਹੀ, ਉਨ੍ਹਾਂ ਦੇ ਸਮਰਪਣ ਭਾਵ, ਪਿਆਰ ਅਤੇ ਸਿੱਖੀ ਸਿੱਦਕ ਨੂੰ ਪਰਖਣ ਵਾਲੀ ਸਭ ਤੋਂ ਵੱਧ ਕਰੜੀ ਪ੍ਰੀਖਿਆ ਸੀ।

ਇਸ ਜੰਗ ਦੇ ਅਰੰਭ ਸਮੇਂ ਸਤਿਗੁਰਾਂ ਦੀ ਹਜ਼ੂਰੀ ਵਿਚ ਹੱਕ-ਸੱਚ ਅਤੇ ਧਰਮ ਲਈ ਆਪਾ ਵਾਰਨ ਵਾਲੇ ਲਗਪਗ ੫੦੦੦ ਸਿਰਲੱਥ ਸਿੰਘ ਸੂਰਮਿਆਂ ਦੀ ਫ਼ੌਜ ਮੌਜੂਦ ਸੀ ਜਦੋਂ ਕਿ ਦੂਜੇ ਪਾਸੇ ਸ੍ਰੀ ਅਨੰਦਪੁਰ ਸਾਹਿਬ ਦੁਆਲੇ ਘੇਰਾ ਘੱਤਣ ਲਈ ਸਮੇਂ ਦੇ ਜ਼ਾਲਮ ਹੁਕਮਰਾਨਾਂ ਦੀ ਹਮਲਾਵਰ ਹੋ ਕੇ ਆਈ ਭਾੜੇ ਦੀ ਮੁਗ਼ਲ ਅਤੇ ਪਹਾੜੀ ਫ਼ੌਜ ਦੀ ਨਫ਼ਰੀ ਲੱਖਾਂ ਵਿਚ ਸੀ ਗਿਣਤੀ ਦੇ ਅਸਾਵੇਂਪਣ ਪੱਖੋਂ ਦੁਨੀਆ ਦੇ ਇਤਿਹਾਸ ਦੀ ਇਹ ਇੱਕ ਬੇਮਿਸਾਲ ਜੰਗ ਸੀ ਜਿਸ ਵਿਚ ਸਿੰਘਾਂ ਦੇ ਸਿਦਕ ਅਤੇ ਜੁਝਾਰੂਪਣ ਦੀ ਅਜੀਬ ਪਰਖ ਹੋਈ। ਇੱਕ ਮਹੀਨੇ ਦਾ ਯੁੱਧ ਜਦੋਂ ਕੋਈ ਫ਼ੈਸਲਾ ਨਾ ਕਰ ਸਕਿਆ ਤਾਂ ਖ਼ਾਲਸੇ ਨੂੰ ਅਕਾਉਣ ਅਤੇ ਥਕਾਉਣ ਦੀ ਰਣਨੀਤੀ ਤਹਿਤ ਦੁਸ਼ਮਣ ਨੇ ਦਮ ਲੈ ਕੇ ਲੜਨਾ ਸ਼ੁਰੂ ਕਰ ਦਿੱਤਾ। ਕਈ-ਕਈ ਦਿਨ ਜੰਗ ਤੋਂ ਬਿਨਾਂ ਬੀਤਣ ਲੱਗੇ ਪਰ ਅਨੰਦਪੁਰ ਸਾਹਿਬ ਦੀ ਘੇਰਾਬੰਦੀ ਦਿਨੋ ਦਿਨ ਵਧੇਰੇ ਮਜ਼ਬੂਤ ਹੁੰਦੀ ਗਈ। ਅਨਾਜ ਦੇ ਜ਼ਖੀਰੇ ਖ਼ਤਮ ਹੋਣ ਲੱਗੇ। ਪਸ਼ੂਆਂ ਲਈ ਚਾਰਾ ਮੁੱਕਣ ਲੱਗਾ। ਘੋੜੇ-ਹਾਥੀ ਭੁੱਖ ਨਾਲ ਮਰਨ ਲੱਗੇ।

ਸਿੰਘ-ਸੂਰਮੇ ਰਾਤ ਸਮੇਂ ਦੁਸ਼ਮਣ ਫ਼ੌਜਾਂ 'ਤੇ ਅਚਾਨਕ ਹਮਲਾ ਕਰ ਕੇ ਅੰਨ ਅਤੇ ਚਾਰਾ ਕਾਫ਼ੀ ਮਿਕਦਾਰ ਵਿਚ ਖੋਹ ਲਿਆਉਂਦੇ ਪਰ ਇਸ ਕਾਰਵਾਈ ਵਿਚ ਵੱਡਾ ਜਾਨੀ ਨੁਕਸਾਨ ਵੀ ਹੋ ਰਿਹਾ ਸੀ। ਲਗਾਤਾਰ ਸ਼ਹੀਦੀਆਂ ਕਾਰਨ ਸਿੰਘ ਸੂਰਮਿਆਂ ਦੀ ਗਿਣਤੀ ਦਿਨੋ-ਦਿਨ ਘੱਟ ਰਹੀ ਸੀ। ਅੱਸੂ ਮਹੀਨੇ ਦੇ ਅਖ਼ੀਰ ਤਕ ਸ੍ਰੀ ਅਨੰਦਪੁਰ ਸਾਹਿਬ ਅੰਦਰ ਲਗਪਗ ੨੦੦੦ ਸਿੰਘ ਸੂਰਮੇ ਹੀ ਬਚੇ ਸਨ। ਇਨ੍ਹਾਂ ਵਿਚਲੇ ਮਾਝੇ ਦੇ ਇਲਾਕੇ ਨਾਲ ਸੰਬੰਧਿਤ ਚਾਲੀ ਸਿੰਘਾਂ ਦੇ ਸਰੀਰ ਜਦੋਂ ਭੁੱਖ-ਤ੍ਰੇਹ ਅਤੇ ਲਗਾਤਾਰ ਜੰਗ ਕਰਨ ਕਰਕੇ ਡਾਢੇ ਨਿਢਾਲ ਅਤੇ ਕਮਜ਼ੋਰ ਪੈ ਗਏ ਤਾਂ ਉਨ੍ਹਾਂ ਦੇ ਮਜ਼ਬੂਤ ਮਨ ਅਤੇ ਇਰਾਦੇ ਵੀ ਵਕਤੀ ਤੌਰ 'ਤੇ ਡੋਲ ਗਏ, ਡਗਮਗਾ ਗਏ। ਕਮਜ਼ੋਰ ਮਨਾਂ ਅੰਦਰ ਸ੍ਰੀ ਅਨੰਦਪੁਰ ਸਾਹਿਬ ਅਰਥਾਤ ਸਤਿਗੁਰਾਂ ਨੂੰ ਛੱਡਣ ਦਾ ਖ਼ਿਆਲ ਭਾਰੂ ਹੋ ਗਿਆ ਪਰ ਇਸ ਨੂੰ ਇਕਦਮ ਉਨ੍ਹਾਂ ਦੀ ਰੂਹ ਦਾ ਹੁੰਗਾਰਾ ਨਾ ਮਿਲਿਆ। ਕਈ ਦਿਨਾਂ ਤਕ ਸਾਰੇ ਦੁਬਿਧਾ ਵਿਚ ਪਏ ਰਹੇ। ਉਪਰੰਤ ਕੋਈ ਪੇਸ਼ ਚੱਲਦੀ ਨਾ ਵੇਖ ਆਖ਼ਰਕਾਰ ਇਕੱਠੇ ਹੋ ਕੇ ਸਤਿਗੁਰਾਂ ਸਨਮੁਖ ਆਏ ਅਤੇ ਗਲ ਵਿਚ ਪੱਲਾ ਪਾ ਕੇ, ਸਿਰ ਨਿਵਾਂ ਕੇ ਖਲੋ ਗਏ। ਕਿਸੇ ਵਿਚ ਕੁਝ ਬੋਲਣ ਦੀ ਹਿੰਮਤ ਨਹੀਂ ਸੀ। ਜਾਣੀਜਾਣ ਸਤਿਗੁਰਾਂ ਕੁਝ ਪਲ਼ ਉਡੀਕਣ ਪਿੱਛੋਂ ਇਸ ਪ੍ਰਕਾਰ ਇਕੱਠੇ ਹੋ ਕੇ

ਆਉਣ ਦਾ ਕਾਰਨ ਪੁੱਛਿਆ ਤਾਂ ਮੋਹਰੀ ਸਿੰਘ (ਮਹਾਂ ਸਿੰਘ) ਨੇ ਅਣਭੋਲ ਬੱਚਿਆਂ ਨਿਆਂਈਂ ਸ਼ਰਮਾਉਂਦਿਆਂ ਅਤੇ ਤਰਲਾ ਲੈਂਦਿਆਂ ਜੋਦੜੀ ਕੀਤੀ- "ਸੱਚੇ ਪਾਤਸ਼ਾਹ ਜੀ, ਅਸਾਂ ਜਾਣਾ ਹੈ, ਸਾਥੋਂ ਹੁਣ ਹੋਰ ਲੜ ਨਹੀਂ ਹੁੰਦਾ।"

ਆਪਣੇ ਨਾਦੀ ਪੁੱਤਰਾਂ (ਖ਼ਾਲਸੇ) ਨੂੰ ਆਪਣੇ ਬਿੰਦੀ ਪੁੱਤਰਾਂ (ਚਾਰ ਸਾਹਿਬਜ਼ਾਦਿਆਂ) ਨਾਲੋਂ ਵੀ ਵੱਧ ਮੁਹੱਬਤ ਕਰਨ ਵਾਲੇ ਸਤਿਗੁਰਾਂ ਲਈ ਇਹ ਪਲ਼ ਬੜੇ ਵੈਰਾਗ ਅਤੇ ਉਦਾਸ ਕਰਨ ਵਾਲੇ ਸਨ। ਕਲਗੀਆਂ ਵਾਲੇ ਪਾਤਸ਼ਾਹ ਨੇ ਵੱਡੇ ਰਹਿਮ ਨਾਲ, ਭੁੱਖ ਹੱਥੋਂ ਹਾਰੇ ਆਪਣੇ ਪਿਆਰੇ ਭੁੱਲੜ ਸ਼ਿਸ਼ਾਂ (ਸਿੰਘਾਂ) ਵੱਲ ਤੱਕਿਆ, ਉਪਰੰਤ ਕੁਝ ਸਮਾਂ ਖ਼ਾਮੋਸ਼ ਰਹਿਣ ਪਿੱਛੋਂ ਭਰੇ ਮਨ ਨਾਲ ਕਿਸੇ ਦੈਵੀ ਉਦਾਸੀ ਵਿਚ ਬਚਨ ਕੀਤਾ, "ਬੇਸ਼ਕ ਚਲੇ ਜਾਓ, ਪਰ ਜਾਂਦੇ ਜਾਂਦੇ ਗੁਰੂ-ਮੁਰੀਦ ਦਾ ਪਿਆਰ ਤੋੜਨ ਦੀ ਯਾਦ ਜਾਂ ਨਿਸ਼ਾਨੀ ਵਜੋਂ ਇੱਕ 'ਬੇ-ਦਾਵਾ' ਸਾਨੂੰ ਲਿਖ ਕੇ ਦੇ ਜਾਵੋ।" ਪਿਆਰ ਦੇ ਅਟੁੱਟ ਬੰਧਨ ਦੀ ਉਚੇਰੀ ਸਮਝ ਅਤੇ ਇਸ ਵਿਚਲੇ ਦਾਅਵੇ, ਅਧਿਕਾਰ, ਅਪਣੱਤ ਅਤੇ ਹੱਕ ਦੇ ਭਾਵਾਂ ਨਾਲ ਲਬਰੇਜ਼ ਸਤਿਗੁਰਾਂ ਦੇ ਇਹ ਅਤਿ ਗਹਿਰੇ ਅਤੇ ਭਾਵਪੂਰਤ ਭਾਵੁਕ ਬੋਲ ਜਿਵੇਂ ਹੀ ਮਹਾਂ ਸਿੰਘ ਦੇ ਕੰਨੀਂ ਪਏ, ਉਸ ਦਾ ਸਾਰਾ ਸਰੀਰ ਪ੍ਰਚੰਡ ਪਿਆਰ ਵਿਲਕਣੀ ਨਾਲ ਕੰਬ ਉੱਠਿਆ, ਥਰਥੱਰਾ ਉਠਿਆ, ਵੈਰਾਗ ਵਿਚ ਆਈ ਰੂਹ ਕੁਰਲਾ ਉਠੀ। ਅਤਿ ਘਬਰਾਏ ਹੋਏ ਨੇ ਨੀਰ ਭਰੀਆਂ ਅੱਖਾਂ ਨਾਲ ਰੋਂਦਿਆਂ, ਗਿੜਗਿੜਾਉਂਦਿਆਂ ਪੁੱਛਿਆ, "ਬੇ-ਦਾਵਾ! ਸੱਚੇ ਪਾਤਸ਼ਾਹ ਕੀ ਪਏ ਆਖਦੇ ਹੋ।" ਘਿੱਗੀ ਬੱਝੀ ਵੇਖ, ਹਜ਼ੂਰ ਪਾਤਸ਼ਾਹ ਨੇ ਪਿਤਾ ਵਾਂਗ ਮਹਾਂ ਸਿੰਘ ਦੀ ਪਿੱਠ 'ਤੇ ਹੱਥ ਫੇਰਿਆ। ਉਪਰੰਤ ਪੂਰੇ ਅਪਣੱਤ ਅਤੇ ਅਧਿਕਾਰ ਭਾਵ ਨਾਲ ਬਚਨ ਕੀਤਾ, "ਪਿਆਰੇ ਖ਼ਾਲਸਾ ਜੀ! ਸਾਡਾ ਕਹਿਣਾ ਹੈ ਕਿ ਤੁਸੀਂ ਸਾਰੇ ਜੀ ਸਦਕੇ ਚਲੇ ਜਾਓ ਪਰ ਜਾਣ ਤੋਂ ਪਹਿਲਾਂ ਗੁਰੂ-ਸ਼ਿਸ਼ ਦੇ ਮੁਕੱਦਸ ਪਿਆਰ-ਸੰਬੰਧ ਨੂੰ ਤੋੜਨ ਅਰਥਾਤ ਪਿਆਰ/ਰਿਸ਼ਤੇ ਦੇ ਦਾਅਵੇ ਨੂੰ ਛੱਡਣ ਦੇ ਨਿਸ਼ਾਨ, ਚਿੰਨ੍ਹ ਜਾਂ ਸਬੂਤ ਵਜੋਂ ਮੈਨੂੰ ਇੱਕ ਕਾਗਜ਼ ਉੱਤੇ ਇਹ ਸ਼ਬਦ ਲਿਖ ਕੇ, ਦਸਤਖ਼ਤ ਕਰ ਕੇ ਦੇ ਜਾਵੋ ਕਿ- "ਅੱਜ ਤੋਂ ਤੁਸੀਂ ਸਾਡੇ ਗੁਰੂ ਨਹੀਂ ਅਤੇ ਅਸੀਂ ਤੁਹਾਡੇ ਸਿੱਖ ਨਹੀਂ।"

ਸਤਿਗੁਰਾਂ ਦੇ ਉਪਰੋਕਤ ਡਾਢੇ ਵੈਰਾਗਮਈ ਅਤੇ ਰਮਜ਼ਮਈ ਬਚਨ ਸੁਣ ਮਹਾਂ ਸਿੰਘ ਅਤੇ ਉਸ ਦੇ ਬਾਕੀ ੩੯ ਮਝੈਲ ਸਾਥੀ ਗਹਿਰੀ ਦਿਲਗੀਰੀ ਅਤੇ ਬੇਗਾਨਗੀ ਦੀ ਅਵਸਥਾ ਵਿਚ ਕੁਝ ਸਮਾਂ ਸੋਚਾਂ ਵਿਚ ਡੁੱਬੇ ਰਹੇ, ਉਪਰੰਤ ਪਤਾ ਨਹੀਂ ਅਕਾਲ ਪੁਰਖ ਪਰਮਾਤਮਾ ਦੇ ਕਿਹੜੇ ਇਲਾਹੀ ਹੁਕਮ ਵਿਚ ਇੱਕ (ਮਹਾਂ ਸਿੰਘ) ਨੇ ਜ਼ਿਗਰਾ ਕਰ ਕੇ ਕਾਗਜ਼ ਉੱਪਰ ਇਹ ਲਫ਼ਜ਼ ਲਿਖੇ, ਫਿਰ ਸਾਰਿਆਂ ਨੇ ਵਾਰੋ-ਵਾਰੀ ਭਰੇ ਮਨਾਂ ਅਤੇ ਕੰਬਦੇ ਹੱਥਾਂ ਨਾਲ ਇਸ ਉੱਪਰ ਆਪਣੇ ਦਸਤਖ਼ਤ ਕੀਤੇ ਅਤੇ ਹਜ਼ੂਰ ਨੂੰ ਦੇ ਕੇ ਚੁੱਪ-ਚਾਪ ਅਨੰਦਪੁਰ ਸਾਹਿਬ ਤੋਂ ਵਿਦਾ ਹੋ ਗਏ। ਮਾਝੇ ਦੇ ਇਲਾਕੇ ਦੇ ੪੦ ਬਹੁਤ ਹੀ ਪਿਆਰੇ ਮੁਰੀਦਾਂ (ਸਿੰਘਾਂ) ਦੁਆਰਾ ਬੇ-ਦਾਵਾ ਦੇ ਕੇ ਤੁਰ ਜਾਣ ਦੀ

ਘਟਨਾ, ਮੁਰੀਦ-ਪਿਆਰ ਵਿੱਚ ਗੁੱਧੇ, ਅਤਿ ਸੁਹਿਰਦ ਅਤੇ ਸੰਵੇਦਨਸ਼ੀਲ ਸਤਿਗੁਰਾਂ ਲਈ, ਨਿਰਸੰਦੇਹ ਇੱਕ ਅਸਹਿ ਸਦਮੇ ਵਾਂਗ ਸੀ ਪਰ ਬਹੁਤ ਹੀ ਵੱਡੇ ਜਿਗਰੇ ਵਾਲੇ ਬਖ਼ਸ਼ਣਹਾਰ ਪਾਤਸ਼ਾਹ ਨੇ ਇਸ ਨੂੰ ਰੱਬੀ ਰਜ਼ਾ ਜਾਣਦਿਆਂ ਚੁੱਪ-ਚਾਪ ਆਪਣੇ ਸੀਨੇ 'ਤੇ ਜਰ ਲਿਆ।

ਦੂਜੇ ਪਾਸੇ ਗੁਰੂ ਦੇ ਮੁਰੀਦਾਂ ਲਈ ਇਹ ਘਟਨਾ ਮੁਕਾਬਲਤਨ ਬਹੁਤ ਜ਼ਿਆਦਾ ਨਾਖ਼ੁਸ਼ਗਵਾਰ ਅਤੇ ਕਸ਼ਟਦਾਇਕ ਸੀ। ਸਤਿਗੁਰਾਂ ਦੇ ਵਿਛੋੜੇ ਨੇ ਉਨ੍ਹਾਂ ਦੇ ਹਿਰਦਿਆਂ ਨੂੰ ਧੁਰ ਅੰਦਰੋਂ ਜ਼ਖ਼ਮੀ ਕਰ ਦਿੱਤਾ ਸੀ। ਉਦਾਸੀ ਅਤੇ ਦਿਲਗੀਰੀ ਦੇ ਭਾਵ ਮਨਾਂ ’ਤੇ ਤਾਰੀ ਸਨ। ਉੱਪਰੋਂ ਗੁਰਾਂ ਦੇ ਵਿਛੋੜੇ ਦੇ ਤਿੱਖੇ ਤੀਰਾਂ ਨਾਲ ਵਿੰਨ੍ਹੇ ਇਹ ਸਿੰਘ ਜਦੋਂ ਆਪੋ-ਆਪਣੇ ਘਰੀਂ ਪਹੁੰਚੇ ਤਾਂ ਸਾਰਾ ਘਟਨਾਕ੍ਰਮ ਪਤਾ ਲੱਗਣ ’ਤੇ ਘਰ ਦੇ ਕਿਸੇ ਜੀਅ ਨੇ ਵੀ ਉਨ੍ਹਾਂ ਦੀ ਕੀਤੀ ਨੂੰ ਚੰਗਾ ਨਾ ਜਾਣਿਆ। ਸਭਨਾਂ ਇਹੋ ਆਖਿਆ ਕਿ ਤੁਸਾਂ ਚੰਗਾ ਨਹੀਂ ਕੀਤਾ। ਘਰਦਿਆਂ ਵਿਸ਼ੇਸ਼ ਕਰਕੇ ਇਸਤਰੀਆਂ ਵੱਲੋਂ ਦਿੱਤੇ ਮਿਹਣਿਆਂ ਨੇ ਉਨ੍ਹਾਂ ਦੇ ਮਨਾਂ ਅੰਦਰ ਕਮਜ਼ੋਰ ਹੋਣ ਤੋਂ ਇਲਾਵਾ ਅਪਰਾਧ-ਭਾਵ, ਸਵੈ-ਗਿਲਾਨੀ ਅਤੇ ਪਛਤਾਵੇ ਦਾ ਐਸਾ ਤਿੱਖਾ ਖੌਰੂ ਪਾਇਆ ਕਿ ਉਨ੍ਹਾਂ ਦੇ ਪਹਿਲਾਂ ਤੋਂ ਹੀ ਉਦਾਸ ਅਤੇ ਦਿਲਗੀਰ ਮਨ ਕੁਰਲਾ ਉਠੇ, ਤੜਫ਼ ਉੱਠੇ। ਸਾਰੇ ਭੁੱਬਾਂ ਮਾਰ-ਮਾਰ ਕੇ ਰੋਏ।

ਜਿਵੇਂ-ਜਿਵੇਂ ਅਨੰਦਪੁਰ ਦੇ ਉਜਾੜੇ, ਪਰਵਾਰ ਵਿਛੋੜੇ, ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ, ਮਾਛੀਵਾੜੇ ਦੇ ਜੰਗਲਾਂ ਵਿਚ ਕਲਗੀਆਂ ਵਾਲੇ ਮਾਹੀ ਦੀ ਵੈਰਾਗਮਈ ਅਵਸਥਾ ਆਦਿ ਦੇ ਦੁਖਦਾਈ ਸਮਾਚਾਰ ਇਨ੍ਹਾਂ ਸਿੰਘਾਂ ਦੇ ਕੰਨੀਂ ਪਏ ਤਿਵੇਂ-ਤਿਵੇਂ ਵਿਛੋੜੇ ਅਤੇ ਪਸ਼ਚਾਤਾਪ ਦਾ ਭਾਵ ਹੋਰ ਪ੍ਰਚੰਡ ਹੁੰਦਾ ਗਿਆ। ਸਮੇਂ ਦੇ ਵੇਗ ਨਾਲ ਸਹਿਜੇ-ਸਹਿਜੇ ਵਿਛੋੜੇ ਦੀ ਪ੍ਰਚੰਡ ਅਗਨ ਨੇ ਜਿੱਥੇ ਇੱਕ ਪਾਸੇ ਸਤਿਗੁਰਾਂ ਪ੍ਰਤੀ ਉਨ੍ਹਾਂ ਦੇ ਪਿਆਰ ਅਤੇ ਵੈਰਾਗ ਨੂੰ ਡਾਢਾ ਨਿਖਾਰ ਦਿੱਤਾ ਉੱਥੇ ਬੇ-ਮੁਖ ਹੋਣ ਦੇ ਗੁਨਾਹ ਦੇ ਸ਼ਿੱਦਤੀ ਅਹਿਸਾਸ ਅਤੇ ਪਛਤਾਵੇ ਦੇ ਨਿਰਮਲ ਹੰਝੂਆਂ ਨਾਲ ਮੁੜ ਤਰੋ-ਤਾਜ਼ਾ ਅਤੇ ਉੱਜਵਲ ਹੋਏ ਉਨ੍ਹਾਂ ਦੇ ਹਿਰਦਿਆਂ ਅੰਦਰ ਸਤਿਗੁਰਾਂ ਨੂੰ ਮਿਲਣ ਦੀ ਤਾਂਘ ਵੀ ਜ਼ੋਰ ਫੜਨ ਲੱਗੀ।

ਸਿੱਖਾਂ ਦੀ ਅੰਤਰ-ਆਤਮਾ ਵਿਚ ਵਾਪਰੇ ਸ਼ੁਧੀਕਰਣ, ਵਿਗਾਸ ਅਤੇ ਇਨਕਲਾਬ ਵਾਲੇ ਏਸ ਬੇਹੱਦ ਸਿਰਜਣਾਤਮਕ ਮਾਹੌਲ ਵਿਚ ਸਤਿਗੁਰਾਂ ਦੇ ਪਿਆਰ ਵਿਚ ਰੰਗੀ ਇੱਕ ਬਹਾਦਰ ਸਿੱਖ ਇਸਤਰੀ ਮਾਈ ਭਾਗੋ (ਮਾਤਾ ਭਾਗ ਕੌਰ) ਦੀ ਉੱਦਮੀ ਬਿਰਤੀ ਅਤੇ ਪ੍ਰਭਾਵਸ਼ਾਲੀ ਪ੍ਰੇਰਨਾ ਨੇ, ਸੋਨੇ ’ਤੇ ਸੁਹਾਗੇ ਵਾਲਾ ਕਾਰਜ ਕੀਤਾ। ਉਸ ਨੇ ਇੱਕ ਪ੍ਰਕਾਰ ਨਾਲ, ਮਾਝੇ ਦੇ ਸਿੱਖਾਂ ਦੀ ਆਪਣੇ ਸਤਿਗੁਰ ਨਾਲੋਂ ਟੁੱਟੀ ਪ੍ਰੀਤ ਨੂੰ ਮੁੜ ਜੋੜਨ ਤੋਂ ਇਲਾਵਾ, ਉਨ੍ਹਾਂ ਨੂੰ ਸਤਿਗੁਰਾਂ ਦੀ ਪਿਆਰ ਭਰੀ ਤੱਕਣੀ ਅਤੇ ਅਪਾਰ ਬਖ਼ਸ਼ਿਸ਼ ਅਰਥਾਤ ਮੁਕਤੀ ਦੀ ਦਾਤ ਦੇ ਹੱਕਦਾਰ ਬਣਾਉਣ ਦਾ ਰਾਹ ਵੀ

ਪੱਧਰਾ ਕੀਤਾ। ਫਲਸਰੂਪ ੪੦ ਸਿੰਘਾਂ ਨੇ ਹੋਈ ਭੁੱਲ ਨੂੰ ਬਖ਼ਸ਼ਾਉਣ ਹਿੱਤ ਸਤਿਗੁਰਾਂ ਨੂੰ ਮਿਲਣ ਅਤੇ ਨਾਲ ਦੀ ਨਾਲ ਜ਼ਾਲਮ ਮੁਗ਼ਲ ਹਕੂਮਤ ਵਿਰੁੱਧ ਵਿੱਢੇ ਸੰਘਰਸ਼ ਵਿਚ, ਉਨ੍ਹਾਂ ਦਾ ਮਰਦੇ ਦਮ ਤਕ ਸਾਥ ਦੇਣ ਦਾ ਦ੍ਰਿੜ੍ਹ ਫ਼ੈਸਲਾ ਕੀਤਾ। ਉਨ੍ਹਾਂ ਨੂੰ ਖ਼ਬਰ ਮਿਲੀ ਕਿ ਕਲਗੀਆਂ ਵਾਲੇ ਮਾਹੀ ਇਨ੍ਹੀਂ ਦਿਨੀਂ ਮਾਲਵੇ ਦੇ ਇਲਾਕੇ ਵਿਚ ਦੀਨੇ ਪਿੰਡ ਠਹਿਰੇ ਹੋਏ ਹਨ ਅਤੇ ਮੁਗ਼ਲ ਫ਼ੌਜ ਬੜੀ ਬੁਰੀ ਤਰ੍ਹਾਂ ਉਨ੍ਹਾਂ ਦੇ ਪਿੱਛੇ ਲੱਗੀ ਹੋਈ ਹੈ, ਕਿਸੇ ਸਮੇਂ ਵੀ ਸ਼ਾਹੀ ਫ਼ੌਜ ਨਾਲ ਉਨ੍ਹਾਂ ਦੇ ਟਾਕਰੇ ਹੋ ਸਕਦੇ ਹਨ। ੪੦ ਸਿੰਘਾਂ ਦੇ ਹਥਿਆਰਬੱਧ ਜਥੇ ਨੇ ਭਾਈ ਮਹਾਂ ਸਿੰਘ ਦੀ ਕਮਾਨ ਹੇਠ ਕਮਰਕੱਸੇ ਕਰ ਕੇ ਅਰਦਾਸ ਕੀਤੀ ਅਤੇ ਫਿਰ ਮਾਝੇ ਦੇ ਇਲਾਕੇ ਤੋਂ ਦੀਨੇ ਪਿੰਡ ਵੱਲ ਕੂਚ ਕਰ ਦਿੱਤਾ।

ਉੱਧਰ ਫ਼ਤਹ ਦੀ ਮਹਾਨ ਇਤਿਹਾਸਿਕ ਚਿੱਠੀ 'ਜ਼ਫ਼ਰਨਾਮਾ' ਦੀ ਰਚਨਾ ਵਾਲੇ ਪਿੰਡ ਦੀਨੇ ਵਿਖੇ ਚੌਧਰੀ ਸ਼ਮੀਰ ਪਾਸ ਆਪਣੀ ਤਕਰੀਬਨ ਸਵਾ ਮਹੀਨੇ ਦੀ ਠਾਹਰ ਦੇ ਆਖ਼ਰੀ ਦਿਨਾਂ ਵਿਚ ਸਤਿਗੁਰਾਂ ਨੂੰ ਆਪਣੇ ਵਸੀਲਿਆਂ ਤੋਂ ਪਤਾ ਲੱਗਾ ਕਿ ਸਰਹਿੰਦ ਦੇ ਜਾਬਰ ਸੂਬੇਦਾਰ ਵਜ਼ੀਰ ਖ਼ਾਨ ਨੂੰ ਉਨ੍ਹਾਂ ਦੇ ਦੀਨੇ ਟਿਕੇ ਹੋਣ ਦੀ ਖ਼ਬਰ ਮਿਲ ਗਈ ਹੈ ਅਤੇ ਉਹ ਉਨ੍ਹਾਂ ਨੂੰ ਹੱਥੋਂ-ਹੱਥੀਂ ਗ੍ਰਿਫ਼ਤਾਰ ਕਰਨ ਦੇ ਮਨਸ਼ੇ ਨਾਲ ਪੰਜ ਹਜ਼ਾਰ ਕੇ ਕਰੀਬ ਘੋੜ ਸਵਾਰ ਫ਼ੌਜ ਲੈ ਕੇ ਦੀਨੇ ਪਿੰਡ ਵੱਲ ਵਧਿਆ ਆ ਰਿਹਾ ਹੈ।

ਪਿਆਰ ਵਾਂਗ ਜੰਗ ਦੀ ਅਨੋਖੀ ਮਰਯਾਦਾ ਦੀ ਪਾਲਣਾ ਨੂੰ ਵੱਡੀ ਮਹੱਤਤਾ ਅਤੇ ਤਵੱਜੋ ਪ੍ਰਦਾਨ ਕਰਨ ਵਾਲੇ ਅਤੇ ਯੁੱਧ-ਨੀਤੀ ਦੇ ਮਾਹਰ ਸਤਿਗੁਰਾਂ ਨੇ ਅਬਾਦੀ ਵਾਲੇ ਇਲਾਕੇ ਵਿਚ ਜੰਗ ਕਰਨਾ ਉੱਚਿਤ ਨਾ ਜਾਣਿਆ। ਜੰਗ ਲਈ ਮਾਲਵੇ ਦੇ ਰੋਹੀ ਬੀਆਬਾਨ ਜੰਗਲ ਵਿਚ ਕਿਸੇ ਖੁਲ੍ਹੀ ਅਤੇ ਢੁੱਕਵੀਂ ਥਾਂ ਦੀ ਤਲਾਸ਼ ਦੇ ਉਚੇਰੇ ਮਕਸਦ ਨੂੰ ਮੁੱਖ ਰੱਖਦਿਆਂ, ਉਨ੍ਹਾਂ ਦੀਨਾ ਪਿੰਡ ਛੱਡਣ ਦਾ ਫ਼ੈਸਲਾ ਕਰ ਲਿਆ। ਦੀਨੇ ਤੋਂ ਚੱਲਣ ਸਮੇਂ ਨੀਲੇ ਬਾਣੇ ਵਿਚ ਸੁਸੱਜਿਤ ਅਤੇ ਹਥਿਆਰਬੱਧ ਹੋ ਕੇ ਘੋੜੇ 'ਤੇ ਅਸਵਾਰ ਕਲਗੀਆਂ ਵਾਲੇ ਪ੍ਰੀਤਮ ਦੇ ਨਾਲ ਭਾਈ ਮਾਨ ਸਿੰਘ ਅਤੇ ਜਾਨ 'ਤੇ ਖੇਡ ਜਾਣ ਵਾਲੇ ਬਹੁਤ ਸਾਰੇ ਨਵੇਂ ਸਜੇ ਅੰਮ੍ਰਿਤਧਾਰੀ ਸਿੰਘ ਸੂਰਮੇ ਵੀ ਘੋੜਿਆਂ 'ਤੇ ਅਸਵਾਰ ਸਨ। ਇਸ ਤੋਂ ਇਲਾਵਾ ਤਨਖ਼ਾਹ 'ਤੇ ਭਰਤੀ ਕੀਤੇ ਬਹੁਤ ਸਾਰੇ ਜੁਆਨ ਤੋੜੇਦਾਰ ਬੰਦੂਕਾਂ, ਸ਼ਸਤਰਾਂ ਅਤੇ ਅਸਲੇ ਸਹਿਤ, ਗੁਰੂ ਜੀ ਦੇ ਹਮ-ਸਫ਼ਰ ਸਨ। ਜਲਾਲ, ਭਗਤਾ ਆਦਿ ਪਿੰਡਾਂ ਵਿੱਚੋਂ ਗੁਜ਼ਰਨ ਉਪਰੰਤ ਗੁਰੂ ਜੀ ਕੋਟ-ਕਪੂਰੇ ਦੀ ਧਰਤੀ 'ਤੇ ਜਾ ਪਹੁੰਚੇ। ਇਸੇ ਸਮੇਂ ਦੌਰਾਨ ਦੂਜੇ ਪਾਸੇ ੪੦ ਮਝੈਲ ਸਿੰਘਾਂ ਅਤੇ ਝਬਾਲ ਦੀ ਮਾਈ ਭਾਗੋ (ਮਾਤਾ ਭਾਗ ਕੌਰ) ਦਾ ਜਥਾ ਜਦੋਂ ਦੀਨੇ ਪਿੰਡ ਪੁੱਜਿਆ ਤਾਂ ਸਤਿਗੁਰੂ ਜੀ ਉੱਥੋਂ ਨਿਕਲ ਚੁੱਕੇ ਸਨ। ਸਤਿਗੁਰਾਂ ਦੇ ਦੀਦਾਰ ਦੀ ਤੀਖਣ ਪਿਆਸ ਨੂੰ ਹਿਰਦੇ ਵਿਚ ਵਸਾ, ਉਹ ਸਤਿਗੁਰਾਂ ਦੇ ਰਾਹਾਂ ਦੀ ਧੂੜ ਉੱਤੇ ਪਿੱਛੇ-ਪਿੱਛੇ ਤੁਰਦੇ ਗਏ ਪਰ ਵੱਖ-ਵੱਖ ਪੜਾਵਾਂ 'ਤੇ ਕਿਤੇ ਵੀ ਸਤਿਗੁਰਾਂ ਦੇ ਨੇੜ੍ਹੇ ਅਤੇ ਸਨਮੁਖ ਹੋਣ ਦਾ ਜਿਗਰਾ

ਨਾ ਜੁਟਾ ਸਕੇ। ਉਹ ਦੂਰੋਂ ਹੀ, ਇੱਕ ਓਹਲੇ ਜਿਹੇ ਵਾਲੀ ਵਿੱਥ ਤੋਂ ਗੁਰੂ ਜੀ ਦਾ ਦੀਦਾਰ ਕਰਦੇ, ਬਲਿਹਾਰੇ ਜਾਂਦੇ ਅਤੇ ਰੋ ਪੈਂਦੇ।

ਉਧਰ ਕੋਟ ਕਪੂਰੇ ਤੋਂ ਅਗਾਂਹ ਸੱਚੇ ਪਾਤਸ਼ਾਹ ਦਾ ਕਾਫ਼ਲਾ ਢਿਲਵਾਂ ਕਲਾਂ, ਜੈਤੋ, ਸੁਨੀਆਰ ਅਤੇ ਰਾਮੇਆਣਾ ਹੁੰਦਾ ਹੋਇਆ ਖਿਦਰਾਣੇ ਵੱਲ ਨੂੰ ਤੁਰ ਪਿਆ। ਰਾਮੇਆਣਾ ਤੋਂ ਤੁਰਨ ਵੇਲੇ ਤਕ ਸਤਿਗੁਰਾਂ ਦੀ ਫ਼ੌਜ ਵਿਚ ਅੰਦਾਜ਼ਨ ਸੌ ਤੋਂ ਵੱਧ ਹੋਰ ਸੱਚੇ-ਸੁੱਚੇ ਬੰਦਗੀ ਵਾਲੇ ਸਿੰਘ (ਸੰਤ-ਸਿਪਾਹੀ/ਯੋਧੇ) ਜੁੜ ਚੁੱਕੇ ਸਨ। ਇਵੇਂ ਕੁੱਲ ਮਿਲਾ ਕੇ ਤੇਗ਼ਾਂ, ਤੀਰ-ਕਮਾਨਾਂ ਅਤੇ ਬੰਦੂਕਾਂ ਨਾਲ ਸਜੇ ਤਕਰੀਬਨ ੫੦੦ ਸ਼ਰਧਾਵਾਨ ਸਿੰਘ ਸੂਰਮਿਆਂ ਦੀ ਘੋੜ-ਸਵਾਰ ਫ਼ੌਜ ਸਤਿਗੁਰਾਂ ਦੀ ਛਤਰ-ਛਾਇਆ/ਕਮਾਨ ਹੇਠ ਮੌਜੂਦ ਸੀ। ਰਾਮੇਆਣਾ ਤੋਂ ਚੱਲ ਕੇ ਜਦੋਂ ਸਤਿਗੁਰਾਂ ਦਾ ਜਥਾ ਖਿਦਰਾਣੇ ਦੀ ਢਾਬ ਵਾਲੇ ਸਥਾਨ 'ਤੇ ਪੁੱਜਾ ਤਾਂ ਜੰਗੀ ਨਜ਼ਰੀਏ ਤੋਂ ਮੁਗ਼ਲਾਂ ਨੂੰ ਕਰਾਰੀ ਟੱਕਰ ਦੇਣ ਹਿੱਤ, ਸਤਿਗੁਰਾਂ ਨੂੰ ਇਹ ਥਾਂ ਡਾਢੀ ਜੱਚ ਗਈ। ਇੰਨੇ ਚਿਰ ਨੂੰ ਸਤਿਗੁਰਾਂ ਨੂੰ ਆਪਣੇ ਖ਼ੁਫ਼ੀਆ-ਤੰਤਰ ਤੋਂ ਇਹ ਕੰਨਸੋਅ ਮਿਲੀ ਕਿ ਵਜ਼ੀਰ ਖ਼ਾਨ ਦੀ ਫ਼ੌਜੀ ਵਹੀਰ ੨-੪ ਕੋਹ ਦੀ ਵਿੱਥ 'ਤੇ ਉਨ੍ਹਾਂ ਦੀ ਪੈੜ ਨੱਪਦੀ ਆ ਰਹੀ ਹੈ। ਮੌਕਾ ਸੰਭਾਲਦਿਆਂ ਗੁਰੂ ਜੀ ਨੇ ਤੁਰੰਤ ਢਾਬ ਅਤੇ ਉਸ ਦੇ ਆਲੇ-ਦੁਆਲੇ ਵਾਲੇ ਸਾਰੇ ਥਾਂ ਦਾ ਬੜੇ ਗਹੁ ਨਾਲ ਜਾਇਜ਼ਾ ਲਿਆ। ਉਪਰੰਤ ਇਸ ਥਾਂ ਦੇ ਅਗਲੇ ਪਾਸੇ ਕੁਝ ਦੂਰੀ 'ਤੇ ਸਥਿਤ ਉੱਚੀ ਟਿੱਬੀ (ਇਹ ਉਹ ਪਵਿੱਤਰ ਇਤਿਹਾਸਿਕ ਸਥਾਨ ਹੈ ਜਿੱਥੇ ਅੱਜਕਲ੍ਹ ਗੁਰਦੁਆਰਾ ਟਿੱਬੀ ਸਾਹਿਬ ਸੁਭਾਇਮਾਨ ਹੈ) 'ਤੇ ਜਾ ਡੇਰਾ ਲਾਇਆ। ਦੁਸ਼ਮਣਾਂ ਨੂੰ ਕਰਾਰੇ ਹੱਥੀਂ ਨਿਪਟਣ ਦੀ ਪੂਰੀ ਮੋਰਚੇਬੰਦੀ ਅਤੇ ਵਿਉਂਤਬੱਧੀ ਕੀਤੀ ਗਈ। ਜਿਸ ਤਹਿਤ ਸਿੰਘਾਂ ਦੇ ਵੱਖ-ਵੱਖ ਜਥੇ ਢਾਬ ਦੇ ਨਾਲ ਲਗਦੀਆਂ ਛੋਟੀਆਂ-ਛੋਟੀਆਂ ਟਿੱਬੀਆਂ ਅਤੇ ਮਿੱਟੀ ਦੀਆਂ ਢੇਰੀਆਂ ਉੱਤੇ ਖੜੇ ਝਾੜਾਂ ਪਿੱਛੇ ਓਟਾਂ ਬਣਾ ਕੇ, ਦੁਸ਼ਮਣ ਦੇ ਆਉਣ ਦੀ ਉਡੀਕ ਵਿਚ, ਸ਼ਹਿ ਲਾ (ਲੁਕ) ਕੇ ਬੈਠ ਗਏ। ਸਾਰੀ ਤਿਆਰੀ ਪਿੱਛੋਂ, ਉੱਚੀ ਟਿੱਬੀ 'ਤੇ ਤਸੱਲੀ ਨਾਲ ਬਿਰਾਜੇ ਸਤਿਗੁਰਾਂ ਨੇ ਧਿਆਨ ਨਾਲ ਵੇਖਿਆ ਕਿ ਏਸ ਥਾਂ ਤੋਂ ਢਾਬ ਦਾ ਪੂਰਾ ਇਲਾਕਾ ਉਨ੍ਹਾਂ ਦੇ ਤੀਰਾਂ ਦੀ ਮਾਰ ਹੇਠਾਂ ਹੈ।

ਏਨੇ ਨੂੰ ਸਤਿਗੁਰਾਂ ਦੀ ਪਿਆਰ-ਡੋਰ ਵਿਚ ਬੱਝਾ ੪੦ ਸਿੰਘਾਂ ਅਤੇ ਮਾਈ ਭਾਗੋ (ਮਾਤਾ ਭਾਗ ਕੌਰ) ਦਾ ਸ਼ਸਤਰਬੱਧ ਜਥਾ ਵੀ ਸਤਿਗੁਰਾਂ ਦੇ ਕਾਫ਼ਲੇ ਦੇ ਮਗਰ-ਮਗਰ ਉੱਥੇ ਆਣ ਅੱਪੜਿਆ। ਸਤਿਗੁਰਾਂ ਵੱਲੋਂ ਕੀਤੀ ਮੋਰਚੇਬੰਦੀ ਵੇਖ ਉਨ੍ਹਾਂ ਨੂੰ ਸਮਝਦਿਆਂ ਦੇਰ ਨਾ ਲੱਗੀ ਕਿ ਵਜ਼ੀਰ ਖ਼ਾਨ ਦੀਆਂ ਫ਼ੌਜਾਂ ਨਾਲ ਅੱਗੋਂ ਟੱਕਰਨ ਅਤੇ ਮਰ-ਮਿੱਟਣ ਦਾ ਢੁੱਕਵਾਂ ਸਮਾਂ ਹੁਣ ਬਿਲਕੁਲ ਨੇੜ੍ਹੇ ਆਣ ਪੁੱਜਾ ਹੈ। ਗੁਰੂ ਦੇ ਪਿਆਰੇ ੪੦ ਸਿਰਲੱਥ ਯੋਧਿਆਂ ਨੇ ਬਿਜਲੀ ਦੀ ਫੁਰਤੀ ਨਾਲ ਢਾਬ ਦੇ ਚੜ੍ਹਦੇ ਪਾਸੇ, ਸੁੱਕੇ ਛੰਭ ਵਾਲੀ ਲੰਮੀ ਬਾਹੀ (ਜਿਸ ਪਾਸਿਉਂ ਵਜ਼ੀਰ ਖ਼ਾਨ ਦੇ ਵਹੀਰ ਦੇ ਹਮਲਾਵਰ ਹੋ ਕੇ ਆਉਣ ਦੀ ਪੂਰੀ-ਪੂਰੀ ਸੰਭਾਵਨਾ ਸੀ) ਨੂੰ ਆਪਣੀ ਰਣ-ਭੂਮੀ ਬਣਾਉਣ ਦਾ

ਫ਼ੈਸਲਾ ਕੀਤਾ। ਸੁੱਕੇ ਛੰਬ ਦੀ ਇਸ ਲੰਮੀ ਬਾਹੀ (ਇਹ ਉਹ ਪਵਿੱਤਰ ਇਤਿਹਾਸਿਕ ਸਥਾਨ ਹੈ ਜਿੱਥੇ ਅੱਜਕਲ੍ਹ ਗੁਰਦੁਆਰਾ 'ਤੰਬੂ ਸਾਹਿਬ' ਸੁਸ਼ੋਭਿਤ ਹੈ)[੨] ਉਪਰ ਪਾਲ ਦੀ ਪਾਲ ਅਨੇਕ ਝਾੜ ਉੱਗੇ ਹੋਏ ਸਨ, ਸਿੰਘਾਂ ਨੇ ਬੜੀ ਸਮਝਦਾਰੀ ਨਾਲ ਇਨ੍ਹਾਂ ਉੱਪਰ ਆਪਣੀਆਂ ਚਾਦਰਾਂ, ਕੁੜਤੇ, ਕਛਹਿਰੇ ਅਤੇ ਹੋਰ ਕੱਪੜੇ ਤਾਣ ਦਿੱਤੇ। ਇਵੇਂ ਕਰਨ ਪਿੱਛੇ ਉਨ੍ਹਾਂ ਦਾ ਮੰਤਵ ਇਹ ਸੀ ਕਿ ਵਜ਼ੀਰ ਖ਼ਾਨ ਇਸ ਥਾਂ ਨੂੰ ਗੁਰੂ ਜੀ ਦੇ ਤੰਬੂ (ਟਿਕਾਣੇ ਵਾਲਾ ਸਥਾਨ) ਸਮਝੇ ਅਤੇ ਯਕੀਨੀ ਤੌਰ 'ਤੇ ਸਿੱਧਾ ਇੱਧਰ ਨੂੰ ਹੀ ਆਵੇ, ਪਿਆਰੇ ਸਤਿਗੁਰਾਂ ਵੱਲ ਕਦਾਚਿਤ ਨਾ ਜਾਵੇ। ਜੇ ਜਾਵੇ ਤਾਂ ਉਨ੍ਹਾਂ ਦੀਆਂ ਲਾਸ਼ਾਂ ਉੱਤੋਂ ਗੁਜ਼ਰ ਕੇ ਹੀ ਜਾਵੇ। ਦਰਅਸਲ ਲੱਕੜ ਵਿਚ ਅੱਗ ਅਤੇ ਫੁੱਲ ਵਿਚ ਖ਼ੁਸ਼ਬੋ ਦੇ ਸਮਾਉਣ ਵਾਂਗ, ਉਨ੍ਹਾਂ ਦੇ ਇਸ ਸੱਚੇ-ਸੁੱਚੇ ਅਤੇ ਬਹੁਤ ਪਿਆਰੇ ਮਕਸਦ ਵਿਚ, ਬੇਮਿਸਾਲ ਸਮਰਪਣ ਅਤੇ ਕੁਰਬਾਨੀ ਦਾ ਜਜ਼ਬਾ ਰਮਿਆ ਹੋਇਆ ਸੀ। ਘੜੀ ਰਣਨੀਤੀ ਅਧੀਨ ਉਹ ਬੰਦੂਕਾਂ ਅਤੇ ਹੋਰ ਸ਼ਸਤਰਾਂ ਨਾਲ ਪੂਰੀ ਤਰ੍ਹਾਂ ਤਿਆਰ ਹੋ ਕੇ, ਝਾੜਾਂ ਦੀ ਓਟ ਵਿਚ ਖਿੱਲਰ ਕੇ ਬੈਠ ਗਏ ਅਤੇ ਫਿਰ ਭੁੱਖੇ ਬਘਿਆੜਾਂ ਅਤੇ ਬਾਜ਼ਾਂ ਵਾਂਗ ਲੱਗੇ ਦੁਸ਼ਮਣ ਫ਼ੌਜ ਨੂੰ ਉਡੀਕਣ।

ਸਤਿਗੁਰਾਂ ਦੇ ਟਿਕਾਣੇ ਦੀ ਭਾਲ ਕਰਦੀ ਵਜ਼ੀਰ ਖ਼ਾਨ ਦੀ ਫ਼ੌਜੀ ਵਹੀਰ ਖੁਲ੍ਹੀ ਹੀ ਵਗੀ ਆ ਰਹੀ ਸੀ। ਜਿਵੇਂ ਹੀ ਉਹ ਮਝੈਲ ਸਿੰਘਾਂ ਦੇ ਛੁਪੇ ਹੋਣ ਵਾਲੀ ਥਾਂ ਕੋਲ ਪਹੁੰਚੀ ਤਾਂ ਉਸ ਨੇ ਉਸ ਥਾਂ ਨੂੰ ਸਤਿਗੁਰਾਂ ਦੀ ਠਾਹਰ ਜਾਣਦਿਆਂ, ਉਨ੍ਹਾਂ ਨੂੰ ਹੱਥੋ-ਹੱਥੀਂ ਪਕੜ ਲੈਣ ਦੇ ਇਰਾਦੇ ਨਾਲ, ਬਿਨਾਂ ਕੋਈ ਯੋਜਨਾ ਉਲੀਕਿਆਂ, ਕਾਹਲੀ ਵਿਚ ਪੈਂਦੀ ਸੱਟੇ ਧਾਵਾ ਬੋਲ ਦਿੱਤਾ। ਮੌਕਾ ਸਾਂਭਦਿਆਂ ਘਾਤ ਲਾ ਕੇ ਬੈਠੇ ਬੇ-ਦਾਵੇ ਵਾਲੇ ੪੦ ਸਿੱਖਾਂ, ਮਾਈ ਭਾਗੋ ਅਤੇ ਉਨ੍ਹਾਂ ਦੇ ਜਥੇ ਵਿਚ ਸ਼ਾਮਲ ਕੁਝ ਹੋਰ ਸੂਰਮਿਆਂ ਨੇ ਦੁਸ਼ਮਣਾਂ ਉੱਪਰ ਨਿਸ਼ਾਨੇ ਬੰਨ੍ਹ ਕੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਇੱਕ ਪਹਿਰ ਤਕ ਗੋਲੀਆਂ ਦੀ ਗੜ੍ਹੇ-ਮਾਰ ਹੁੰਦੀ ਰਹੀ। ਅਚਾਨਕ ਹੋਈ ਗੜ੍ਹੇ-ਮਾਰ (ਵੱਡੇ ਜਾਨੀ ਨੁਕਸਾਨ) ਨਾਲ ਵਜ਼ੀਰ ਖ਼ਾਨ ਦੀ ਫ਼ੌਜ ਵਿਚ ਖਲਬਲੀ ਮੱਚ ਗਈ।

ਦੂਰ ਉੱਚੀ ਟਿੱਬੀ 'ਤੇ ਬੈਠ ਕੇ ਸਾਰਾ ਜੰਗੀ ਨਜ਼ਾਰਾ ਤੱਕ ਰਹੇ ਜਾਣੀ-ਜਾਣ ਪਾਤਸ਼ਾਹ ਜੀ ਨੂੰ ਬੁਝਦਿਆਂ ਦੇਰ ਨਾ ਲੱਗੀ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਾਨੂੰ ਛੱਡ ਕੇ ਚਲੇ ਗਏ ੪੦ ਸਿੱਖ, ਅੱਜ ਦੁਬਾਰਾ ਸਿਰ ਤਲੀ 'ਤੇ ਧਰ, ਮੈਦਾਨ-ਏ-ਜੰਗ ਅੰਦਰ ਆਪਣੇ ਸੂਰਮਤਾਈ ਵਾਲੇ ਅਮਲਾਂ ਨਾਲ ਸਾਨੂੰ ਮਨਾਉਣ ਅਤੇ ਰੀਝਾਉਣ ਆਣ ਪੁੱਜੇ ਹਨ। ਮੱਥੇ 'ਤੇ ਲੱਗੇ ਬੇਮੁਖਤਾਈ ਦੇ ਧੱਬੇ ਨੂੰ ਮਿਟਾਉਣ ਹਿਤ ਅੱਜ ਉਹ ਕੁਝ ਵੀ ਕਰ ਗੁਜ਼ਰਨ ਲਈ ਦ੍ਰਿੜ੍ਹ ਸੰਕਲਪ ਹਨ। ਨਾਦੀ ਪੁੱਤਰਾਂ ਅਰਥਾਤ ਆਪਣੇ ਪਿਆਰੇ ਖ਼ਾਲਸੇ ਦਾ ਪ੍ਰਚੰਡ ਸਮਰਪਣ ਭਾਵ, ਦ੍ਰਿੜ੍ਹ ਨਿਸ਼ਚਾ, ਜੰਗਜੂ ਚਾਓ ਅਤੇ ਕੁਰਬਾਨੀ ਦਾ ਜਜ਼ਬਾ ਵੇਖ ਸਤਿਗੁਰੂ ਜੀ ਵਜਦ ਵਿਚ ਆ ਗਏ। ਸ਼ਿੱਦਤੀ ਮੁਰੀਦ-ਪਿਆਰ ਦੇ ਅਨੋਖੇ ਰੰਗ ਵਿਚ ਰੰਗਿਆਂ ਨੇ ਟਿੱਬੀ ਉੱਤੇ ਖਲੋ ਕੇ ਆਪਣੇ ਤੀਰ-ਕਮਾਨ

ਨਾਲ ਦੁਸ਼ਮਣ ਫ਼ੌਜਾਂ ਉਪਰ ਤੀਰਾਂ ਦੀ ਐਸੀ ਵਰਖਾ ਕੀਤੀ ਕਿ ਪਲਾਂ-ਛਿਣਾਂ ਵਿਚ ਅਨੇਕ ਸੀਨੇ ਲਹੂ-ਲੁਹਾਣ ਹੋ ਗਏ।

ਸਤਿਗੁਰਾਂ ਵੱਲੋਂ ਵਰ੍ਹਾਏ ਤੀਰਾਂ ਦੇ ਮੀਂਹ ਦੀ ਟੁਣਕਾਰ ਤੋਂ ਇਵੇਂ ਜਾਪਿਆ ਜਿਵੇਂ ਉਹ ਆਪਣੇ ਵਿਛੜੇ ਮੁਰੀਦਾਂ ਦੀ ਉਨ੍ਹਾਂ ਨੂੰ ਮੁੜ ਮਿਲਣ ਦੀ ਪ੍ਰਬਲ ਤਾਂਘ/ਕੂਕ-ਪੁਕਾਰ (ਗੋਲੀਆਂ ਦੀ ਅਵਾਜ਼) ਨੂੰ ਆਪਣੇ ਤੀਰਾਂ ਦੀ ਟੁਣਕਾਰ ਦੁਆਰਾ, ਅਨੋਖੇ ਰਮਜ਼ਮਈ ਅੰਦਾਜ਼ ਵਿਚ ਪ੍ਰਵਾਨ-ਪ੍ਰਵਾਨ ਆਖ ਕੇ ਹੁੰਗਾਰਾ ਦੇ ਰਹੇ ਹੋਣ। ਉਤੋਂ ਦੁਪਹਿਰ ਆ ਰਹੀ ਸੀ। ਮੁਝੈਲ ਸਿੰਘਾਂ ਦੀਆਂ ਬੰਦੂਕਾਂ ਦੀਆਂ ਗੋਲੀਆਂ ਬੇਸ਼ਕ ਮੁੱਕ ਚੁੱਕੀਆਂ ਸਨ ਪਰ ਉਨ੍ਹਾਂ ਦੀਆਂ ਗੋਲੀਆਂ ਦੀ ਅਵਾਜ਼ (ਸੱਚੇ ਪਾਤਸ਼ਾਹ ਜੀ ਨੂੰ ਮੁੜ ਮਿਲਣ ਅਤੇ ਉਨ੍ਹਾਂ ਦੀ ਨਜ਼ਰ ਵਿਚ ਪ੍ਰਵਾਨ ਚੜ੍ਹਨ ਦੀ ਤੀਬਰ ਕੂਕ-ਪੁਕਾਰ/ਅਰਜ਼ੋਈ) ਨੂੰ, ਡੂੰਘੇ ਸੰਕੇਤਕ ਪੱਧਰ ’ਤੇ ਤੀਰਾਂ ਦੇ ਮਾਧਿਅਮ ਰਾਹੀਂ, ਸਤਿਗੁਰਾਂ ਦੀ ਪ੍ਰਾਪਤ ਹੋਈ ਪ੍ਰਵਾਨਗੀ, ਸ਼ਾਬਾਸ਼ੀ ਅਤੇ ਤੇਜੱਸਵੀ ਅਸੀਸ ਦੇ ਵੱਡੇ ਰੂਹਾਨੀ ਹੁਲਾਰੇ ਨੇ, ਉਨ੍ਹਾਂ ਵਿਚ ਨਵੀਂ ਰੂਹ ਫੂਕ ਦਿੱਤੀ ਸੀ। ਉਨ੍ਹਾਂ ਜਾਤਾ ਕਿ ਬੰਦੂਕਾਂ ਤੋਂ ਬਾਅਦ ਹੁਣ ਤੇਗ਼ਾਂ ਦਾ ਜਲਵਾ ਵਿਖਾਉਣ ਦਾ ਸਮਾਂ ਆ ਗਿਆ ਹੈ। ਗੁਰੂ-ਪ੍ਰੀਤ ਅਤੇ ਧਰਮ-ਯੁੱਧ ਦੇ ਅਨੋਖੇ ਚਾਅ ਵਿਚ ਮਖ਼ਮੂਰ ਚਾਲੀ ਸੂਰਮੇ ਅਚਾਨਕ ਸ਼ਮਸ਼ੀਰਾਂ ਸੂਤ ਕੇ ਲੁਕਵੀਆਂ ਥਾਵਾਂ ਦੇ ਓਹਲਿਓਂ, ਖੁਲ੍ਹੇ ਮੈਦਾਨ ਵਿਚ ਆਣ ਪ੍ਰਗਟ ਹੋਏ। ਉਪਰੰਤ ਵਾ-ਵਰੋਲੇ ਵਾਂਗ ਦੁਸ਼ਮਣ ਦਲਾਂ ’ਤੇ ਉਦੋਂ ਤਕ ਤੇਗ਼ ਚਲਾਈ, ਜਦੋਂ ਤਕ ਉਹ ਸਾਰੇ ਸ਼ਹੀਦ ਜਾਂ ਸਖ਼ਤ ਜ਼ਖ਼ਮੀ ਹੋ ਕੇ ਧਰਤੀ ’ਤੇ ਡਿਗ ਨਾ ਪਏ।

੪੦ ਸਿੰਘਾਂ ਦੀ ਸ਼ਕਤੀਸ਼ਾਲੀ ਦੀਵਾਰ ਦੇ ਢਹਿ ਢੇਰੀ ਹੋ ਜਾਣ ਪਿੱਛੋਂ, ਜਦੋਂ ਮੁਗ਼ਲ ਲਸ਼ਕਰ ਨੇ ਬੇਦਿਲੀ ਦੀ ਹਾਲਤ ਵਿਚ ਬੜੀ ਸਾਵਧਾਨੀ ਨਾਲ ਹੌਲੀ-ਹੌਲੀ ਅੱਗੇ ਵਧਣ ਦਾ ਯਤਨ ਕੀਤਾ ਤਾਂ ਐਨ ਉਸੇ ਮੌਕੇ ਉੱਚੀ ਟਿੱਬੀ ਵਾਲੇ ਪਾਸੇ ਸਥਿਤ ਕਈ ਸਾਰੀਆਂ ਛੋਟੀਆਂ-ਛੋਟੀਆਂ ਟਿੱਬੀਆਂ ਦੇ ਓਹਲਿਓਂ ਬੰਦੂਕਾਂ ਦੀਆਂ ਗੋਲੀਆਂ ਡਾਢੇ ਗਜ਼ਬ ਵਿਚ ਕੜਕੀਆਂ। ਦੁਬਾਰਾ ਅਚਾਨਕ ਹੋਏ ਵੱਡੇ ਜਾਨੀ ਨੁਕਸਾਨ ਅਤੇ ਗੋਲੀਆਂ ਦੀ ਜ਼ੋਰਦਾਰ ਕੰਨ-ਪਾੜਵੀਂ ਖੜਕਾਰ ਨੇ ਸੂਬਾ ਸਰਹਿੰਦ ਅਤੇ ਉਸ ਦੀਆਂ ਫ਼ੌਜਾਂ ਦਾ ਦਿਲ ਦਹਿਲਾ ਦਿੱਤਾ। ਸੁੰਨ ਹੋਏ ਸੂਬੇਦਾਰ ਨੇ ਮੌਤ ਦੇ ਮੂੰਹ ਪੈਣ ਦੀ ਥਾਂ, ਖੜ੍ਹੇ ਪੈਰ ਆਪਣੀਆਂ ਫ਼ੌਜਾਂ ਨੂੰ ਪਿਛਾਂਹ ਹਟਾ ਲਿਆ ਅਤੇ ਆਪ ਚੌਧਰੀ ਕਪੂਰੇ ਨਾਲ ਸਲਾਹ ਕਰਨ ਲੱਗਾ ਕਿ ਕੀ ਕੀਤਾ ਜਾਵੇ? ਕਪੂਰੇ ਨੇ ਦੱਸਿਆ ਕਿ ਸਿੰਘਾਂ ਦੇ ਕਬਜ਼ੇ ਹੇਠਲੀ ਢਾਬ ਤੋਂ ਬਿਨਾਂ, ਇਸ ਜੰਗਲ ਵਿਚ ਦੂਰ-ਦੂਰ ਤਕ ਕਿਤੇ ਪਾਣੀ ਨਹੀਂ ਅਤੇ ਜੇ ਉਸ ਨੇ ਹੋਰ ਜੰਗ ਕੀਤੀ ਤਾਂ ਸੰਭਾਵਨਾ ਇਹ ਵੀ ਹੈ ਕਿ ਕਿਤੇ ਉਸ ਦਾ ਸਾਰਾ ਲਸ਼ਕਰ ਪਿਆਸ ਨਾਲ ਹੀ ਤੜਫ਼-ਤੜਫ਼ ਕੇ ਨਾ ਮਰ ਜਾਵੇ। ਵੱਡੇ ਜਾਨੀ ਨੁਕਸਾਨ ਕਾਰਨ ਵਜ਼ੀਰ ਖ਼ਾਨ ਪਹਿਲਾਂ ਹੀ ਦਹਿਲਿਆ ਹੋਇਆ ਸੀ, ਹੁਣ ਹੋਰ ਦਹਿਲ ਗਿਆ। ਉਹ ਉਸੇ ਸਮੇਂ ਫ਼ੌਜ ਲੈ ਕੇ ਪਿਛਾਂਹ ਪਰਤ ਗਿਆ। ਜਾਂਦਾ ਹੋਇਆ ਮਰੇ

ਸਿਪਾਹੀਆਂ ਦੀਆਂ ਲਾਸ਼ਾਂ ਦੱਬਣ ਦੀ ਜ਼ਿੰਮੇਵਾਰੀ ਉਹ ਚੌਧਰੀ ਕਪੂਰੇ ਨੂੰ ਸੌਂਪ ਗਿਆ।

ਸ਼ਾਹੀ ਫ਼ੌਜ ਦੇ ਹਰਨ ਹੋ ਜਾਣ ਮਗਰੋਂ ਗੁਰੂ ਜੀ ਕੁਝ ਸਿੱਖਾਂ ਸਮੇਤ ਉਸ ਥਾਂ ਪਹੁੰਚੇ, ਜਿੱਥੇ ੪੦ ਸਿੰਘਾਂ ਨੇ ਉਨ੍ਹਾਂ ਦੀ ਸੈਨਾ ਦੇ ਅਗਲੇ ਪਾਸੇ ਮੋਰਚੇ ਲਾ ਕੇ ਦੁਸ਼ਮਣ ਫ਼ੌਜ 'ਤੇ ਪਹਿਲਾਂ ਜਬਰਦਸਤ ਗੋਲਾਬਾਰੀ ਅਤੇ ਬਾਅਦ ਵਿਚ ਅੱਗੇ ਵੱਧ ਕੇ ਤੇਗ਼ ਦੇ ਜੌਹਰ ਵਿਖਾਏ ਸਨ। ਸਤਿਗੁਰਾਂ ਵੇਖਿਆ ਉਹ ਸਾਰੇ ਦੇ ਸਾਰੇ, ਭੰਵਰਿਆਂ ਦੇ ਸ਼ਮ੍ਹਾਂ ਦੀ ਲੋਅ ਉੱਪਰ ਮਰ ਮਿਟਣ ਵਾਂਗ, ਸ਼ਹੀਦ ਜਾਂ ਸਖ਼ਤ ਫੱਟੜ ਹੋ ਕੇ ਜ਼ਮੀਨ 'ਤੇ ਪਏ ਸਨ। ਇਨ੍ਹਾਂ ਪਿਆਰੇ ਮੁਰੀਦਾਂ ਵੱਲੋਂ ਸੌਂਪਿਆ ਬੇ-ਦਾਵੇ ਵਾਲਾ ਕਾਗਜ਼ ਸੱਚੇ ਪਾਤਸ਼ਾਹ ਜੀ ਨੇ ਹਾਲੇ ਤਕ ਪੂਰੇ ਧਿਆਨ ਅਤੇ ਉਚੇਚ ਨਾਲ ਸੰਭਾਲਿਆ ਹੋਇਆ ਸੀ ਅਤੇ ਉਹ ਬੜੇ ਚਿਰ ਤੋਂ ਇਸ ਦਿਨ (ਮੁੜ ਮਿਲਾਪ) ਦੇ ਇੰਤਜ਼ਾਰ ਵਿਚ ਸਨ। ਪ੍ਰੇਮਾ ਭਗਤੀ ਅਤੇ ਪਿਆਰ ਦੀ ਆਪਣੀ ਅਨੋਖੀ ਹਿਰਦੇਗਤ ਵਿਆਕਰਣ ਹੁੰਦੀ ਹੈ। ਇਸ ਵਿਚਲੇ ਵਿਛੋੜੇ, ਉਡੀਕ ਅਤੇ ਵਸਲ ਦੇ ਭਾਵ ਅਤੇ ਦ੍ਰਿਸ਼ ਸਚਮੁੱਚ ਹੀ ਬੜੇ ਅਦੁੱਤੀ, ਅਸਰਦਾਰ ਅਤੇ ਯਾਦਗਾਰੀ ਹੁੰਦੇ ਹਨ। ਇਹੀ ਕਾਰਨ ਹੈ ਕਿ ਜਿੱਥੇ ੪੦ ਸਿੱਖਾਂ ਦੀ ਸਤਿਗੁਰਾਂ ਤੋਂ ਜੁਦਾਈ ਦੀ ਘਟਨਾ ਅਤੇ ਜੁਦਾਈ ਦੇ ਸਮੇਂ ਦੀ ਸਮੁੱਚੀ ਮਨੋ-ਅਵਸਥਾ ਡਾਢੀ ਮਾਰਮਿਕ ਅਤੇ ਦਿਲ-ਟੁੰਬਵੀਂ ਸੀ, ਉੱਥੇ ਖਿਦਰਾਣੇ ਦੀ ਜੰਗ ਵਿਚ ਸ਼ਹਾਦਤਾਂ ਦੇ ਮਾਧਿਅਮ ਰਾਹੀਂ ਸਤਿਗੁਰਾਂ ਨਾਲ ਹੋਏ ਇਨ੍ਹਾਂ ਦੇ ਮਹਾਂ-ਮਿਲਾਪ ਦਾ ਬਿਰਤਾਂਤ ਇਸ ਤੋਂ ਵੀ ਕਿਤੇ ਵੱਧ ਪ੍ਰਭਾਵਸ਼ਾਲੀ, ਵੇਗਮਈ, ਗੌਰਵਸ਼ਾਲੀ, ਵਿਸਮਾਦੀ ਅਤੇ ਦਿਲਾਂ ਨੂੰ ਧੂਹ ਪਾਉਣ ਵਾਲਾ ਹੈ।

ਸਤਿਗੁਰੂ ਜੀ ਵਾਰੀ-ਵਾਰੀ ਸਾਰੇ ਸ਼ਹੀਦ ਸਿੰਘਾਂ ਪਾਸ ਗਏ। ਪਿਆਰ ਵਿਚ ਗੜੁੱਚ ਹੋਇਆਂ ਨੇ ਕੁਝ ਇੱਕ ਦੇ ਹੱਥਾਂ ਨੂੰ ਆਪਣੇ ਮੱਥੇ ਨਾਲ ਛੁਹਾਇਆ, ਆਪਣੇ ਰੁਮਾਲ ਨਾਲ ਕੁਝ ਕੁ ਦੇ ਮੁੱਖੜੇ ਸਾਫ਼ ਕੀਤੇ, ਕਈਆਂ ਨੂੰ ਗੋਦ ਵਿੱਚ ਲੈ, ਮਾਂ ਵਾਂਗ ਦੁਲਾਰਿਆ ਅਤੇ ਕਈਆਂ ਦੇ ਮੱਥੇ ਇਵੇਂ ਚੁੰਮੇ ਜਿਵੇਂ ਜੁਝਾਰ ਸਿੰਘ ਵਾਂਗ ਉਨ੍ਹਾਂ ਦੀ ਵੀ ਪਿਆਸ ਬੁਝਾ ਰਹੇ ਹੋਣ। ਧਰਤੀ ਨੇ ਪਹਿਲੀ ਵਾਰ ਹਜ਼ੂਰ ਦੀਆਂ ਅੱਖਾਂ ਵਿਚ ਐਨੇ ਅੱਥਰੂ ਵੇਖੇ। ਇਸ ਪੱਖੋਂ ਸਤਿਗੁਰਾਂ ਦੇ ਜੀਵਨ ਦਾ ਇਹ ਆਖ਼ਰੀ ਧਰਮ-ਯੁੱਧ ਜੋ ੨੧ ਵੈਸਾਖ, ਸੰਮਤ ੧੭੬੨ ਬਿਕ੍ਰਮੀ (੦੮ ਮਈ, ੧੭੦੫ ਈ.) ਨੂੰ ਲੜਿਆ ਗਿਆ, ਸਚਮੁੱਚ ਡਾਢਾ ਨਿਰਾਲਾ, ਜਜ਼ਬਾਤੀ ਅਤੇ ਵਿਸਮਾਦ ਭਰਪੂਰ ਸੀ। ਵਜਦ ਵਿਚ ਆਇਆਂ ਨੇ ਆਪਣੇ ਇਨ੍ਹਾਂ ਪਿਆਰੇ ਮੁਰੀਦਾਂ (ਸ਼ਹੀਦਾਂ) ਨੂੰ, ਕਿਸੇ ਨੂੰ ਆਪਣਾ ਪੰਜ ਹਜ਼ਾਰੀ ਅਤੇ ਕਿਸੇ ਨੂੰ ਆਪਣਾ ਦਸ ਹਜ਼ਾਰੀ ਕਹਿ ਕੇ ਨਿਵਾਜਿਆ। ਇਨ੍ਹਾਂ ਚਾਲ਼ੀਆਂ 'ਚੋਂ ਇੱਕ ਹਾਲੇ ਜੀਊਂਦਾ ਸੀ। ਗੁਰੂ ਜੀ ਉਸ ਕੋਲ ਗਏ। ਸਤਿਗੁਰਾਂ ਦੇ ਪਵਿੱਤਰ ਕਦਮਾਂ ਦੀ ਆਹਟ ਸੁਣ ਮਹਾਂ ਸਿੰਘ ਨਾਂ ਦੇ ਉਸ ਸਿੰਘ ਨੇ ਅੱਖਾਂ ਖੋਲ੍ਹੀਆਂ। ਉਸ ਨੇ ਵੇਖ ਲਿਆ ਕਿ ਕੌਣ ਹਨ। ਉਸ ਨੂੰ ਪਤਾ ਸੀ ਕਿ ਪਾਤਸ਼ਾਹ

ਜ਼ਰੂਰ ਆਉਣਗੇ। ਦਰਅਸਲ ਉਹ ਇਕੱਲਾ ਨਹੀਂ ਸੀ ਸਿਸਕ ਰਿਹਾ। ਉਡੀਕ ਰਿਹਾ, ਅਲਬੱਤਾ ਉਸ ਦੇ ਮਾਧਿਅਮ ਰਾਹੀਂ ਸਾਰੇ ਦੇ ਸਾਰੇ ੪੦ ਸਿੰਘ ਸਮੂਹਿਕ ਪੱਧਰ 'ਤੇ ਸਿਸਕ ਰਹੇ ਸਨ। ਉਡੀਕ ਰਹੇ ਸਨ। ਬਾਕੀ ਸਾਰੇ (੩੯) ਸ਼ਹੀਦਾਂ ਦੀ ਆਤਮਾ, ਉਨ੍ਹਾਂ ਦੇ ਮੋਹਰੀ ਮਹਾਂ ਸਿੰਘ ਦੀ ਆਤਮਾ ਰਾਹੀਂ ਸਾਹ ਲੈ ਰਹੀ ਸੀ, ਸਤਿਗੁਰਾਂ ਦੇ ਆਉਣ ਦੀ ਬੇਤਾਬੀ ਨਾਲ ਉਡੀਕ ਕਰ ਰਹੀ ਸੀ।

ਕੁਝ ਪਲ਼ ਮਿਹਰ ਭਰੀ ਤੱਕਣੀ ਨਾਲ ਤੱਕਣ ਤੋਂ ਬਾਅਦ ਚੋਜੀ ਪਾਤਸ਼ਾਹ ਮਹਾਂ ਸਿੰਘ ਦੇ ਕੋਲ ਬੈਠ ਗਏ। ਸਿਸਕਦੇ ਹੋਏ ਮਹਾਂ ਸਿੰਘ ਦੇ ਸੀਸ ਨੂੰ ਜਦੋਂ ਉਨ੍ਹਾਂ ਆਪਣੀ ਗੋਦ ਵਿਚ ਲਿਆ ਤਾਂ ਉਹ ਰੋ ਪਿਆ। ਗੁਰੂ ਜੀ ਦੇ ਕਰਮ ਦਾ ਕੋਈ ਸ਼ੁਮਾਰ ਨਾ ਰਿਹਾ। ਤਰੁੱਠੇ ਸਤਿਗੁਰਾਂ ਇਲਾਹੀ ਬਿਹਬਲਤਾ ਵਿਚ ਬਚਨ ਕੀਤਾ- "ਪਿਆਰੇ ਮਹਾਂ ਸਿੰਘ, ਕੁਝ ਮੰਗ ਲਵੋ। ਅੱਜ ਜੋ ਮੰਗੋਗੇ, ਮਿਲੇਗਾ।" ਪਰਉਪਕਾਰੀ ਮੁਰੀਦ ਮਹਾਂ ਸਿੰਘ ਨੇ ਤਰਲਾ ਲੈਂਦਿਆਂ, ਮਾਸੂਮ ਸ਼ੁਕਰ ਵਿਚ ਕਿਹਾ- "ਹਜ਼ੂਰ! ਬੇ-ਦਾਵਾ ਪਾੜ ਦਿਓ।" ਮਿਹਰਾਂ ਦੇ ਸਾਈਂ, ਕ੍ਰਿਪਾਲੂ ਸਤਿਗੁਰਾਂ ਮੁੜ ਬਚਨ ਕੀਤਾ- "ਕੁਝ ਹੋਰ ਮੰਗ ਲਵੋ।" "ਬੱਸ ਬੇ-ਦਾਵਾ ਪਾੜ ਦਿਓ", ਮਹਾਂ ਸਿੰਘ ਨੇ ਸਿਦਕ ਦੀ ਆਵਾਜ਼ ਵਿਚ ਕਿਹਾ। ਗੁਰੂ ਜੀ ਨੇ ਉਸੇ ਸਮੇਂ ਆਪਣੇ ਕੋਲ ਸੰਭਾਲਿਆ ਬੇ-ਦਾਵਾ ਬਾਹਰ ਕੱਢਿਆ, ਤਰਸਦੇ ਮਹਾਂ ਸਿੰਘ ਨੂੰ ਵਿਖਾਇਆ ਅਤੇ ਫੇਰ ਉਸ ਨੂੰ ਪਾੜ ਕੇ ਹਵਾ ਵਿਚ ਉਡਾ ਦਿੱਤਾ। ਸਿਸਕਦੇ ਮਹਾਂ ਸਿੰਘ ਨੇ ਹੁੰਗਾਰਾ ਭਰਦਿਆਂ, ਦੋਵੇਂ ਹੱਥ ਉਠਾ, ਰੱਬ ਦਾ ਸ਼ੁਕਰਾਨਾ ਕੀਤਾ ਅਤੇ ਇਸ ਪਿੱਛੋਂ ਆਪਣੇ ਮਿਹਰਬਾਨ ਅਤੇ ਬਖ਼ਸ਼ਿੰਦ ਸਤਿਗੁਰਾਂ ਦੀ ਗੋਦ ਵਿਚ ਸਦਾ ਲਈ ਸੌਂ ਗਿਆ। ਰਹਿਮ ਦੇ ਘਰ ਆਏ ਸਤਿਗੁਰਾਂ ਨੇ ਸਮੇਤ ਮਹਾਂ ਸਿੰਘ ਸਾਰੇ ਚਾਲ਼ੀ ਸ਼ਹੀਦ ਸਿੰਘਾਂ ਨੂੰ 'ਮੁਕਤ' ਪਦਵੀ ਬਖ਼ਸ਼ ਕੇ, ਇਨ੍ਹਾਂ ਵੱਲੋਂ ਕੀਤੀ ਜੰਗ ਵਾਲੇ ਸਥਾਨ ਅਤੇ ਇਸ ਦੇ ਨਾਲ ਲਗਦੇ ਖਿਦਰਾਣੇ ਦੇ ਤਾਲ (ਢਾਬ) ਦਾ ਨਾਂ 'ਮੁਕਤੀ ਦਾ ਸਰ' ਭਾਵ ਮੁਕਤਸਰ ਰੱਖਿਆ। ਇਸ ਮਹਾਨ ਇਤਿਹਾਸਿਕ ਸਥਾਨ ਉਪਰ ਅੱਜਕਲ੍ਹ ਇੱਕ ਵਿਸ਼ਾਲ ਅੰਮ੍ਰਿਤ ਸਰੋਵਰ ਅਤੇ ਇਸ ਦੇ ਕਿਨਾਰੇ ਗੁਰਦੁਆਰਾ 'ਟੁੱਟੀ ਗੰਢੀ ਸਾਹਿਬ' ਸੁਭਾਇਮਾਨ ਹੈ।

ਜਿਵੇਂ ਹੀ ਭਾਈ ਮਹਾਂ ਸਿੰਘ ਨੇ ਸਵਾਸ ਛੱਡੇ, ਮਰਦਾਂ ਵਾਲੇ ਸ਼ਸਤਰਧਾਰੀ ਖ਼ਾਲਸਈ ਵੇਸ ਵਾਲੀ ਇੱਕ ਜ਼ਖ਼ਮੀ ਹੋਈ ਬਹਾਦਰ ਇਸਤਰੀ ਨੇ ਸਤਿਗੁਰਾਂ ਦੇ ਚਰਨਾਂ 'ਤੇ ਆਣ ਸੀਸ ਨਿਵਾਇਆ। ਇਹ ਮਾਈ ਭਾਗੋ (ਮਾਤਾ ਭਾਗ ਕੌਰ) ਸੀ, ਮਾਝੇ ਦੀ ਸਿੰਘਣੀ, ਜਿਹੜੀ ਇਨ੍ਹਾਂ ੪੦ ਸ਼ਹੀਦਾਂ ਨਾਲ ਇਸ ਤਰ੍ਹਾਂ ਆਈ ਸੀ, ਜਿਵੇਂ ਮਾਂ ਬੱਚਿਆਂ ਨੂੰ ਲੈ ਕੇ ਆਵੇ। ਉਸ ਨੇ ਗੁਰੂ ਜੀ ਤੋਂ ਵਿਛੜੇ ਇਨ੍ਹਾਂ ਮੁਰੀਦਾਂ (ਸ਼ਹੀਦਾਂ) ਦੀ ਬਿਰਹੋਂ-ਕੁੱਠੀ ਉਦਾਸ ਕਹਾਣੀ, ਗੁਰੂ ਜੀ ਨੂੰ ਮੁੱਢ ਤੋਂ ਹੁਣ ਤਕ ਸੁਣਾਈ। ਭਾਈ ਗੁਰਦਾਸ ਜੀ ਦੁਆਰਾ ਦੱਸੀ ਮੁਰੀਦੀ ਦੀ ਅਸਲ ਕਰਨੀ *ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*[੩] ਨੂੰ

ਪ੍ਰਤੱਖ ਰੂਪ ਵਿਚ ਵਿਖਾਉਣ ਵਾਲੇ ਅਤੇ 'ਮੁਕਤੇ' ਹੋਣ ਦਾ ਵਰਦਾਨ ਪ੍ਰਾਪਤ ਇਨ੍ਹਾਂ ਪਿਆਰੇ ਮੁਰੀਦਾਂ/ਸ਼ਹੀਦਾਂ ਦਾ ਸਸਕਾਰ, ਸਤਿਗੁਰਾਂ ਨੇ ਭਰੇ ਮਨ ਨਾਲ ਆਪਣੇ ਹੱਥੀਂ ਕੀਤਾ। ਜਿੱਥੇ ਸਸਕਾਰ ਹੋਇਆ, ਉਸ ਪਾਵਨ ਇਤਿਹਾਸਿਕ ਸਥਾਨ ਉਪਰ ਅੱਜ ਕਲ੍ਹ ਗੁਰਦੁਆਰਾ 'ਸ਼ਹੀਦ-ਗੰਜ ਸਾਹਿਬ' ਸਥਾਪਿਤ ਹੈ।[੪]

ਇਸ ਸਾਰੇ ਅਨੋਖੇ ਇਤਿਹਾਸਿਕ ਬਿਰਤਾਂਤ ਦਾ ਸਾਰ-ਤੱਤ ਇਹ ਹੈ ਕਿ ਮਾਝੇ ਦੇ ੪੦ ਸਿੱਖਾਂ ਦੁਆਰਾ ਆਪਣੇ ਗੁਰੂ ਪ੍ਰਤੀ ਪਿਆਰ ਦਾ ਦਾਅਵਾ ਜਾਂ ਹੱਕ ਛੱਡਣ ਦਾ ਪ੍ਰਤੀਕ, ਸਬੂਤ ਜਾਂ ਗਵਾਹ ਬਣਿਆ ਬੇ-ਦਾਅਵੇ ਵਾਲਾ ਕਾਗਜ਼, ਨਿਰਸੰਦੇਹ ਪਿਆਰ ਦੀ ਡੋਰ ਵਿਚ ਬੱਝੀਆਂ ਦੋਹਾਂ ਧਿਰਾਂ (ਪੀਰ ਅਤੇ ਮੁਰੀਦਾਂ) ਲਈ ਡਾਢਾ ਨਾਖ਼ੁਸ਼ਗਵਾਰ ਅਤੇ ਦੁਖਦਾਈ ਹੋਣ ਤੋਂ ਇਲਾਵਾ ਇੱਕ ਬੜਾ ਅਹਿਮ, ਸੂਖਮ, ਭਾਵਪੂਰਤ ਅਤੇ ਕੀਮਤੀ ਦਸਤਾਵੇਜ਼ ਵੀ ਸੀ। ਇਹੀ ਕਾਰਣ ਹੈ ਕਿ ਜਿੱਥੇ ਇੱਕ ਪਾਸੇ ਅਨੇਕ ਡਾਢੇ ਹੌਲਨਾਕ ਘਟਨਾਕ੍ਰਮਾਂ ਅਤੇ ਵੱਡੇ ਸੰਕਟਾਂ ਵਿੱਚੋਂ ਗੁਜ਼ਰਨ ਦੇ ਬਾਵਜੂਦ ਚੋਜੀ ਸਤਿਗੁਰਾਂ ਨੇ ਇਸ ਬੇ-ਦਾਵੇ ਵਾਲੇ ਕਾਗਜ਼ ਨੂੰ, ਛੱਡ ਕੇ ਗਏ ਆਪਣੇ ਮੁਰੀਦਾਂ ਦੇ ਮੁੜ ਮਿਲਣ ਅਰਥਾਤ ਅਗਲੇ ਤਕਰੀਬਨ ੫-੬ ਮਹੀਨਿਆਂ (੨੧ ਵੈਸਾਖ, ਸੰਮਤ ੧੭੬੨ ਨੂੰ ਹੋਈ ਖਿਦਰਾਣੇ ਦੀ ਜੰਗ) ਤਕ ਉਡੀਕਦਿਆਂ, ਆਪਣੇ ਕੋਲ ਬੜੇ ਧਿਆਨ ਅਤੇ ਉਚੇਚ ਨਾਲ ਸੰਭਾਲੀ ਰੱਖਿਆ ਸੀ; ਉੱਥੇ ਦੂਜੇ ਪਾਸੇ ਸਤਿਗੁਰਾਂ ਨੂੰ ਸੰਕਟ ਵਿਚ ਛੱਡ ਕੇ ਚਲੇ ਜਾਣ ਵਾਲੇ ੪੦ ਮੁਰੀਦਾਂ (ਸਿੰਘਾਂ) ਦੀਆਂ ਗੁਰੂ ਦੇ ਵਿਛੋੜੇ ਵਿਚ ਤੜਫ਼ਦੀਆਂ ਆਤਮਾਵਾਂ ਨੂੰ ਵੀ ਖਿਦਰਾਣੇ ਦੀ ਜੰਗ ਵਿਚ ਸ਼ਹਾਦਤ ਦਾ ਜਾਮ ਪੀ ਜਾਣ ਦੇ ਬਾਵਜੂਦ ਉਦੋਂ ਤਕ ਚੈਨ, ਸਕੂਨ ਅਤੇ ਮੁਕਤੀ ਨਹੀਂ ਸੀ ਨਸੀਬ ਹੋਈ ਜਦੋਂ ਤਕ ਕਿ ਉਨ੍ਹਾਂ ਦੇ ਮੋਹਰੀ, ਮਹਾਂ ਸਿੰਘ ਨੇ ਸਵਾਸ ਛੱਡਣ ਤੋਂ ਪਹਿਲਾਂ, ਪਰਉਪਕਾਰ ਨਾਲ ਭਰੀ ਆਪਣੀ ਹੰਝੂਆਂ ਭਿੱਜੀ ਜੋਦੜੀ ਦੁਆਰਾ, ਸਾਰਿਆਂ ਵੱਲੋਂ ਸਾਂਝੇ ਤੌਰ 'ਤੇ ਲਿਖਿਆ ਬੇ-ਦਾਵਾ, ਸਤਿਗੁਰਾਂ ਪਾਸੋਂ ਪੜਵਾ ਨਹੀਂ ਸੀ ਲਿਆ। ਅਰਥਾਤ ਗੁਰੂ ਨੂੰ ਤਿਆਗਣ ਦੇ ਉਨ੍ਹਾਂ ਸਾਰਿਆਂ 'ਤੇ ਲੱਗੇ ਬਦਨੁਮਾ ਦਾਗ਼ ਨੂੰ, ਆਪਣੇ ਸਮਰਪਣ ਭਾਵ ਅਤੇ ਸ਼ਹਾਦਤ ਦੇ ਲਹੂ ਨਾਲ ਧੋ ਕੇ ਸਾਫ਼ ਨਹੀਂ ਸੀ ਕਰ ਲਿਆ; ਗੁਰਾਂ ਤੋਂ ਬੇਮੁਖ ਹੋਣ ਦੇ ਕੀਤੇ ਵੱਡੇ ਗ਼ੁਨਾਹ ਨੂੰ ਪਛਤਾਵੇ ਦੇ ਨਿਰਮਲ ਹੰਝੂਆਂ ਨਾਲ ਧੋ ਨਹੀਂ ਸੀ ਲਿਆ; ਜਾਨ ਤੋਂ ਪਿਆਰੇ ਸਤਿਗੁਰਾਂ ਨਾਲ ਟੁੱਟੀ ਆਪਣੀ ਪ੍ਰੀਤ ਨੂੰ ਮੁੜ ਜੋੜ (ਗੰਢ) ਨਹੀਂ ਸੀ ਲਿਆ।

**ਹਵਾਲੇ :**


੧. ਸਾਹਿਬ ਸਿੰਘ: *ਸ੍ਰੀ ਗੁਰੂ ਗੋਬਿੰਦ ਸਿੰਘ ਜੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੧੯੭੮ (ਚੌਥੀ ਵਾਰ), ਪੰਨਾ ੧੫੯ ਅਤੇ ੧੬੮

੨. ਕਰਤਾਰ ਸਿੰਘ: *ਸਿੱਖ ਇਤਿਹਾਸ ਭਾਗ ੧*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੩, (ਸੱਤਵੀਂ ਵਾਰ) ਪੰਨਾ ੪੪੩

੩. *ਵਾਰਾਂ ਭਾਈ ਗੁਰਦਾਸ ਜੀ*

੪. ਕਰਤਾਰ ਸਿੰਘ: *ਸਿੱਖ ਇਤਿਹਾਸ ਭਾਗ ੧*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੩, (ਸੱਤਵੀਂ ਵਾਰ) ਪੰਨਾ ੪੪੫

*ਮਈ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ:*

# ਸਰਦਾਰ ਜੱਸਾ ਸਿੰਘ ਆਹਲੂਵਾਲੀਆ

(੧੯ ਮਈ ਨੂੰ ਜਨਮ ਦਿਹਾੜੇ 'ਤੇ)

*-ਡਾ. ਗੁਰਪ੍ਰੀਤ ਸਿੰਘ**

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਲਾਹੌਰ ਨਗਰ ਨੇੜ੍ਹੇ ਪਿੰਡ ਆਹਲੂ ਵਿਚ ਸਰਦਾਰ ਬਦਰ ਸਿੰਘ ਦੇ ਘਰ ੩ ਮਈ, ੧੭੧੮ ਈ. ਨੂੰ ਹੋਇਆ। ਜਦੋਂ ਅਜੇ ਇਹ ਪੰਜ ਸਾਲਾਂ ਦੇ ਸੀ ਤਾਂ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ।[੧] ਮਾਤਾ ਸੁੰਦਰ ਕੌਰ ਜੀ ਨੇ ਇਨ੍ਹਾਂ ਨੂੰ ਆਸ਼ੀਰਵਾਦ ਦੇ ਕੇ ਇਕ ਗੁਰਜ ਦੀ ਬਖਸ਼ਿਸ਼ ਕੀਤੀ। ਪੰਥ ਵਿਚ ਸਰਦਾਰ ਜੱਸਾ ਸਿੰਘ ਦਾ ਮਾਣ ਸਤਿਕਾਰ ਬਹੁਤ ਵਧ ਗਿਆ। ਪਟਿਆਲੇ ਵਾਲੇ ਰਾਜੇ ਅਮਰ ਸਿੰਘ ਨੇ ਸਰਦਾਰ ਜੱਸਾ ਸਿੰਘ ਦੇ ਜਥੇ ਤੋਂ ਹੀ ਅੰਮ੍ਰਿਤ ਛਕਿਆ ਸੀ।[੨]

੧੭੪੮ ਈ. ਵਿਚ ਨਵਾਬ ਕਪੂਰ ਸਿੰਘ ਨਾਲ ਰਲ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਅਹਿਮਦ ਸ਼ਾਹ ਦੁਰਾਨੀ ਦੇ ਲਸ਼ਕਰ ਨੂੰ 'ਨੂਰ ਦੀ ਸਰਾਂ' ਅਤੇ ਵੈਰੋਵਾਲ ਨੇੜ੍ਹੇ ਗੁਰੀਲਾ ਹਮਲੇ ਕਰ ਕੇ ਬਹੁਤ ਤੰਗ ਕੀਤਾ ਸੀ। ਸ੍ਰੀ ਅੰਮ੍ਰਿਤਸਰ ਦੇ ਮੁਗ਼ਲ ਹਾਕਮ ਸਲਾਬਤ ਖਾਨ ਨੂੰ ਸਰਦਾਰ ਜੱਸਾ ਸਿੰਘ ਨੇ ਹੀ ਹਰਾਇਆ ਸੀ।[੩]

੭ ਅਕਤੂਬਰ, ੧੭੫੩ ਈ. ਵਿਚ ਨਵਾਬ ਕਪੂਰ ਸਿੰਘ ਦੇ ਦੇਹਾਂਤ ਤੋਂ ਬਾਅਦ ਸਰਦਾਰ ਜੱਸਾ ਸਿੰਘ ਕੋਲ ਸਿੱਖ ਕੌਮ ਦੀ ਅਗਵਾਈ ਆਈ ਸੀ। ੧੭੫੭ ਈ. ਵਿਚ ਅਹਿਮਦ ਸ਼ਾਹ ਦੁਰਾਨੀ ਦੀ ਫ਼ੌਜ ਕਰਤਾਰਪੁਰ ਲੁੱਟ ਕੇ ਜਾ ਰਹੀ ਸੀ ਤਾਂ ਸਰਦਾਰ ਜੱਸਾ ਸਿੰਘ ਨੇ ਅਬਦਾਲੀ ਦੀ ਫ਼ੌਜ ਤੋਂ ਸਾਮਾਨ ਖੋਹ ਲਿਆ ਸੀ।[੪] ਇਸ ਸਮੇਂ ਹੀ ਦੁਰਾਨੀ ਦੀ ਫ਼ੌਜ ਦੀ ਕੈਦ ਵਿੱਚੋਂ ੨੨੦੦ ਇਸਤਰੀਆਂ ਛੁਡਾ ਕੇ ਘਰੋਂ-ਘਰ ਪਹੁੰਚਾਈਆਂ ਸਨ। ਵੱਡੇ ਘੱਲੂਘਾਰੇ ਸਮੇਂ ਸਰਦਾਰ ਜੱਸਾ ਸਿੰਘ ਬਹੁਤ ਬਹਾਦਰੀ ਨਾਲ ਲੜੇ। ਉਨ੍ਹਾਂ ਦੇ ਸਰੀਰ 'ਤੇ ੨੨ ਫੱਟ ਲੱਗੇ ਸਨ।[੫] ਸਰਦਾਰ ਜੱਸਾ ਸਿੰਘ ਨੇ ਦੁਆਬੇ ਦਾ ਇਲਾਕਾ ਜਿੱਤ ਕੇ ੧੭੭੪ ਈ. ਵਿਚ ਕਪੂਰਥਲੇ ਨੂੰ ਆਪਣੀ ਰਾਜਧਾਨੀ ਬਣਾਇਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਦੇਹਾਂਤ ੨੦ ਅਕਤੂਬਰ, ੧੭੮੩ ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ।[੬] ਉਨ੍ਹਾਂ ਦੀ ਅੰਤਮ ਯਾਦਗਾਰ ਬਾਬਾ ਅਟੱਲ ਰਾਇ ਜੀ ਦੇ ਗੁਰਦੁਆਰਾ ਸਾਹਿਬ ਦੇ ਪਾਸ ਹੈ।

**ਹਵਾਲੇ :**

**੧.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਪੰਨਾ ੭੭੮, **੨.** ਰੂਪ ਸਿੰਘ (ਸੰਪਾ), *ਪ੍ਰਮੁਖ ਸਿੱਖ ਸ਼ਖ਼ਸੀਅਤਾਂ*, ਪੰਨਾ ੧੩੩, **੩.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਪੰਨਾ ੭੭੮, **੪.** *ਉਹੀ*, **੫.** ਰੂਪ ਸਿੰਘ (ਸੰਪਾ.), *ਪ੍ਰਮੁਖ ਸਿੱਖ ਸ਼ਖ਼ਸੀਅਤਾਂ*, ਪੰਨਾ ੧੩੩, **੬.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਪੰਨਾ ੭੭੯.

** ਧਾਰਮਿਕ ਅਧਿਆਪਕ, ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ, ਗੋਲਡਨ ਟੈਂਪਲ ਕਲੋਨੀ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ। ਮੋ. ੮੭੨੫੦-੧੫੧੬੩*

# ਪਿਆਰਾ ਸਿੰਘ ਪਦਮ

(੨੮ ਮਈ ਨੂੰ ਜਨਮ ਅਤੇ ੦੧ ਮਈ ਨੂੰ ਦੇਹਾਂਤ)

ਪਿਆਰਾ ਸਿੰਘ ਪਦਮ ਦਾ ਜਨਮ ੨੮ ਮਈ, ੧੯੨੧ ਈ. ਨੂੰ ਸ. ਗੁਰਨਾਮ ਸਿੰਘ ਦੇ ਘਰ ਬੀਬੀ ਨੰਦ ਕੌਰ ਦੀ ਕੁੱਖੋਂ ਪਿੰਡ ਘੁੰਗਰਾਣਾ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ।[੧]

ਇਹ ਵਿਦਵਾਨ ਜ਼ਿਆਦਾਤਰ ਸੰਤਾਂ ਦੇ ਡੇਰਿਆਂ ਅਤੇ ਗਿਆਨੀ ਅਰਜਨ ਸਿੰਘ ਪਾਸੋਂ ਪਿੰਡ ਤੋਂ ਹੀ ਪੜ੍ਹਿਆ। ਦਸਵੀਂ ਜਮਾਤ ਗੁਰੂ ਰਾਮਦਾਸ ਸਕੂਲ, ਤਰਨ ਤਾਰਨ ਤੋਂ ਕਰਨ ਉਪਰੰਤ ਪੰਜਾਬ ਯੂਨੀਵਰਸਿਟੀ ਤੋਂ ਗਿਆਨੀ ਪ੍ਰਭਾਕਰ ਦੇ ਇਮਤਿਹਾਨ ਪਾਸ ਕੀਤੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਡਿਪਲੋਮਾ ਕੀਤਾ। ੧੯੪੩ ਈ. ਵਿਚ ਪਿਆਰਾ ਸਿੰਘ ਪਦਮ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਵਿਚ ਲੈਕਚਰਰ ਲੱਗੇ। ਇਹ ਵਿਦਵਾਨ ਬਹੁਤ ਜ਼ਿੰਮੇਵਾਰ ਅਹੁਦਿਆ 'ਤੇ ਆਪਣੀ ਵਿਦਵਤਾ ਕਰਕੇ ਪਹੁੰਚਿਆ। ੧੯੪੮ ਈ. ਤੋਂ ੧੯੫੦ ਈ. ਤਕ 'ਗੁਰਦੁਆਰਾ ਗਜ਼ਟ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਪਾਦਕ ਰਹੇ। ੧੯੫੦ ਈ. ਵਿਚ ਭਾਸ਼ਾ ਵਿਭਾਗ ਪੰਜਾਬ ਤੋਂ ਪ੍ਰਕਾਸ਼ਿਤ ਹੁੰਦੇ ਪੰਜਾਬੀ ਦੁਨੀਆ (ਮੈਗਜ਼ੀਨ) ਦੇ ਸੰਪਾਦਕ ਬਣੇ। ਭਾਸ਼ਾ ਵਿਭਾਗ ਵਿਚ ਕੰਮ ਕਰਦਿਆਂ ਪਿਆਰਾ ਸਿੰਘ ਪਦਮ ਨੇ ਹੱਥ-ਲਿਖਤ ਸਾਹਿਤ ਉੱਪਰ ਵਿਸ਼ੇਸ਼ ਤੌਰ 'ਤੇ ਕੰਮ ਕੀਤਾ। ਆਮ ਡੇਰਿਆਂ ਤੋਂ ਪੜ੍ਹੇ ਇਸ ਵਿਦਵਾਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਪੈਸ਼ਲ ਸੀਨੀਅਰ ਓਰੀਐਂਟਲ ਫ਼ੈਲੋ ਨਿਯੁਕਤ ਕੀਤਾ ਗਿਆ। ਇਸ ਤੋਂ ਉਨ੍ਹਾਂ ਦੀ ਵਿਦਵਤਾ ਦੀ ਧਾਂਕ ਦਾ ਪਤਾ ਚਲਦਾ ਹੈ।

ਪਿਆਰਾ ਸਿੰਘ ਪਦਮ ਦੀ ਸਾਹਿਤਕ ਸੇਵਾ ਵੇਖੀਏ ਤਾਂ ਉਨ੍ਹਾਂ ਨੇ ਸਿੱਖ ਕੌਮ ਨੂੰ ਸੌ ਤੋਂ ਉੱਪਰ ਮੌਲਿਕ, ਸੰਪਾਦਿਤ ਅਤੇ ਅਨੁਵਾਦਿਤ ਪੁਸਤਕਾਂ ਦਿੱਤੀਆਂ ਹਨ। ਇਸ ਲੇਖਕ ਨੇ ਉਦਾਸੀਆਂ, ਨਿਰਮਲਿਆਂ, ਸੇਵਾਪੰਥੀਆਂ ਦੇ ਡੇਰਿਆਂ ਅਤੇ ਪਿੰਡਾਂ ਵਿਚ ਘੁੰਮ-ਫਿਰ ਕੇ ਸਿੱਖ ਧਰਮ ਨਾਲ ਸੰਬੰਧਿਤ ਸੈਂਕੜੇ ਹੱਥ-ਲਿਖਤਾਂ ਇਕੱਠੀਆਂ ਕੀਤੀਆਂ ਤੇ ਉਨ੍ਹਾਂ ਦਾ ਸੰਪਾਦਨ ਕੀਤਾ। ਹੱਥ-ਲਿਖਤ ਸਾਹਿਤ ਵਿਚ ਪਿਆਰਾ ਸਿੰਘ ਪਦਮ ਦੇ ਯੋਗਦਾਨ ਨੂੰ ਸਿੱਖ ਕੌਮ ਕਦੇ ਵੀ ਅਣਗੌਲਿਆਂ ਨਹੀਂ ਕਰ ਸਕਦੀ। ਉਨ੍ਹਾਂ ਦੀਆਂ ਪੁਸਤਕਾਂ- 'ਦਸਮ ਗ੍ਰੰਥ ਦਰਸ਼ਨ', 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ', 'ਆਦਿ ਗ੍ਰੰਥ ਦਰਸ਼ਨ', 'ਰਹਿਤਨਾਮੇ', 'ਸੰਖੇਪ ਸਿੱਖ ਇਤਿਹਾਸ' ਆਦਿਕ ਹਰ ਸਿੱਖ ਨੂੰ ਪੜ੍ਹਨੀਆਂ ਚਾਹੀਦੀਆਂ ਹਨ। ਇਹ ਵਿਦਵਾਨ ੦੧ ਮਈ, ੨੦੦੧ ਈ. ਨੂੰ ਪਟਿਆਲੇ ਵਿਖੇ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਿਆ।[੨] ਇਸ ਲੇਖਕ ਦੁਆਰਾ ਕੀਤੇ ਗਏ ਸਿੱਖ ਅਧਿਐਨ ਨੂੰ ਪੜ੍ਹਨਾ, ਵਿਚਾਰਨਾ ਹੀ ਇਸ ਮਹਾਨ ਲੇਖਕ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ।

**ਹਵਾਲੇ :**

**੧.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ ਤੀਜਾ, ਪੰਨਾ ੧੨੯੨, **੨.** *ਉਹੀ*, ਪੰਨਾ ੧੨੯੩.

# ਸੇਵਾ ਦਾ ਸਿੱਖ ਸੰਕਲਪ

*-ਡਾ. ਸਰਬਜੀਤ ਕੌਰ ਸੰਧਾਵਾਲੀਆ**

ਸੇਵਾ ਦਾ ਸੰਕਲਪ ਸਿੱਖੀ ਦਾ ਮੁੱਖ ਸਰੋਕਾਰ ਹੈ। ਸੇਵਾ ਸਿੱਖ ਵਿਚਾਰਧਾਰਾ ਦਾ ਅਨਿੱਖੜਵਾਂ ਅੰਗ ਹੈ। ਸਰਬੱਤ ਦਾ ਭਲਾ ਸੇਵਾ ਦਾ ਆਦਰਸ਼ ਹੈ। ਗੁਰਬਾਣੀ ਵਿਚ 'ਸੇਵ', 'ਸੇਵਿ' ਅਤੇ 'ਸੇਵਾ' ਸ਼ਬਦ ਕਈ ਵਾਰ ਆਇਆ ਹੈ। ਸੇਵਾ ਤੋਂ ਭਾਵ ਹੈ ਟਹਿਲ ਕਰਨਾ, ਦੂਜਿਆਂ ਦੇ ਭਲੇ ਲਈ ਆਪਣਾ ਆਪ ਅਰਪਣ ਕਰਨਾ, ਪਰਉਪਕਾਰ ਕਰਨਾ, ਤਨ-ਮਨ-ਧਨ ਅਤੇ ਸੁਰਤੀ ਦੁਆਰਾ ਮਨੁੱਖਤਾ ਦੇ ਕੰਮ ਆਉਣਾ। ਸਰੀਰ ਦੇ ਅੰਗਾਂ ਦੀ ਸਫਲਤਾ ਲਈ ਸੇਵਾ ਜ਼ਰੂਰੀ ਹੈ:

*ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।* *(ਵਾਰ ੨੭:੧੦)*

ਸਿੱਖ ਫ਼ਲਸਫ਼ੇ ਵਿਚ ਤਾਂ ਸੇਵਾ ਦਾ ਬਹੁਤ ਹੀ ਮਹੱਤਵ ਹੈ। ਸੰਸਾਰ ਵਿਚ ਕਿਤੇ ਵੀ ਕੋਈ ਕੁਦਰਤੀ ਆਫ਼ਤ ਆਵੇ, ਜੰਗ ਲੱਗੇ ਜਾਂ ਮਹਾਂਮਾਰੀ ਫੈਲੇ, ਗੁਰੂ ਕੇ ਸਿੱਖ ਤਤਕਾਲ ਹੀ ਜਾ ਕੇ ਸੇਵਾ ਵਿਚ ਜੁਟ ਜਾਂਦੇ ਹਨ। ਲੰਗਰ ਤਿਆਰ ਕਰ ਕੇ ਲੋੜਵੰਦ ਨੂੰ ਛਕਾਉਣਾ, ਰੋਗੀਆਂ ਅਤੇ ਪੀੜਤਾਂ ਦੀ ਸਾਂਭ-ਸੰਭਾਲ ਕਰਨੀ, ਮੁਰਦਿਆਂ ਦਾ ਸਸਕਾਰ ਕਰਨਾ, ਬੇਸਹਾਰਿਆਂ ਦੀ ਸਹਾਇਤਾ ਕਰਨੀ ਅਤੇ ਨਿਸ਼ਕਾਮ ਭਾਵਨਾ ਲੈ ਕੇ ਜੀਵ-ਜੰਤੂਆਂ ਤੇ ਮਨੁੱਖਾਂ ਦੀ ਸੇਵਾ ਕਰਨੀ ਅਤੇ ਸੁਰਤੀ ਨਾਲ ਪਰਮਾਤਮਾ ਦਾ ਸਿਮਰਨ ਕਰਨਾ ਸਾਡਾ ਆਦਰਸ਼ ਹੈ।

ਸੇਵਾ ਸਿੱਖ ਦਾ ਬਹੁਤ ਮਹੱਤਵਪੂਰਨ ਅੰਗ ਹੈ। ਇਹ ਇਕ ਧੁਰਾ ਹੈ ਜਿਸ ਨਾਲ ਪਰਮਾਤਮਾ ਨੂੰ ਰੀਝਾਇਆ ਅਤੇ ਪਾਇਆ ਜਾ ਸਕਦਾ ਹੈ। ਸੇਵਾ ਕਿਸੇ ਦਿਖਾਵੇ, ਵਡਿਆਈ ਜਾਂ ਸਵਾਰਥ ਲਈ ਨਹੀਂ ਹੁੰਦੀ, ਇਹ ਤਾਂ ਆਪਣੀ ਹਉਮੈਂ, ਹੋਂਦ-ਹਸਤੀ ਨੂੰ ਮਿਟਾ ਕੇ ਕੀਤੀ ਜਾਂਦੀ ਹੈ:

*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੪)*

ਸੇਵਾ ਪਰਮਾਤਮਾ ਦੀ ਬੰਦਗੀ ਦਾ ਨਿਰਮਲ ਅਤੇ ਨਿਸ਼ਕਾਮ ਸਾਧਨ ਹੈ। ਸਿੱਖੀ ਵਿਚ ਸੇਵਕ ਵਾਸਤੇ ਸਤਿ, ਸੰਤੋਖ, ਸੰਜਮ, ਸਹਿਜ, ਸਿਦਕ, ਸਦਾਚਾਰ, ਨਿਮਰਤਾ ਅਤੇ ਪਿਆਰ ਦਾ ਹੋਣਾ ਲਾਜ਼ਮੀ ਹੈ। ਸੇਵਾ ਦਾ ਕਾਰਜ-ਖੇਤਰ ਬਹੁਤ ਵਿਸ਼ਾਲ ਹੈ। ਪਰਮਾਤਮਾ ਅਤੇ ਉਸ ਦੀ ਰਚਨਾ ਵਿਚ ਵੱਸਣ ਵਾਲੇ ਹਰ ਜੀਵ-ਜੰਤੂ ਦੀ ਸੇਵਾ ਹੋ ਸਕਦੀ ਹੈ। ਸਾਰੀ ਕਾਇਨਾਤ ਹੀ ਸਾਡੀ ਮਿੱਤਰ ਬਣ ਜਾਂਦੀ ਹੈ। ਫਿਰ ਅਸੀਂ ਪੌਣ-ਪਾਣੀ, ਬਨਸਪਤੀ, ਧਰਤੀ ਤੇ ਬ੍ਰਹਿਮੰਡ ਦਾ ਸਤਿਕਾਰ ਕਰਨ ਲੱਗਦੇ

** ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੁਲੰਦਪੁਰੀ ਸਾਹਿਬ, ਨੇੜੇ ਮਹਿਤਪੁਰ, ਤਹਿ: ਨਕੋਦਰ ੧੪੪੦੪੧; (ਜਲੰਧਰ) ਮੋ. +੯੧ ੯੮੧੪੭-੧੬੩੬੭*

ਹਾਂ। ਆਪਣੇ ਗੁਰੂ, ਮਾਤਾ-ਪਿਤਾ, ਪਰਵਾਰ, ਸਮਾਜ ਅਤੇ ਚੌਗਿਰਦੇ ਆਦਿ ਦੀ ਸੇਵਾ ਕਰਨ ਨਾਲ ਚਾਅ ਅਤੇ ਉਮਾਹ ਪੈਦਾ ਹੁੰਦਾ ਹੈ। ਗੁਰਬਾਣੀ ਸੇਵਾ ਬਖਸ਼ਦੀ ਹੈ:

*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੭੧)*

ਸੇਵਾ ਅਤੇ ਸਿਮਰਨ ਦੇ ਖੰਭਾਂ ਰਾਹੀਂ ਅਸੀਂ ਆਪਣੇ ਅਸਲੀ ਆਦਰਸ਼ ਨੂੰ ਪ੍ਰਾਪਤ ਕਰ ਸਕਦੇ ਹਾਂ, ਜਿਵੇਂ ਫੁਰਮਾਨ ਹੈ:

*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੬)*

ਸਾਡੇ ਰੂਹਾਨੀ ਅਤੇ ਸੰਸਾਰਿਕ ਵਿਕਾਸ ਵਿਚ ਸੇਵਾ ਦਾ ਬਹੁਤ ਵੱਡਾ ਯੋਗਦਾਨ ਹੈ। ਪਹਿਲੇ ਪਾਤਸ਼ਾਹ ਜੀ ਸੇਵਾ ਨੂੰ ਸ੍ਰੇਸ਼ਟ ਕਰਨ ਅਤੇ ਮਹਾਂਫ਼ਲਦਾਇਕ ਮੰਨਦੇ ਹੋਏ ਫੁਰਮਾਉਂਦੇ ਹਨ:

*ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੯੨)*

ਸਾਰੇ ਗੁਰੂ ਸਾਹਿਬਾਨ ਨੇ ਸਰਬੱਤ ਦੇ ਭਲੇ ਲਈ ਨਿਸ਼ਕਾਮ ਸੇਵਾ ਦੇ ਪੂਰਨੇ ਪਾਏ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ (ਪ੍ਰਚਾਰ ਫੇਰੀਆਂ) ਕਰ ਕੇ ਸਾਰੀ ਮਨੁੱਖਤਾ ਨੂੰ ਪਿਆਰ, ਸਾਂਝੀਵਾਲਤਾ ਅਤੇ ਸੇਵਾ-ਸਿਮਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਸੱਚੇ ਮਾਰਗ 'ਤੇ ਚੱਲਣ ਦਾ ਰਸਤਾ ਦੱਸਦਿਆਂ ਸੇਵਾ ਦੇ ਮਾਰਗ ਦੀ ਨੀਂਹ ਰੱਖੀ। ਫਿਰ ਦੂਸਰੇ ਪਾਤਸ਼ਾਹ ਜੀ ਨੇ ਗੁਰੂ-ਸੇਵਾ, ਸਿੱਖੀ ਪ੍ਰਚਾਰ, ਲੰਗਰ ਦੀ ਮਰਿਆਦਾ, ਗੁਰਮੁਖੀ ਲਿਪੀ ਦਾ ਪ੍ਰਚਾਰ, ਮੱਲ ਅਖਾੜੇ ਲਾਉਣ ਦੀਆਂ ਮਰਿਆਦਾ ਚਲਾ ਕੇ ਸੇਵਾ ਵਿਚ ਹੋਰ ਗੂੜ੍ਹਾ ਰੰਗ ਭਰਿਆ। ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਦੂਸਰੇ ਪਾਤਸ਼ਾਹ ਜੀ ਦੀ ਬੇਮਿਸਾਲ ਸੇਵਾ, ਜਾਤ-ਪਾਤ ਅਤੇ ਛੂਤ-ਛਾਤ ਦਾ ਖਾਤਮਾ, ਪਰਦੇ ਦੀ ਰਸਮ ਅਤੇ ਸਤੀ ਪ੍ਰਥਾ ਨੂੰ ਦੂਰ ਕਰਨ ਦਾ ਉੱਦਮ, ਗੋਇੰਦਵਾਲ ਸਾਹਿਬ, ਬਉਲੀ ਸਾਹਿਬ ਦਾ ਸਥਾਪਨਾ ਅਨੇਕਾਂ ਪਰਉਪਕਾਰੀ ਕਾਰਜ ਹਨ। ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰੂ-ਘਰ ਦੀਆਂ ਇਮਾਰਤਾਂ ਦੀ ਸੇਵਾ, ਸੰਤੋਖਸਰ ਸਾਹਿਬ ਦੀ ਖੁਦਵਾਈ ਅਤੇ ਸ੍ਰੀ ਰਾਮਦਾਸਪੁਰ ਨਗਰੀ ਵਸਾਉਣ ਵਾਲੇ ਕਾਰਜ ਅਤਿਅੰਤ ਸ਼ੋਭਨੀਕ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਿੱਖੀ ਪ੍ਰਚਾਰ ਦੀ ਸੇਵਾ, ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਤਰਨ ਤਾਰਨ ਸਾਹਿਬ ਦੀ ਸਥਾਪਨਾ, ਖੂਹਾਂ ਅਤੇ ਬਉਲੀਆਂ ਦੀ ਸੇਵਾ, ਬੀਮਾਰਾਂ ਯਤੀਮਾਂ, ਲਾਵਾਰਸਾਂ ਲਈ ਆਸ਼ਰਮ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਸ੍ਰੀ ਕਰਤਾਰਪੁਰ ਸਾਹਿਬ ਦੀ ਸਥਾਪਨਾ ਵਰਗੇ ਅਨੇਕਾਂ ਕਾਰਜ ਇਨਸਾਨੀਅਤ ਦੇ ਭਲੇ ਵਾਲੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਮਜ਼ਲੂਮਾਂ ਦੀ ਰੱਖਿਆ ਲਈ ਸ਼ਸਤਰ ਉਠਾਉਣੇ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਆਪ ਜੀ ਦੀ ਨਿਰਭੈ-ਨਿਰਵੈਰ ਸ਼ਖ਼ਸੀਅਤ ਦਾ ਕਮਾਲ ਹੈ। ਸ੍ਰੀ ਗੁਰੂ

ਹਰਿਰਾਇ ਸਾਹਿਬ ਜੀ ਵੱਲੋਂ ਬਾਗ-ਬਗੀਚੇ ਅਤੇ ਰੱਖਾਂ ਬਣਵਾਉਣੀਆਂ, ਔਸ਼ਧੀਜਨਕ ਪੌਦੇ ਲਗਵਾਉਣੇ, ਜੀਵ-ਜੰਤੂਆਂ ਲਈ ਹਸਪਤਾਲ ਬਣਵਾਉਣੇ ਆਦਿ ਕਿੰਨੀ ਕੋਮਲਤਾ ਅਤੇ ਹਮਦਰਦੀ ਦਾ ਸਬੂਤ ਹਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਤਾਂ ਰੋਗੀਆਂ ਨੂੰ ਠੀਕ ਕਰਨ ਲਈ ਆਪਣਾ ਪਾਵਨ ਸਰੀਰ ਹੀ ਲੇਖੇ ਲਾ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਅਨੇਕਾਂ ਰੁੱਖ ਲਗਵਾਏ, ਖੂਹ ਤੇ ਬਾਉਲੀਆਂ ਲਗਵਾਈਆਂ ਅਤੇ ਸ੍ਰੀ ਅਨੰਦਪੁਰ ਸਾਹਿਬ ਵਸਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਦੀ ਸੇਵਾ ਲਈ ਸਾਰਾ ਸਰਬੰਸ ਕੁਰਬਾਨ ਕਰ ਦਿੱਤਾ। ਸੁੱਤੀਆਂ ਹੋਈਆਂ ਆਤਮਾਵਾਂ ਵਿਚ ਜਾਗ੍ਰਿਤੀ ਅਤੇ ਵੀਰਤਾ ਪੈਦਾ ਕੀਤੀ, ਖਾਲਸਾ ਪੰਥ ਦੀ ਸਿਰਜਣਾ ਕਰ ਕੇ ਦੇਗ ਅਤੇ ਤੇਗ ਦੀਆਂ ਦਾਤਾਂ ਬਖ਼ਸ਼ੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੇਵਾ ਦੀ ਬਹੁਤ ਮਹਾਨਤਾ ਦੱਸੀ ਗਈ ਹੈ:

*ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥*
*ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੬)*

ਸੇਵਾ ਇਕ ਸਾਧਨਾ ਹੈ, ਇਕ ਸੰਤੋਖ ਹੈ, ਇਕ ਅਨੰਦ ਹੈ, ਇਕ ਸ੍ਰੇਸ਼ਟ ਕਰਮ ਹੈ। ਆਤਮ-ਸਮਰਪਣ, ਅਣਥੱਕ ਮਿਹਨਤ, ਸ਼ਰਧਾ, ਪਿਆਰ, ਹਮਦਰਦੀ ਨਾਲ ਲਬਰੇਜ਼ ਹਿਰਦੇ ਹੀ ਸੱਚੇ ਸੇਵਕ ਬਣ ਕੇ ਪਰਮਾਤਮਾ ਦੀ ਖੁਸ਼ੀ ਹਾਸਲ ਕਰਦੇ ਹਨ। ਭਾਈ ਘਨ੍ਹੱਈਆ ਜੀ, ਭਗਤ ਪੂਰਨ ਸਿੰਘ ਜੀ ਅਤੇ ਹੋਰ ਅਨੇਕਾਂ ਹੀ ਸੇਵਾ ਨੂੰ ਸਮਰਪਿਤ ਸਿੱਖ ਸੰਸਥਾਵਾਂ ਵੱਲੋਂ ਸੇਵਾ ਦੇ ਕਾਰਜ ਕੀਤੇ ਜਾ ਰਹੇ ਹਨ ਜੋ ਕਿ ਬੇਮਿਸਾਲ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬)*

ਗੁਰਬਾਣੀ ਵਿਚ ਸੱਚੀ ਅਤੇ ਨਿਸ਼ਕਾਮ ਸੇਵਾ 'ਤੇ ਜ਼ੋਰ ਦਿੱਤਾ ਗਿਆ ਹੈ। ਸੇਵਾ ਕੀਤਿਆਂ ਜਿੱਥੇ ਆਤਮਿਕ ਸ਼ਾਂਤੀ, ਸਕੂਨ ਅਤੇ ਨਿਰਮਾਣਤਾ ਪੈਦਾ ਹੁੰਦੀ ਹੈ, ਉੱਥੇ ਹੀ ਰੂਹਾਨੀਅਤ ਦਾ ਚਾਨਣ ਪ੍ਰਾਪਤ ਹੁੰਦਾ ਹੈ।

ਸਾਨੂੰ ਦਸਵੰਧ ਕੱਢਣ ਦਾ ਹੁਕਮ ਹੈ ਜਿਸ ਨਾਲ ਵੰਡ ਛਕਣ ਲੋੜਵੰਦ ਦੀ ਸਹਾਇਤਾ ਦੀ ਪ੍ਰੇਰਨਾ ਮਿਲਦੀ ਹੈ। ਇਉਂ ਇਕ ਸਿਹਤਮੰਦ ਸਮਾਜ ਦੀ ਸਥਾਪਨਾ ਹੁੰਦੀ ਹੈ। ਸਿੱਖੀ ਵਿਚ ਹਮੇਸ਼ਾ ਸੇਵਾ ਕਰਨ ਦਾ ਚਾਉ ਹੁੰਦਾ ਹੈ, ਕੋਈ ਸਿੱਖ ਕਦੇ ਮੰਗਤਾ ਨਹੀਂ ਬਣਦਾ। ਨਾਮ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ ਅਤੇ ਸੇਵਾ ਕਰਨ ਨਾਲ ਨਾਮ ਦਾ ਵਾਸਾ ਮਨੁੱਖ ਦਾ ਅੰਦਰਲਾ ਨੂੰ ਨੂਰੋ-ਨੂਰ ਕਰ ਦਿੰਦਾ ਹੈ। ਨਾਮ ਜਪਣਾ ਹੀ ਪਰਮਾਤਮਾ ਦੀ ਸੇਵਾ ਹੈ। ਭਗਤ ਕਬੀਰ ਜੀ ਫੁਰਮਾਉਂਦੇ ਹਨ:

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੩)*

ਅੱਜ ਸਿੱਖੀ ਦੀ ਸੇਵਾ ਦੀ ਖੁਸ਼ਬੂ ਦੁਨੀਆ ਭਰ ਵਿਚ ਫੈਲੀ ਹੋਈ ਹੈ। ਸੇਵਾ ਦਾ ਕਾਰਜ ਪਰਵਾਰਿਕ, ਸਮਾਜਿਕ, ਸਮੂਹਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਹੋ ਸਕਦਾ ਹੈ। ਮਨੁੱਖਤਾ ਬਹੁਤ ਦੁਖੀ ਹੈ, ਗੁਰਸਿੱਖੀ ਸਾਨੂੰ ਦੁਖੀ ਮਾਨਵਤਾ ਦੇ ਰਾਹਾਂ ਦੇ ਕੰਡੇ ਚੁਗਣ ਲਈ ਪ੍ਰੇਰਿਤ ਕਰਦੀ ਹੈ। ਗੁਰਦੁਆਰਾ ਸਾਹਿਬਾਨ, ਪਿੰਗਲਵਾੜੇ, ਯਤੀਮਖਾਨੇ, ਦਵਾਖਾਨੇ, ਕੋਹੜੀਘਰਾਂ ਅਤੇ ਵਿੱਦਿਅਕ ਅਦਾਰਿਆਂ ਵਿਚ ਸੇਵਾ ਕਰਨ ਨਾਲ ਜਿੱਥੇ ਤਨ ਪਵਿੱਤਰ ਹੁੰਦੇ ਹਨ, ਉੱਥੇ ਹੀ ਸ਼ਬਦ ਦੀ ਸੂਝ ਪ੍ਰਾਪਤ ਕਰ ਕੇ, ਵਿਚਾਰਾਂ ਰਾਹੀਂ ਸ਼ੁਭ ਕਰਮਾਂ ਰਾਹੀਂ ਗੁਰੂ ਮਹਾਰਾਜ ਜੀ ਦੇ ਸੰਦੇਸ਼ਾਂ ਅਤੇ ਉਪਦੇਸ਼ਾਂ ਰਾਹੀਂ ਅਸੀਂ ਅਧਿਆਤਮਕ ਸੇਵਾ ਕਮਾ ਸਕਦੇ ਹਾਂ:

*ਗੁਰ ਕੀ ਸੇਵਾ ਸਬਦੁ ਵੀਚਾਰੁ॥*
*ਹਉਮੈ ਮਾਰੇ ਕਰਣੀ ਸਾਰੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੩)*

■

---

***ਪੋਥੀ ਪਰਮੇਸਰ ਕਾ ਥਾਨੁ*** ***ਸਫ਼ਾ ੨੪ ਦਾ ਬਾਕੀ***

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾਵਿ ਪਰੰਪਰਾ ਦੀ ਵੀ ਉੱਤਮ ਉਦਾਹਰਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਕਾਵਿ ਰੂਪ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਬੇਸ਼ਕ ਕਾਵਿ ਰੂਪ ਵਿਚ ਹੈ ਅਤੇ ਇਸ ਵਿਚ ਵੱਖ-ਵੱਖ ਭਾਸ਼ਾਵਾਂ ਦਾ ਪ੍ਰਯੋਗ ਕੀਤਾ ਗਿਆ ਹੈ, ਪਰ ਫਿਰ ਵੀ ਇਹ ਸ਼ੈਲੀ ਆਮ ਲੋਕਾਂ ਦੀ ਸਮਝ ਆਉਣ ਵਾਲੀ ਹੈ। ਇਸ ਦਾ ਮਨੋਰਥ ਵੀ ਸਾਧਾਰਨ ਮਨੁੱਖਾਂ ਨੂੰ ਸੁਚੱਜੀ ਜੀਵਨ-ਜਾਚ ਸਿਖਾ ਕੇ ਜੀਵਨ ਦੇ ਅਸਲ ਪੰਧ ਵੱਲ ਤੋਰਨ ਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜਰਾ ਹਜੂਰ ਗੁਰੂ ਹੋਣ ਦੇ ਨਾਲ ਨਾਲ ਕਾਵਿ ਸ਼ੈਲੀ, ਭਾਸ਼ਾ, ਸੰਪਾਦਨ ਕਲਾ ਅਤੇ ਸਮਾਜਿਕ ਬਰਾਬਰਤਾ ਦੀ ਉੱਤਮ ਉਦਾਹਰਨ ਹਨ। ਇਸ ਲੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਸੰਖੇਪ ਰੂਪ ਵਿਚ ਵਿਚਾਰ ਪੇਸ਼ ਕੀਤੇ ਗਏ ਹਨ। ਗੁਰੂ ਸਾਹਿਬ ਦੇ ਇਨ੍ਹਾਂ ੧੪੩੦ ਅੰਗਾਂ ਵਿਚ ਮਨੁੱਖ ਦੇ ਅਧਿਆਤਮਿਕ ਅਤੇ ਸਮਾਜਿਕ ਜੀਵਨ ਦਾ ਸਾਰ ਦਿੱਤਾ ਗਿਆ ਹੈ। ਸਚਿਆਰ ਮਨੁੱਖ ਬਣ ਕੇ ਕਿਸ ਤਰਾਂ ਸਮਾਜ ਵਿਚ ਵਿਚਰਦੇ ਹੋਏ ਧਾਰਮਿਕ ਜੀਵਨ ਪੰਧ ਮੁਕਾਉਣਾ ਹੈ ਇਹ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੱਸਦੇ ਹਨ। ਸ੍ਰੀ ਗੁਰੂ ਸਾਹਿਬ ਦੀ ਬਾਣੀ ਤੋਂ ਸੇਧ ਲੈ ਕੇ ਜੀਵਣ ਜਿਊਣਾ ਹੀ ਹਰੇਕ ਸਿੱਖ ਦਾ ਕਰਤੱਵ ਹੈ।

■

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹਿਮ ਮਾਸਿਕ ਪੱਤਰ: ਗੁਰਦੁਆਰਾ ਗਜ਼ਟ ਦਾ ਇਤਿਹਾਸ

*-ਡਾ. ਰਣਜੀਤ ਕੌਰ ਪੰਨਵਾਂ**

ਕਿਸੇ ਵੀ ਉੱਚ ਸੰਸਥਾ ਦਾ ਹਾਲ ਜਾਣਨ ਲਈ ਉਸ ਦੇ ਦਸਤਾਵੇਜਾਂ, ਗਜ਼ਟ, ਰਸਾਲਿਆਂ ਅਤੇ ਸਾਹਿਤ ਦਾ ਵਡਮੁੱਲਾ ਯੋਗਦਾਨ ਹੁੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ (੧੯੨੦ ਈ.) ਸਿੱਖਾਂ ਦੀ ਸਿਰਮੌਰ ਸੰਸਥਾ ਹੈ। ਅਜੋਕੇ ਸਮੇਂ ਵਿਚ ਇਸ ਬਾਰੇ ਜਾਣਨ ਦੀ ਹਰੇਕ ਜਗਿਆਸੂ ਦੀ ਚਾਹਤ ਬਣੀ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਪੁਖਤਾ ਜਾਣਕਾਰੀ ਲੈਣ ਲਈ 'ਗੁਰਦੁਆਰਾ ਗਜ਼ਟ' ਮਾਸਿਕ ਪੱਤਰ ਬਹੁਤ ਮਹੱਤਵਪੂਰਨ ਸ੍ਰੋਤ ਹੈ। ਇਸ ਮਾਸਿਕ ਪੱਤਰ ਨੂੰ ਛਾਪਣ ਬਾਰੇ ਵਿਚਾਰ-ਵਿਮਰਸ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਜਨਰਲ ਇਕੱਤਰਤਾ ਮਿਤੀ ੦੮-੧੦-੧੯੨੭ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪ੍ਰਧਾਨ, ਸ. ਖੜਗ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਸ. ਸ਼ਮਸ਼ੇਰ ਸਿੰਘ ਅਸ਼ੋਕ ਮਾਸਿਕ ਪੱਤਰ 'ਗੁਰਦੁਆਰਾ ਗਜ਼ਟ' ਦੇ ਪ੍ਰਾਰੰਭ 'ਗੁਰਮਤਾ' ਸਿਰਲੇਖ ਹੇਠ ਲਿਖਦੇ ਹਨ ਕਿ ਗਿ: ਕਰਤਾਰ ਸਿੰਘ ਜੀ ਲਾਇਲਪੁਰੀ ਦੀ ਤਜਵੀਜ਼ ਤੇ ਸ. ਸਾਧੂ ਸਿੰਘ ਜੀ ਲਾਇਲਪੁਰੀ ਦੀ ਤਾਈਦ ਨਾਲ ਹੇਠ ਲਿਖਿਆ ਗੁਰਮਤਾ ਸਰਬ ਸੰਮਤੀ ਨਾਲ ਪਾਸ ਹੋਇਆ:

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਆਮ ਇਜਲਾਸ ਪਾਸ ਕਰਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ; ਲੋਕਲ ਗੁਰਦੁਆਰਾ ਕਮੇਟੀਆਂ ਅਤੇ ਗੁਰਦੁਆਰਿਆਂ ਸਬੰਧੀ ਜਰੂਰੀ ਤੇ ਠੀਕ-ਠਾਕ ਹਾਲਾਤ ਦੱਸਣ ਲਈ ਇਕ ਮਾਸਿਕ ਪੱਤ੍ਰ ਪ੍ਰਕਾਸ਼ਿਤ ਕੀਤਾ ਜਾਇਆ ਕਰੇ ਤੇ ਇਸ ਪੱਤਰ ਦਾ ਨਾਮ "ਗੁਰਦੁਆਰਾ ਗਜ਼ਟ" ਰੱਖਿਆ ਜਾਵੇ। ਇਸ ਪੱਤ੍ਰ ਰਾਹੀਂ ਸਰਕਾਰੀ ਗਜ਼ਟ ਵਾਂਗ ਗੁਰਦੁਆਰਿਆਂ ਸੰਬੰਧੀ ਇਤਲਾਹ ਦਿੱਤੀ ਜਾਇਆ ਕਰੇ। ਇਹ ਗੁਰਦੁਆਰਾ ਗਜ਼ਟ ਚਲਾਉਣ ਵਾਸਤੇ ਚੰਦੇ ਆਦਿ ਬਾਕੀ ਰਹਿੰਦੀਆਂ ਗੱਲਾਂ ਦਾ ਫ਼ੈਸਲਾ ਅੰਤ੍ਰਿੰਗ ਕਮੇਟੀ ਕਰੇ।"[੧]

ਇੰਵ ਇਹ ਗੁਰਮਤਾ ਪਾਸ ਹੋਣ ਤੋਂ ਬਾਅਦ ਇਹ ਮਾਸਿਕ ਪੱਤਰ ਛਪਣਾ ਸ਼ੁਰੂ ਹੋ ਗਿਆ। ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ ਕੇਂਦਰ ਦੀ ਰੈਫ਼ਰੈਂਸ ਲਾਇਬ੍ਰੇਰੀ ਵਿਚ ਇਸ ਪਰਚੇ ਦੇ ਅੰਕ ਅਪ੍ਰੈਲ, ੧੯੨੯ ਈ. ਤੋਂ ਸ਼ੁਰੂ ਹੁੰਦੇ

** ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਹਨ। ਇਸ ਅੰਕ ਉੱਪਰ ਜਿਲਦ ੨ ਚੇਤਰ- ਵਿਸਾਖ ਸੰ: ਖਾ: ੨੩੧ ਮੁਤਾਬਿਕ ਅਪ੍ਰੈਲ, ੧੯੨੯ (ਨੰ:੧) ਲਿਖਿਆ ਹੋਇਆ ਹੈ। ਇਹ ਪਰਚਾ ਓਅੰਕਾਰ ਪ੍ਰੈੱਸ,(ਪੁਰਾਣਾ ਤਾਰ ਘਰ) ਅੰਮ੍ਰਿਤਸਰ ਤੋਂ ਸ. ਜੈਮਲ ਸਿੰਘ 'ਕੋਹਾਟੀ' ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਛਪਿਆ ਅਤੇ ਦਫ਼ਤ੍ਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਿਚੋਂ ਪ੍ਰਕਾਸ਼ਿਤ ਹੋਇਆ। ਉਸ ਸਮੇਂ ਐਡੀਟਰ ਸ. ਜੈਮਲ ਸਿੰਘ 'ਕੋਹਾਟੀ' ਸਨ।[੭] ਇਸ ਅਪ੍ਰੈਲ, ੧੯੨੯ ਈ. ਵਾਲੇ ਪਰਚੇ ਉੱਪਰ ਲਿਖੇ ਜਿਲਦ ਨੰ:੨ ਅੰਕ ਤੋਂ ਵੀ ਸਿੱਧ ਹੁੰਦਾ ਹੈ ਕਿ ੮ ਅਕਤੂਬਰ, ੧੯੨੭ ਨੂੰ ਮਤਾ ਪੈ ਜਾਣ ਪਿਛੋਂ ਲਗਪਗ ਮਾਰਚ-ਅਪ੍ਰੈਲ, ੧੯੨੮ ਤੋਂ ਸ਼ੁਰੂ ਹੋ ਗਿਆ ਸੀ। ਇਸ ਬਾਰੇ ਗਜ਼ਟ ਦੇ ਮਾਰਚ, ੧੯੩੦ ਈ. ਵਾਲੇ ਅੰਕ ਵਿਚ ਛਪੀ ਸੂਚਨਾ ਵੀ ਇਸ ਤਥ ਦੀ ਪ੍ਰੋੜ੍ਹਤਾ ਕਰਦੀ ਹੈ:-

"(ਭਾਗ ੮)"

**ਗੁਰਦੁਆਰਾ ਗਜ਼ਟ ਦੇ ਗਾਹਕਾਂ ਦੇ ਧਿਆਨ ਯੋਗ**

ਗੁਰਦੁਆਰਾ ਗਜ਼ਟ ਦੇ ਸਮੂੰਹ ਪਾਠਕਾਂ, ਖਾਸ ਕਰਕੇ ਤੇ ਗੁਰਦੁਆਰਾ ਕਮੇਟੀਆਂ ਦੇ ਜਿਮੇਂਵਾਰ ਸਜਣਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਗਜ਼ਟ ਦਾ ਦੂਜਾ ਵਰ੍ਹਾ ਇਸ ਪਰਚੇ ਤੋਂ ਖ਼ਤਮ ਹੋ ਗਿਆ ਹੈ। ਇਸ ਲਈ ਆਪ ਆਪਣਾ ਅਗਲੇ ਸਾਲ ਦਾ ਚੰਦਾ ੨॥) ਮਨੀ ਆਡਰ ਰਾਹੀਂ ਸ਼ੀਘਰ ਹੀ ਭੇਜ ਦਿਓ। ਜਿਨ੍ਹਾਂ ਗੁਰਦੁਆਰਾ ਕਮੇਟੀਆਂ ਵਲੋਂ ਪਹਿਲੀ ਮਈ ਤਕ ਚੰਦਾ ਮਨੀਆਰਡਰ ਰਾਹੀਂ ਨਾ ਪੁਜਾ, ਉਨ੍ਹਾਂ ਨੂੰ ਅਗਲਾ ਪਰਚਾ ਵੀ.ਪੀ. ਦੁਵਾਰਾ ਭੇਜਿਆ ਜਾਵੇਗਾ। ਜੇਹੜੇ ਸਜਣ ਜਾਂ ਗੁਰਦੁਆਰਾ ਕਮੇਟੀਆਂ ਅਗਲੇ ਗਜ਼ਟ ਨ ਖਰੀਦਨਾ ਚਾਹੁਨ ਉਹ ਪਹਿਲਾਂ ਹੀ ਇਤਲਾਹ ਦੇ ਦੇਨ ਤਾਂ ਜੋ ਵੀ. ਪੀ. ਦਾ ਵਾਧੂ ਖਰਚ ਦਾ ਨੁਕਸਾਨ ਨ ਹੋਵੇ।"

ਅਪ੍ਰੈਲ, ੧੯੨੯ ਈ. ਵਾਲੇ ਅੰਕ 'ਚ ਪਰਚੇ ਦਾ ਤਤਕਰਾ ਨਹੀਂ ਹੁੰਦਾ ਸੀ ਪਰ ਇਸ ਪਰਚੇ ਵਿਚ ਦਿਤੀ ਜਾਣ ਵਾਲੀ ਜਾਣਕਾਰੀ ਨੂੰ ਅੱਠ ਭਾਗਾਂ ਵਿਚ ਵੰਡਿਆ ਹੁੰਦਾ ਸੀ:-

ਭਾਗ ੧- ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀਆਂ ਸਾਰੀਆਂ ਇਕੱਤ੍ਰਤਾਵਾਂ ਦੀ ਕਾਰਵਾਈ ਅਦਿ।

ਭਾਗ ੨- ਗੁਰਦੁਆਰਾ ਕਮੇਟੀਆਂ

ਭਾਗ ੩- ਕਾਨੂੰਨੀ ਮਹਿਕਮੇ ਦੀ ਰੀਪੋਰਟ।

ਭਾਗ ੪- ਗੁ: ਐਕਟ ਦੀ ਦਫ਼ਾ ੭ (੩) ਅਨੁਸਾਰ ਗੁਰਦੁਆਰਿਆਂ ਦੀ ਲਿਸਟ।

ਭਾਗ ੫- ਸ਼੍ਰੋਮਣੀ ਗੁ: ਪ੍ਰ: ਕਮੇਟੀ ਆਮਦਨ/ਖਰਚ ਦਾ ਚਿੱਠਾ।

ਭਾਗ ੬- ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਚਾਰ ਦੀ ਰੀਪੋਰਟ।

ਭਾਗ ੭- ਮੁਲਾਜ਼ਮਾਂ ਦੀ ਭਰਤੀ, ਤਕਰੱਰੀਆਂ, ਮੌਕੂਫ਼ੀਆਂ।

ਭਾਗ ੮ -ਫੁਟਕਲ।

ਇਸ ਸਾਲ ਦੇ ਅੰਕਾਂ ਵਿਚ ਪੰਨਿਆਂ ਦੀ ਸਮੁੱਚੀ ਗਿਣਤੀ ਨਹੀਂ ਦਿੱਤੀ ਜਾਂਦੀ ਸੀ, ਉੱਪਰ ਦਰਸਾਏ ਭਾਗਾਂ ਅਨੁਸਾਰ ਹਰੇਕ ਭਾਗ ਦੇ ਅਲਗ- ਅਲਗ ਪੰਨਾ ਅੰਕ ਲੱਗੇ ਹੁੰਦੇ ਸਨ ਅਤੇ ਜਿਸ ਭਾਗ ਵਿਚ ਛਾਪਣ ਲਈ ਮੈਟਰ ਨਹੀਂ ਹੁੰਦਾ ਸੀ। ਉਸ ਭਾਗ ਦਾ ਅੰਕ ਦੇ ਕੇ ਇੰਝ ਲਿਖਿਆ ਹੁੰਦਾ ਸੀ- ਭਾਗ ੩ - ਕੁਝ ਨਹੀਂ। ਅਰੰਭਕ ਦੌਰ 'ਚ ਇਹ ਪਰਚਾ ਰਜਿਸਟਰ ਦੇ ਵੱਡੇ ਪੰਨਿਆਂ ਦੇ ਅਕਾਰ 'ਚ ਲਗਪਗ ੧੫ ਤੋਂ ੨੦ ਕੁ ਪੰਨਿਆਂ ਦਾ ਪ੍ਰਕਾਸ਼ਿਤ ਹੁੰਦਾ ਸੀ। ਇਸ ਦੇ ਟਾਈਟਲ ਪੰਨੇ ਉਪਰ ਖੱਬੇ ਹੱਥ ਤਾਰ ਦਾ ਪਤਾ: 'ਗੁਰਦ੍ਵਾਰਾ' ਟੈਲੀਫੂਨ ਨੰ: '੯੩੩' R.L.NO. ੨੨੭੫ ਅਤੇ ਗੁਰਬਾਣੀ ਦੀਆਂ ਨਿਮਨ ਤੁਕਾਂ ਛਪਦੀਆਂ ਸਨ:-

*-ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ॥*
*ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ॥*
*-ਲਾਹਾ ਨਾਮੁ ਪਾਏ ਗੁਰ ਦੁਆਰਿ॥*

ਪੰਕਤੀਆਂ ਦੇ ਹੇਠਾਂ ਸ਼੍ਰੋਮਣੀ ਕਮੇਟੀ ਦਾ ਪੁਰਾਣਾ ਲੋਗੋ ਛਪਿਆ ਹੁੰਦਾ ਸੀ, ਲੋਗੋ ਦੇ ਹੇਠਾਂ ਫਿਰ ਗੁਰਬਾਣੀ ਦੀ ਤੁਕ *ਗੁਰੂ ਦੁਆਰੈ ਹੋਇ ਸੋਝੀ ਪਾਇਸੀ॥* ਲਿਖੀ ਹੁੰਦੀ ਸੀ। ਅੰਗਰੇਜ਼ੀ ਭਾਸ਼ਾ ਵਿਚ ਟਾਈਟਲ ਪੰਨੇ 'ਤੇ 'A Monthly Organ of the S.G.P.C.' ਲਿਖੀ ਹੁੰਦੀ ਸੀ। ਟਾਈਟਲ ਪੰਨੇ 'ਤੇ ਹੀ ਅੱਠ ਭਾਗਾਂ ਦੀ ਵੰਡ ਕਰ ਕੇ ਅੰਦਰਲੀ ਪਾਠ- ਸਮਗਰੀ ਦੀ ਜਾਣਕਾਰੀ ਦਿੱਤੀ ਹੁੰਦੀ ਸੀ। 'ਗੁਰਦੁਆਰਾ ਗਜ਼ਟ' ਦੇ ਜਿਹੜੇ ਅੰਕ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਉਪਲਬਧ ਹਨ, ਉਹ ਅਪ੍ਰੈਲ, ੧੯੩੧ ਈ. ਤੋਂ ਸ਼ੁਰੂ ਹੁੰਦੇ ਹਨ। ਉਨ੍ਹਾਂ ਵਿੱਚੋਂ ਮਿਲਦੀ ਜਾਣਕਾਰੀ ਅਨੁਸਾਰ ਮਾਸਿਕ ਪੱਤਰ ਦੀ ਜਿਲਦ ੩, ਨੰ: ੩ ਅਪ੍ਰੈਲ, ੧੯੩੧ ਈ. ਵਿਚ ਇਸ ਪੱਤਰ ਦਾ ਨਾਂ "ਗੁਰਦ੍ਵਾਰਾ ਗਜ਼ਟ ਲਾਹੌਰ" ਮਦਨ ਪ੍ਰਿੰਟਿੰਗ ਪ੍ਰੈਸ ਹਸਪਤਾਲ ਰੋਡ (ਅਨਾਰਕਲੀ) ਲਾਹੌਰ ਵਿਚ ਸ. ਹਰਨਾਮ ਸਿੰਘ ਪ੍ਰਿੰਟਰ, ਪਬਲੀਸ਼ਰ ਦੇ ਯਤਨ ਨਾਲ ਛਪਿਆ ਅਤੇ ਦਫ਼ਤਰ ਗੁਰਦ੍ਵਾਰਾ ਗਜ਼ਟ ਚਬੁਰਜੀ ਤੋਂ ਪ੍ਰਕਾਸ਼ਿਤ ਹੋਇਆ। ਇਸ ਪੱਤਰ ਦੀ ਕੀਮਤ ਇਕ ਕਾਪੀ ੧ ਅਤੇ ਸਲਾਨਾ ਚੰਦਾ ੨॥ ਲਿਖਿਆ ਹੋਇਆ ਅਤੇ ਮੁੱਖ ਪੰਨੇ ਉੱਪਰ

*ਸਤਿਗੁਰੂ ਫੁਰਮਾਇਆ ਕਾਰੀ ਏਹੁ ਕਰੇਹੁ॥*
*ਗੁਰੂ ਦੁਆਰੇ ਹੋਇ ਕੈ ਸਾਹਿਬ ਸੰਮਾਲੇਹੁ॥*

ਗੁਰਬਾਣੀ ਦੀਆਂ ਪੰਕਤੀਆਂ ਲਿਖੀਆਂ ਹੋਈਆਂ ਸਨ। ਪਹਿਲੇ ਅੰਕਾਂ ਵਿਚ ਟਾਈਟਲ ਪੰਨੇ 'ਤੇ ਛਪੀਆਂ *ਲਾਹਾ ਨਾਮੁ ਪਾਏ ਗੁਰਦੁਆਰਿ॥* ਅਤੇ *ਗੁਰੂ ਦੁਆਰੈ ਹੋਇ ਸੋਝੀ ਪਾਇਸੀ॥* ਪੰਕਤੀਆਂ ਨਹੀਂ ਛਪਦੀਆਂ ਸਨ। ਇਸ ਅੰਕ 'ਤੇ ਕੋਈ ਤਤਕਰਾ ਨਹੀਂ, ਲਗਪਗ ੧੯੩੧ ਈ. ਤੋਂ ਲੈ ਕੇ ੧੯੬੦ ਈ. ਤਕ ਤਤਕਰਾ

ਆਦਿਕ ਨਹੀਂ ਛਪਦਾ ਸੀ। ਜਨਵਰੀ, ੧੯੩੧ ਈ. ਦੇ ਅੰਕ ਦੇ ਭਾਗ ੮ 'ਚ ਛਪੀ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਪ੍ਰੈੱਸ ਆਰਡੀਨੈਨਸ ਜਾਰੀ ਹੋ ਜਾਣ ਦੇ ਕਾਰਨ ਪਰਚਾ ਅਪ੍ਰੈਲ, ੧੯੩੦ ਈ. ਤੋਂ ਬੰਦ ਹੋ ਗਿਆ ਸੀ:-

"(ਭਾਗ ੮)"

ਫੁਟਕਲ

'ਗੁਰਦਵਾਰਾ ਗਜ਼ਟ' ਦੇ ਪਾਠਕਾਂ ਦੇ ਧਿਆਨ ਯੋਗ!

ਸਮੂੰਹ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਤੇ ਗਜ਼ਟ ਦੇ ਹੋਰ ਪਾਠਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਇਹ ਤਾਂ ਆਪ ਨੂੰ ਪਤਾ ਹੀ ਹੈ ਕਿ ਮਹੀਨਾ ਅਪਰੈਲ ੧੯੩੦ ਤੋਂ ਪ੍ਰੈਸ ਆਰਡੀਨੈਨਸ (ਆਰਡੀਨੈਂਸ) ਜਾਰੀ ਹੋ ਜਾਣ ਦੇ ਕਾਰਨ ਓਅੰਕਾਰ ਪ੍ਰੈਸ, ਜਿਸ ਵਿਚ ਕਿ ਗਜ਼ਟ ਛਪਦਾ ਹੈ, ਬੰਦ ਹੋ ਗਿਆ ਸੀ, ਜਿਸ ਲਈ ਕਿ ਅਪਰੈਲ ੧੯੩੦ ਤੋਂ ਪਿਛੋਂ ਕੋਈ ਪਰਚਾ ਪਰਕਾਸ਼ਤ ਨਹੀਂ ਹੋ ਸਕਿਆ। ਹੁਣ ਇਹ ਪਰਚਾ ਨੰ: ੨ ਮਹੀਨਾ ਜਨਵਰੀ ਦਾ ਹੀ ਛਪਿਆ ਹੈ। ਪਾਠਕ ਜਨ ਨੋਟ ਕਰ ਲੈਣ।

**'ਗੁਰਦਵਾਰਾ ਗਜ਼ਟ' ਦਾ ਪਿਛਲਾ ਸਾਲ ਖ਼ਤਮ**

ਮਹੀਨਾ ਅਪਰੈਲ ੧੯੩੦ ਤੋਂ 'ਗੁਰਦੁਵਾਰਾ ਗਜ਼ਟ' ਦਾ ਦੂਜਾ ਵਰ੍ਹਾ ਖ਼ਤਮ ਹੋ ਚੁਕਾ ਹੈ। ਉਹ ਪਰਚਾ ਵੀ. ਪੀ. ਪੀ. ਦੁਵਾਰਾ ਹੀ ਭੇਜਣਾ ਸੀ, ਪਰ ਚੂੰਕਿ ਪਰਚਾ ਬੰਦ ਹੋ ਗਿਆ ਸੀ, ਇਸ ਲਈ ਵੀ. ਪੀ. ਪੀ. ਨਹੀਂ ਭੇਜੇ ਗਏ। ਹੁਣ ਫੇਰ ਇਸ ਪਰਚੇ ਦਵਾਰਾ ਗੁਰਦੁਵਾਰਾ ਕਮੇਟੀਆਂ ਦੇ ਮਾਨਯੋਗ ਜ਼ਿਮੇਵਾਰਾਂ ਤੇ ਹੋਰ ਗਾਹਕਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਏਸ ਚਲਦੇ ਸਾਲ ਦਾ ਚੰਦਾ ੨॥ ਮਨੀਆਰਡਰ ਦਵਾਰਾ ਭੇਜਣ ਦੀ ਕ੍ਰਿਪਾ ਕਰਨ। ਜਿਨ੍ਹਾਂ ਗੁਰਦਵਾਰਾ ਕਮੇਟੀਆਂ ਵੱਲੋਂ ੧ ਫਰਵਰੀ ਤੀਕ ਚੰਦਾ ਮਨੀਆਰਡਰ ਦਵਾਰਾ ਨਾ ਪਹੁੰਚਿਆ, ਉਨ੍ਹਾਂ ਨੂੰ ਵੀ. ਪੀ. ਪੀ. ਭੇਜਿਆ ਜਾਵੇਗਾ। ਚੰਗਾ ਹੈ ਕਿ ਗੁਰਦੁਆਰਾ ਕਮੇਟੀਆਂ ਦੇ ਪ੍ਰਧਾਨ ਸਾਹਿਬ ਆਪਣਾ ਚੰਦਾ ਮਨੀਆਰਡਰ ਦਵਾਰਾ ਭੇਜ ਦੇਣ, ਤਾਕਿ ਵੀ. ਪੀ. ਪੀ ਦਾ ਵਾਧੂ ਖ਼ਰਚ ਨਾ ਪਏ।[੩]

ਅਪ੍ਰੈਲ, ੧੯੩੧ ਈ. ਦੇ ਅੰਕ ਦੀ ਸ਼ੁਰੂਆਤ ਵਿਚ ਛਪੇ 'ਐਡੀਟੋਰੀਅਲ ਨੋਟ' ਅਤੇ 'ਜ਼ਰੂਰੀ ਬੇਨਤੀ' ਸਿਰਲੇਖ ਹੇਠ ਅੰਕਿਤ ਜਾਣਕਾਰੀ ਤੋਂ ਵੀ ਪਤਾ ਲੱਗਦਾ ਹੈ ਕਿ ਗੁਰਦੁਆਰਾ ਗਜ਼ਟ ਅਪ੍ਰੈਲ, ੧੯੩੧ ਈ. ਤੋਂ ਪਹਿਲਾਂ ਕੁਝ ਮਹੀਨੇ ਪ੍ਰੈਸ ਆਰਡੀਨੈਨਸ (ਆਰਡੀਨੈਂਸ) ਆਦਿ ਜਾਰੀ ਹੋ ਜਾਣ ਦੇ ਕਾਰਨ ਬੰਦ ਹੋ ਗਿਆ ਸੀ। ਇਹ ਪੱਤਰ ਪਹਿਲਾਂ ਓਅੰਕਾਰ ਪ੍ਰੈਸ ਅੰਮ੍ਰਿਤਸਰ ਤੋਂ ਛਪਦਾ ਸੀ, ਫਿਰ ਬੰਦ ਹੋ ਗਿਆ। ਜਿਸ ਕਾਰਣ ਅਪ੍ਰੈਲ, ੧੯੩੦ ਈ. ਤੋਂ ਬਾਅਦ ਲਗਪਗ ਅੱਠ ਮਹੀਨੇ ਵਿਚ ਮਾਸਕ ਪੱਤਰ ਨਹੀਂ ਛਪਿਆ, ਉਪਰੰਤ ਜਨਵਰੀ ੧੯੩੧ ਈ. ਨੂੰ ਇਹ ਪਰਚਾ ਪ੍ਰਕਾਸ਼ਿਤ ਹੋਇਆ ਪਰ ਫੇਰ ਜਮਾਨਤ ਮੰਗ ਲਈ ਗਈ ਜੋ ਨਾ ਦਿੱਤੇ ਜਾਣ

’ਤੇ ਪ੍ਰੈਸ ਫਿਰ ਬੰਦ ਹੋ ਗਈ ਅਤੇ ਫਰਵਰੀ, ਮਾਰਚ ਦਾ ਪਰਚਾ ਪ੍ਰਕਾਸ਼ਿਤ ਨਾ ਹੋਇਆ। ਅਪ੍ਰੈਲ ੧੯੩੧ ਈ. ਵਿਚ ਫਿਰ ਓਅੰਕਾਰ ਪ੍ਰੈਸ, ਅੰਮ੍ਰਿਤਸਰ ਚੱਲ ਪਈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਾਹੌਰ ਵਿਖੇ ਦਫ਼ਤਰ ਹੋਣ ਦੇ ਕਾਰਨ ‘ਗੁਰਦੁਆਰਾ ਗਜ਼ਟ’ ਲਾਹੌਰ ਤੋਂ ਹੀ ਕੱਢਣ ਦਾ ਫੈਸਲਾ ਕੀਤਾ ਤਾਂ ਹੀ ਅਪ੍ਰੈਲ, ੧੯੩੧ ਈ. ਦਾ ਅੰਕ ਮੁੜ ਮਦਨ ਪ੍ਰਿੰਟਿੰਗ ਪ੍ਰੈਸ ਲਾਹੌਰ ਤੋਂ ਛਪਿਆ। ਇਸ ਮਾਸਿਕ ਪੱਤਰ ਵਿਚ ਇਕ ਇਹ ਤਬਦੀਲੀ ਕੀਤੀ ਗਈ ਕਿ ਫੁਲ ਸਕੇਪ ਸਾਈਜ਼ ਦੇ ਵੱਡੇ ਸਫ਼ੇ ’ਤੇ ਪ੍ਰਕਾਸ਼ਿਤ ਹੋਣ ਦੀ ਥਾਂ ਰਸਾਲੇ ਦੀ ਸ਼ਕਲ ਵਿਚ ਪਾਠਕਾਂ ਦੀ ਨਜ਼ਰ ਕੀਤਾ ਗਿਆ ਤਾਂ ਕਿ ਭਵਿੱਖ ਵਿਚ ਪਾਠਕਾਂ ਨੂੰ ਸੰਭਾਲ ਕੇ ਰੱਖਣਾ ਸੌਖਾ ਹੋ ਜਾਵੇ ਅਤੇ ਇਹ ਸਾਈਜ਼ ਪਹਿਲੇ ਨਾਲੋਂ ਆਕਰਸ਼ਕ ਵੀ ਕੀਤਾ ਗਿਆ। ਇਕ ਹੋਰ ਵਾਧਾ ਇਹ ਕੀਤਾ ਕਿ ਭਵਿੱਖ ਵਿਚ ਚੰਗੇ ਲੇਖਕਾਂ, ਵਿਦਵਾਨਾਂ ਦੇ ਧਾਰਮਿਕ, ਗੁਰਦੁਆਰਾ ਪ੍ਰਬੰਧ ਸੁਧਾਰ, ਪ੍ਰਚਾਰ ਅਤੇ ਭਾਈਚਾਰਕ ਵਿਸ਼ਿਆਂ ’ਤੇ ਆਧਾਰਿਤ ਲੇਖ ਵੀ ਪ੍ਰਕਾਸ਼ਿਤ ਕੀਤੇ ਜਾਣਗੇ।

ਮਈ, ੧੯੩੧ ਈ. ਵਾਲੇ ਅੰਕ ਵਿਚ ਸ. ਹਰਨਾਮ ਸਿੰਘ ਜੀ ਨੂੰ ਐਡੀਟਰ ਲਿਖਿਆ ਗਿਆ ਹੈ। ਇਸ ਪੱਤਰ ਦੇ ਪਹਿਲੇ ਦਹਾਕੇ ਵਿਚ ਬਿਨਾਂ ਤਤਕਰੇ ਤੋਂ ਹੇਠ ਲਿਖੇ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਾਚਾਰ ਅਤੇ ਕਾਰਵਾਈ ਛਪਦੀ ਸੀ:

੧. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਮਾਗਮ ਦੀ ਕਾਰਵਾਈ ਉਸ ਸਮੇਂ ਜਨਰਲ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੁੰਦੇ ਸਨ। ਮੈਂਬਰਾਂ ਦਾ ਹਲਕਾਵਾਰ ਵੇਰਵਾ ਅਤੇ ਸਮਾਗਮ ਦੀ ਕਾਰਵਾਈ ਪੂਰੇ ਵਿਸਥਾਰ ਵਿਚ ਛਾਪੀ ਜਾਂਦੀ।

੨. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਕਾਰਵਾਈ-

੩. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪਾਸ ਗੁਰਮਤੇ-

੪. ਸਿੱਖ ਗੁਰਦੁਆਰੇ ਜੋ ਕਰਾਰ ਦਿੱਤੇ ਗਏ ਉਨ੍ਹਾਂ ਦੀ ਲਿਸਟ- ਇਸ ਲਿਸਟ ਵਿਚ ਪੰਜਾਬ ਗਵਰਨਮੈਂਟ ਗਜ਼ਟ ਵਿੱਚੋਂ ਗੁਰਦੁਆਰਾ ਐਕਟ (੧੯੨੫) ਦਫ਼ਾ ੧੪੬ ਰਾਹੀਂ ਜਿਨ੍ਹਾਂ ਗੁਰਦੁਆਰਿਆਂ ਦਾ ਨੋਟੀਫਿਕੇਸ਼ਨ ਹੋ ਗਿਆ ਸੀ, ਉਨ੍ਹਾਂ ਦੀ ਲਿਸਟ ਸੰਗਤਾਂ ਦੀ ਸਹੂਲਤ ਲਈ ਜਾਰੀ ਕੀਤੀ ਜਾਂਦੀ ਸੀ।

੫. ਕੋਰਟ ਦੁਆਰਾ ਜਿਨ੍ਹਾਂ ਮੁਕੱਦਮਿਆਂ ਦਾ ਫੈਸਲਾ ਕਰ ਦਿੱਤਾ ਜਾਂਦਾ ਸੀ, ਉਸ ਦੀ ਰਿਪੋਰਟ ਪ੍ਰਚਾਰ ਸਕੀਮ:

੬. ਚਿੱਠਾ ਆਮਦਨ ਅਤੇ ਖਰਚ।

੭. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਐਲਾਨ ਨੰ:

ਉਕਤ ਸਿਰਲੇਖ ਦੇ ਹੇਠ ਪੰਥ ਨੂੰ ਢਾਹ ਲਾਉਣ ਵਾਲੀਆਂ ਸੰਪਰਦਾਵਾਂ ਬਾਬਤ,

ਕੋਈ ਇਤਲਾਹ ਜਿਸ ਰਾਹੀਂ ਸੰਗਤ ਨੂੰ ਸੁਚੇਤ ਅਤੇ ਅਗਾਹ ਕਰਨਾ ਹੁੰਦਾ ਸੀ, ਸੋ ਔਂਕੜਾਂ ਅਤੇ ਪੰਥਕ ਚੁਣੌਤੀਆਂ ਆਦਿ ਨੂੰ ਛਾਪਿਆ ਜਾਂਦਾ ਸੀ।

੮. ਆਡਿਟ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਇੰਞ ਹੀ ਦੂਜੇ ਤਖ਼ਤ ਸਾਹਿਬ ਦੀਆਂ ਵੀ ਆਡਿਟ ਰਿਪੋਰਟ ਛਾਪੀਆਂ ਜਾਂਦੀਆਂ ਸਨ।

੯. ਬਜ਼ਟ ਗੁਰਦੁਆਰਾ ਕਮੇਟੀ ਦਰਬਾਰ ਸਾਹਿਬ ਸ੍ਰੀ ਤਰਨਤਾਰਨ

੧੦. ਚਿੱਠਾ ਕਾਨੂੰਨੀ ਮੈਹਕਮਾ

੧੧. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਰਚਾਰ ਰਿਪੋਰਟਾਂ

੧੨. ਪੰਜਾਬ ਤੋਂ ਬਾਹਰ ਦੀ ਧਰਮ ਪ੍ਰਚਾਰ ਰਿਪੋਰਟ

੧੩. ਪ੍ਰਚਾਰ ਖਾਤਾ

੧੪. ਨਤੀਜਾ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ

੧੫. ਆਡਿਟ ਰਿਪੋਰਟ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ

(ੳ) ਜਨਰਲ ਟਰੱਸਟ ਫੰਡ

(ਅ) ਜਨਰਲ ਬੋਰਡ ਫੰਡ

(ੲ) ਵੱਖ-ਵੱਖ ਫੰਡਾਂ ਦਾ ਬੈਂਕ 'ਚ ਜਮ੍ਹਾਂ ਕਰਵਾਉਣਾ ਆਦਿ।

੧੬. ਸਿੱਖ ਗੁਰਦੁਆਰਾ ਕਮੇਟੀਆਂ ਦੀਆਂ ਚੋਣਾਂ

੧੭. ਗੁਰਦੁਆਰਾ ਕਮੇਟੀਆਂ ਜੋ ਮੁਕੰਮਲ ਹੋ ਗਈਆਂ ਦੀ ਲਿਸਟ

੧੮. ਗੁਰਦੁਆਰਿਆਂ ਲਈ ਹਿਸਾਬ-ਕਿਤਾਬ ਦੇ ਰਜਿਸਟਰਾਂ ਦੀ ਲਿਸਟ

੧੯. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉਚੇਚਾ ਜਨਰਲ ਸਮਾਗਮ

੨੦. ਗੁਰਦੁਆਰਾ ਸਾਹਿਬ ਲਈ ਬਣਨ ਵਾਲੀਆਂ ਇਮਾਰਤਾਂ ਲਈ ਸਹਾਇਤਾ ਦਾ ਵੇਰਵਾ

੨੧. ਧਾਰਮਿਕ ਦੀਵਾਨਾਂ ਦੇ ਵੇਰਵੇ

੨੨. ਅੰਮ੍ਰਿਤ ਸੰਚਾਰ ਅਤੇ ਪ੍ਰਚਾਰ ਬਾਰੇ ਰਿਪੋਰਟ ਇਹ ਰਿਪੋਰਟਾਂ ਵਿਸਥਾਰ ਸਾਹਿਤ ਛਾਪੀਆਂ ਜਾਂਦੀਆਂ ਸਨ, ਜਿਨ੍ਹਾਂ ਵਿਚ ਅੰਮ੍ਰਿਤ ਅਭਿਲਾਖੀਆਂ ਦੇ ਨਾਂ ਵੀ ਛਾਪੇ ਜਾਂਦੇ ਸਨ।

**ਹਵਾਲੇ :**

**੧.** ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਬ ਸਾਲਾ ਇਤਿਹਾਸ,* ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ, ਦਸੰਬਰ ੨੦੦੩, ਪੰਨਾ ੭੧.

**੨.** *ਗੁਰਦ੍ਵਾਰਾ ਗਜ਼ਟ,* ਅਪ੍ਰੈਲ, ੧੯੨੯.

**੩.** *ਗੁਰਦ੍ਵਾਰਾ ਗਜ਼ਟ* ਸ੍ਰੀ ਅੰਮ੍ਰਿਤਸਰ ਜੀ, (ਭਾਗ ੮) ਜਨਵਰੀ, ੧੯੩੧.

**ਚਲਦਾ...**

# ਸਰਬੱਤ ਦਾ ਭਲਾ

*-ਡਾ. ਰਾਜਵਿੰਦਰ ਸਿੰਘ ਜੋਗਾ**

ਦੁਨੀਆ ਦੇ ਧਾਰਮਿਕ ਇਤਿਹਾਸ ਵਿਚ ਸਿੱਖ ਧਰਮ ਇਕ ਨਵੇਕਲਾ ਤੇ ਵਿਲੱਖਣ ਧਰਮ ਹੈ। ਸਿੱਖ ਗੁਰੂ ਸਾਹਿਬਾਨ ਨੇ ਸਰਬ ਲੋਕਾਈ ਦੇ ਭਲੇ ਲਈ ਸੰਦੇਸ਼ ਤੇ ਉਪਦੇਸ਼ ਦਿੱਤੇ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ ਮਾਰਗ 'ਤੇ ਚੱਲਣ ਵਾਲਿਆਂ ਅਤੇ ਦੁਨਿਆਵੀ ਮਨੁੱਖਾਂ ਨੂੰ ਸਰਬ-ਸਾਂਝੀਵਾਲਤਾ ਤੇ ਆਪਸੀ ਭਾਈਚਾਰੇ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਪਾਤਸ਼ਾਹ ਜੀ ਨੇ *'ਸਭ ਮਹਿ ਜੋਤਿ ਜੋਤਿ ਹੈ ਸੋਇ'* ਕਹਿ ਕੇ ਸਾਰੇ ਜੀਵਾਂ ਵਿਚ ਇੱਕ ਪਰਮਾਤਮਾ ਦੇ ਵਾਸੇ ਦਾ ਪੈਗ਼ਾਮ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵੱਖ-ਵੱਖ ਖੇਤਰਾਂ ਦੇ, ਵੱਖ-ਵੱਖ ਧਰਮਾਂ ਦੇ ਅਤੇ ਵੱਖ-ਵੱਖ ਜਾਤਾਂ ਦੇ ਮਹਾਂਪੁਰਖਾਂ ਦੇ ਰੱਬੀ ਪੈਗ਼ਾਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਇਹ ਪੈਗ਼ਾਮ ਵੀ ਕਿਸੇ ਇੱਕ ਖਿੱਤੇ ਜਾਂ ਧਰਮ ਦੇ ਲੋਕਾਂ ਲਈ ਨਹੀਂ, ਬਲਕਿ ਸਰਬ ਲੋਕਾਈ ਲਈ ਸਾਂਝਾ ਹੈ:

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪੭)*

ਇਹ ਸੰਦੇਸ਼ ਕੁੱਲ ਲੋਕਾਈ ਨੂੰ ਪਰੀਪੂਰਨ ਪਰਮਾਤਮਾ ਦਾ ਨਾਮ ਜਪਣ ਲਈ ਪ੍ਰੇਰਨਾ ਦੇ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਨਾਮਦੇਵ ਜੀ ਦਾ ਫੁਰਮਾਣ ਹੈ-

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੮)*

ਇਸੇ ਤਰ੍ਹਾਂ ਭਗਤ ਕਬੀਰ ਜੀ ਨੇ ਸਾਰੇ ਮਨੁੱਖਾਂ ਨੂੰ ਇੱਕ ਪਰਮਾਤਮਾ ਦਾ ਨੂਰ ਮੰਨਿਆ ਹੈ ਤੇ ਉਹ ਉਨ੍ਹਾਂ ਵਿਚ ਇੱਕ ਪਰਮਾਤਮਾ ਦੀ ਜੋਤਿ ਪ੍ਰਥਾਇ ਫੁਰਮਾਉਂਦੇ ਹਨ:

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੯)*

ਉਪਰੋਕਤ ਪ੍ਰਮਾਣਾਂ ਦੀ ਰੋਸ਼ਨੀ ਵਿਚ ਸਿੱਖ ਧਰਮ ਅਜਿਹਾ ਧਰਮ ਹੈ ਜਿਸ

** ਇੰਚਾਰਜ ਅਤੇ ਐਸੋ. ਸੰਪਾਦਕ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੫੦੧੩੦੦੪੫੯*

ਵਿਚ ਕੁੱਲ ਲੋਕਾਈ ਦਾ ਭਲਾ ਮੰਗਿਆ ਜਾਂਦਾ ਹੈ। ਇਹ ਨਹੀਂ ਵੇਖਿਆ ਜਾਂਦਾ, ਕਿ ਕੋਈ ਰਾਜਾ ਹੈ ਜਾਂ ਭਿਖਾਰੀ, ਕੋਈ ਕਿਸ ਧਰਮ ਜਾਂ ਕੁਲ ਜਾਤ ਨਾਲ ਸੰਬੰਧ ਰੱਖਦਾ ਹੈ। ਇਸ ਧਰਮ ਵਿੱਚ ਸਰਬੱਤ ਦੇ ਭਲੇ ਲਈ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਦੀ ਅਰਦਾਸ ਕੀਤੀ ਜਾਂਦੀ ਹੈ। ਸਿੱਖ ਜਦੋਂ ਵੀ ਅਰਦਾਸ ਕਰਦਾ ਹੈ, ਉਹ ਨਿੱਜੀ ਹੋਵੇ ਚਾਹੇ ਪੰਥਕ, ਭਾਵ ਖੁਸ਼ੀ-ਗਮੀ ਦੇ ਹਰ ਸਮਾਗਮ ਮੌਕੇ ਇਨ੍ਹਾਂ ਉਪਰੋਕਤ ਸ਼ਬਦਾਂ ਨਾਲ ਹੀ ਅਰਦਾਸ ਸਮਾਪਤ ਹੁੰਦੀ ਹੈ। ਸੋ ਸਰਬੱਤ ਦਾ ਭਲਾ ਮੰਗਣ ਸਮੇਂ ਜਿੱਥੇ ਮਨੁੱਖ ਆਪ ਵੀ ਵਿਚ ਸ਼ਾਮਲ ਹੁੰਦਾ ਹੈ, ਉੱਥੇ ਉਸ ਦੇ ਮਿੱਤਰ ਵੈਰੀ ਆਦਿਕ ਸਾਰੇ ਹੀ ਇਸ ਵਿਚ ਆ ਜਾਂਦੇ ਹਨ। ਗੁਰਬਾਣੀ ਦਾ ਫੁਰਮਾਨ ਹੈ:

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥੧॥*
*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੯)*

ਭਾਵ, ਗੁਰੂ ਦੀ ਸੰਗਤ ਕਰਕੇ ਮਨੁੱਖ ਨੂੰ ਸੋਝੀ ਆ ਜਾਂਦੀ ਹੈ, ਕਿ ਕੋਈ ਵੀ ਬਿਗਾਨਾ ਜਾਂ ਪਰਾਇਆ ਨਹੀਂ ਹੈ। ਸਾਰਿਆਂ ਵਿਚ ਉਹ ਪ੍ਰਭੂ, ਪਰਮਾਤਮਾ ਵਰਤ ਰਿਹਾ ਹੈ। ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਹਰ ਲੋੜਵੰਦ ਦੀ ਮਦਦ ਕਰਨ ਦੇ ਉਪਦੇਸ਼ ਦਿੱਤੇ ਹਨ। ਇਸ ਗੱਲ ਦੀ ਸਭ ਤੋਂ ਵੱਡੀ ਮਿਸਾਲ ਗੁਰ-ਇਤਿਹਾਸ ਵਿੱਚੋਂ ਮਿਲ ਜਾਂਦੀ ਹੈ, ਜਦੋਂ ਸ੍ਰੀ ਅਨੰਦਪੁਰ ਸਾਹਿਬ ਦਾ ਯੁੱਧ ਹੋ ਰਿਹਾ ਸੀ। ਜੰਗ-ਏ-ਮੈਦਾਨ ਵਿਚ ਅਨੇਕ ਜ਼ਖ਼ਮੀ ਸਿੱਖ ਤੇ ਮੁਗ਼ਲ ਫ਼ੌਜ ਦੇ ਸਿਪਾਹੀ ਸਿਸਕ ਰਹੇ ਸਨ ਤੇ ਉਹ ਇੰਨੇ ਵਿਆਕੁਲ ਹੋਏ ਪਾਣੀ ਮੰਗ ਰਹੇ ਸਨ। ਗੁਰੂ-ਘਰ ਦੇ ਅਨਿੰਨ ਸਿੱਖ ਭਾਈ ਘਨੱਈਆ ਜੀ ਇਸ ਜੰਗ ਦੇ ਮੈਦਾਨ ਵਿਚ ਜ਼ਖ਼ਮੀਆਂ ਨੂੰ ਪਾਣੀ ਪਿਆਉਣ ਦੀ ਸੇਵਾ ਕਰ ਰਹੇ ਸਨ। ਉਹ ਬਿਨਾਂ ਕਿਸੇ ਵਿਤਕਰੇ ਦੇ ਸਾਰੇ ਹੀ ਜ਼ਖ਼ਮੀ (ਸਿੱਖ ਤੇ ਮੁਗ਼ਲ) ਸਿਪਾਹੀਆਂ ਨੂੰ ਪਾਣੀ ਪਿਆ ਰਹੇ ਸਨ। ਭਾਈ ਸਾਹਿਬ ਨੂੰ ਇਸ ਤਰ੍ਹਾਂ ਕਰਦਾ ਵੇਖ ਕੇ ਕੁਝ ਸਿੱਖਾਂ ਨੇ ਗੁਰੂ ਸਾਹਿਬ ਕੋਲ ਉਸ (ਭਾਈ ਘਨੱਈਆ ਜੀ) ਦੀ ਸ਼ਿਕਾਇਤ ਕਰ ਦਿੱਤੀ, ਕਿ ਇਹ ਸਿੱਖ, ਜ਼ਖ਼ਮੀ ਸਿੱਖ ਸਿਪਾਹੀਆਂ ਦੇ ਨਾਲ-ਨਾਲ ਦੁਸ਼ਮਣ ਫ਼ੌਜ ਦੇ ਸਿਪਾਹੀਆਂ ਨੂੰ ਵੀ ਪਾਣੀ ਪਿਆਈ ਜਾ ਰਿਹਾ ਹੈ। ਅਸੀਂ ਬਹੁਤ ਮੁਸ਼ਕਿਲ ਨਾਲ ਉਨ੍ਹਾਂ ਨੂੰ ਜ਼ਖ਼ਮੀ ਕਰਦੇ ਹਾਂ ਤੇ ਇਹ ਪਾਣੀ ਪਿਆ-ਪਿਆ ਕੇ ਉਨ੍ਹਾਂ ਨੂੰ ਫਿਰ ਤਰੋ-ਤਾਜ਼ਾ ਕਰੀ ਜਾਂਦਾ ਹੈ। ਜਾਣੀ-ਜਾਣ ਸਤਿਗੁਰੂ ਜੀ ਨੇ ਸਾਰੀ ਸੰਗਤ ਦੀ ਹਾਜ਼ਰੀ ਵਿਚ ਭਾਈ ਘਨੱਈਆ ਜੀ ਨੂੰ ਬੁਲਾਇਆ ਤੇ ਸਿੱਖਾਂ ਦੁਆਰਾ ਕੀਤੀ ਸ਼ਿਕਾਇਤ ਬਾਰੇ ਪੁੱਛਿਆ? ਭਾਈ ਘਨੱਈਆ ਜੀ ਗਲ਼ ਵਿਚ ਪੱਲੂ ਪਾਈ ਹਜ਼ੂਰ ਦੇ ਸਨਮੁਖ ਖਲੋਤੇ ਬੇਨਤੀ ਕਰ ਰਹੇ ਹਨ। ਸਤਿਗੁਰੂ ਜੀ! ਆਪ ਜੀ ਨੇ ਮੇਰੀ ਸੇਵਾ ਪਾਣੀ ਪਿਆਉਣ ਦੀ ਲਾਈ ਹੋਈ ਹੈ ਤੇ

ਮੈਂ ਇਸ ਸੇਵਾ ਨੂੰ ਤਨੋ-ਮਨੋ ਨਿਭਾ ਰਿਹਾ ਹਾਂ। ਜੇਕਰ ਮੈਥੋਂ ਕੋਈ ਗ਼ਲਤੀ ਹੋਈ ਹੈ ਤਾਂ ਮੈਂ ਖ਼ਿਮਾ ਮੰਗਦਾ ਹਾਂ। ਕਲਗੀਧਰ ਪਾਤਸ਼ਾਹ ਜੀ ਨੇ ਕਿਹਾ, ਕਿ ਸਿੱਖ ਦੱਸਦੇ ਹਨ ਕਿ ਤੁਸੀਂ ਦੁਸ਼ਮਣ ਫ਼ੌਜਾਂ ਨੂੰ ਵੀ ਪਾਣੀ ਪਿਆ ਰਹੇ ਹੋ? ਭਾਈ ਸਾਹਿਬ ਨੇ ਬੇਨਤੀ ਕੀਤੀ, ਸਤਿਗੁਰੂ ਜੀ ! ਮੈਂ ਤਾਂ ਹਰ ਜ਼ਖ਼ਮੀ ਸਿਪਾਹੀ ਨੂੰ ਪਾਣੀ ਪਿਆ ਰਿਹਾ ਹਾਂ ਤੇ ਜਿਸ ਨੂੰ ਵੀ ਪਿਆ ਰਿਹਾ ਹਾਂ, ਮੈਨੂੰ ਤਾਂ ਤੁਹਾਡਾ ਹੀ ਮੁੱਖ ਦਿੱਸਦਾ ਹੈ। ਮੈਨੂੰ ਕੋਈ ਦੁਸ਼ਮਣ ਨਜ਼ਰ ਹੀ ਨਹੀਂ ਆਉਂਦਾ। ਸਤਿਗੁਰੂ ਸੱਚੇ ਪਾਤਸ਼ਾਹ ਜੀ ਭਾਈ ਘਨ੍ਹੱਈਆ ਜੀ ਦਾ ਇਹ ਉੱਤਰ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੂੰ ਪਾਣੀ ਦੀ ਸੇਵਾ ਦੇ ਨਾਲ-ਨਾਲ ਮੱਲ੍ਹਮ ਪੱਟੀ ਦੀ ਸੇਵਾ ਵੀ ਸੌਂਪ ਦਿੱਤੀ।

ਦੂਜੀ ਉਦਾਹਰਨ ਜੰਗਾਂ-ਯੁੱਧਾਂ ਸਮੇਂ ਜਦੋਂ ਰਾਤ ਨੂੰ ਜੰਗ ਬੰਦ ਹੋ ਜਾਂਦੀ ਤੇ ਸਿੱਖਾਂ ਵੱਲੋਂ ਜੋ ਲੰਗਰ ਵਿਚ ਭੋਜਨ ਤਿਆਰ ਕੀਤਾ ਜਾਂਦਾ, ਤਾਂ ਭੋਜਨ ਤਿਆਰ ਹੋਣ ਉਪਰੰਤ ਸਾਰਿਆਂ ਨੂੰ ਭੋਜਨ ਛਕਣ ਲਈ ਆਵਾਜਾ ਦਿੱਤਾ ਜਾਂਦਾ ਸੀ, ਕਹਿੰਦੇ ਹਨ ਕਿ ਕਈ ਵਾਰ ਦੁਸ਼ਮਣ ਫ਼ੌਜਾਂ ਦੇ ਸਿਪਾਹੀ ਵੀ ਸਿੱਖਾਂ ਦੇ ਲੰਗਰ ਵਿਚ ਬੈਠ ਕੇ ਭੋਜਨ ਛਕ ਜਾਂਦੇ ਸਨ, ਕਿਸੇ ਨੂੰ ਮਨਾਹੀ ਨਹੀਂ ਸੀ। ਇਹ ਮਰਯਾਦਾ ਅੱਜ ਤਕ ਬਰਕਰਾਰ ਹੈ। ਹਾਂ ! ਲੰਗਰ ਵਿਚ ਆਉਣ ਸਮੇਂ ਕੋਈ ਵਿਅਕਤੀ ਕਿਸੇ ਪ੍ਰਕਾਰ ਦਾ ਨਸ਼ਾ ਕਰ ਕੇ ਜਾਂ ਗੁਰਮਤਿ ਵਿਰੋਧੀ ਵਸਤ ਆਦਿਕ ਲੈ ਕੇ ਨਹੀਂ ਆ ਸਕਦਾ। ਇਸ ਤੋਂ ਇਲਾਵਾ ਜਿੱਥੇ ਕਿਤੇ ਵੀ ਸੁਨਾਮੀ ਆਈ ਹੋਵੇ, ਕਿਸੇ ਪ੍ਰਕਾਰ ਦੀਆਂ ਹੋਰ ਕੁਦਰਤੀ ਆਫਤਾਂ ਜਾਂ ਘਟਨਾਵਾਂ ਘਟੀਆਂ ਹੋਣ ਸਿੱਖ ਹਮੇਸ਼ਾ ਅੱਗੇ ਵਧ ਕੇ *'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ'* ਦੇ ਉਪਦੇਸ਼ 'ਤੇ ਪਹਿਰਾ ਦਿੰਦੇ ਹੋਏ ਲੋੜਵੰਦਾਂ ਦੀਆਂ ਸੇਵਾਵਾਂ ਕਰਦੇ ਹਨ। ਇਨ੍ਹਾਂ ਸੇਵਾਵਾਂ ਬਦਲੇ ਹੀ ਅੱਜ ਸਿੱਖਾਂ ਦੀ ਪਛਾਣ ਦੁਨੀਆ ਪੱਧਰ 'ਤੇ ਹੋ ਚੁੱਕੀ ਹੈ। ਆਓ, ਅਸੀਂ ਵੀ ਭਾਈ ਘਨ੍ਹੱਈਆ ਜੀ ਵਰਗੇ ਮਹਾਨ ਗੁਰਸਿੱਖਾਂ ਦੇ ਜੀਵਨ ਤੋਂ ਸੇਧ ਲੈ ਕੇ ਸਰੱਬਤ ਦਾ ਭਲਾ ਕਰਨ ਵਾਲੀ ਤੇ ਹਰ ਇੱਕ ਮਨੁੱਖ ਵਿੱਚ ਇੱਕ ਪ੍ਰਭੂ ਦੀ ਜੋਤਿ ਮਹਿਸੂਸ ਕਰਨ ਵਾਲੀ ਜੋਤਿ ਜਗਾ ਲਈਏ।

■


## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

# ਵਿੱਤੀ ਅਤੇ ਮਨੁੱਖੀ ਸਰੋਤਾਂ ਦੀ ਮਹੱਤਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧਨ

*-ਬੀਬੀ ਹਰਦੇਵ ਕੌਰ**

ਦੂਸਰੇ ਹੀ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਹਮਣੇ ਲੰਗਰ ਵਰਤਾਉਣ ਵਿਚ ਮੁਸ਼ਕਿਲ ਆਣ ਬਣੀ, ਇਹ ਮੁਸ਼ਕਿਲ ਪ੍ਰਬੰਧਾਂ ਕਰਕੇ ਨਹੀਂ ਬਲਕਿ ਗੁਜਰਾਤ ਦੇ ਵਸਨੀਕਾਂ ਦੀ ਜਾਤ-ਪਾਤ ਵਾਲੀ ਸਮਾਜਿਕ ਬਣਤਰ ਕਰਕੇ ਸੀ। ਕੁਦਰਤੀ ਆਫ਼ਤ ਦੀ ਇਸ ਮਾਰ ਭਰੇ ਸਮੇਂ ਅੰਦਰ ਵੀ ਉੱਚ ਜਾਤਾਂ ਦੇ ਲੋਕ ਨੀਵੀਆਂ ਜਾਤਾਂ ਦੇ ਲੋਕਾਂ ਨਾਲ ਬੈਠ ਕੇ ਲੰਗਰ ਛਕਣ ਨੂੰ ਤਿਆਰ ਨਹੀਂ ਸਨ। ਉੱਥੋਂ ਦੇ ਵਸਨੀਕਾਂ ਦੀ ਮੰਗ ਸੀ ਕਿ ਨਿਰਧਾਰਿਤ ਕਰੋ ਕਿ ਇਹ ਲੰਗਰ ਉੱਚ ਜਾਤੀ ਦੇ ਲੋਕਾਂ ਲਈ ਹੈ ਜਾਂ ਨੀਵੀਆਂ ਜਾਤਾਂ ਦੇ ਲੋਕਾਂ ਲਈ। ਸਿਧਾਂਤਕ ਤੌਰ ਉੱਪਰ ਪੰਥਕ ਫ਼ੈਸਲਾ ਕਰ ਲਿਆ ਗਿਆ ਕਿ ਵੱਖਰੀ-ਵੱਖਰੀ ਜਾਤ ਦੇ ਨਾਮ ਦਾ ਲੰਗਰ ਨਹੀਂ ਲਗਾਇਆ/ਛਕਾਇਆ ਜਾ ਸਕਦਾ, ਸੋ ਕੋਈ ਹੋਰ ਨਿਰਣਾ ਲਿਆ ਜਾਵੇ। ਫ਼ੈਸਲਾ ਕੀਤਾ ਗਿਆ ਕਿ ਸੁੱਕੇ ਰਾਸ਼ਨ ਦੇ ਪੈਕਟ ਬਣਾਏ ਜਾਣ ਅਤੇ ਲੋੜਵੰਦਾਂ ਤਕ ਪੁਚਾਏ ਜਾਣ, ਪਰ ਮੁਸ਼ਕਿਲ ਫ਼ਿਰ ਉਹੀ ਬਣੀ ਕਿ ਸਮਾਜਿਕ ਤਾਣੇ-ਬਾਣੇ ਵਿਚ ਉਲਝੇ ਲੋਕ ਇੱਕ ਲਾਈਨ ਜਾਂ ਇੱਕ ਜਗ੍ਹਾ ਉੱਪਰ ਵੀ ਇਕੱਠੇ ਹੋਣ ਨੂੰ ਤਿਆਰ ਨਹੀਂ ਸਨ।

ਮਨੁੱਖ ਜਿਸ ਤਰ੍ਹਾਂ ਆਪਣੇ ਨਿੱਜੀ ਸੁੱਖਾਂ ਲਈ ਕਾਦਰ ਦੀ ਉਸ ਕੁਦਰਤ ਵਿਚ ਲਗਾਤਾਰ ਦਖ਼ਲ-ਅੰਦਾਜ਼ੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਉਸ ਨਾਲ ਕੁਦਰਤੀ ਆਫ਼ਤਾਂ ਦਾ ਪ੍ਰਕੋਪ ਵਧੇਰੇ ਖ਼ੌਫ਼ਨਾਕ ਅਤੇ ਦਰਦਮੰਦ ਸਾਬਤ ਹੋ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਹੁਤਾਤ ਕੁਦਰਤੀ ਆਫ਼ਤਾਂ ਲਈ ਇਸ ਬ੍ਰਹਿਮੰਡ ਵਿਚ ਕਾਰਜਸ਼ੀਲ ਕਈ ਸ਼ਕਤੀਆਂ ਦਾ ਹੱਥ ਹੈ, ਜਿਨ੍ਹਾਂ ਵਿਚ ਮਨੁੱਖ ਦਾ ਕੋਈ ਰੋਲ ਹੀ ਨਹੀਂ। ਪਰ ਬਹੁਤ ਸਾਰੀਆਂ ਆਫ਼ਤਾਂ ਮਨੁੱਖ ਦੀ ਥੁੜ੍ਹ-ਚਿਰੀ ਲਾਲਸਾ ਅਤੇ ਅਗਿਆਨਤਾ ਕਰਕੇ ਕੁਦਰਤ ਦੇ ਜ਼ਿੰਮੇ ਵੀ ਲੱਗ ਜਾਂਦੀਆਂ ਹਨ।ਪਹਾੜਾਂ ਅਤੇ ਦਰੱਖਤਾਂ ਦੀ ਕਟਾਈ ਕਾਰਨ ਜ਼ਮੀਨ ਖਿਸਕਣਾ, ਰੇਤ ਦੀ ਲੋੜ ਤੋਂ ਵੱਧ ਖੁਦਾਈ ਅਤੇ ਦਰਿਆਵਾਂ ਦੇ ਕੰਢਿਆਂ ਨਾਲ ਛੇੜ-ਛਾੜ ਕਾਰਨ ਹੜ੍ਹਾਂ ਵਰਗੀ ਸਮੱਸਿਆ ਜਾਂ ਕੁਦਰਤੀ ਅਸਾਸਿਆਂ ਦਾ ਹਨਨ ਕਰਨ ਕਾਰਨ ਪੈਦਾ ਹੋਈ ਗਰਮੀ ਨਾਲ ਜੰਗਲਾਂ ਦੀ

** ਸ/ਪ੍ਰੋਫ਼ੈਸਰ, ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ. ੯੯੧੫੦-੪੮੦੦੭*

ਅੱਗ ਆਦਿ ਵਰਗੀਆਂ ਕੁਝ ਉਦਾਹਰਨਾਂ ਆਦਿ, ਅਸਲ ਵਿਚ ਮਨੁੱਖੀ ਦੇਣ ਹੀ ਤਾਂ ਹਨ। ਸੋ ਵਿਸ਼ੇ ਨਾਲ ਨਿਆਂ ਕਰਨ ਹਿੱਤ ਕੁਦਰਤੀ ਆਫ਼ਤਾਂ ਵਿਚ ਮਨੁੱਖ ਦੀ ਭੂਮਿਕਾ ਨੂੰ ਵਿਚਾਰਨਾ ਵੀ ਮਹੱਤਵਪੂਰਨ ਹੈ, ਪਰ ਹਥਲੇ ਲੇਖ ਵਿਚ ਅਸੀਂ ਸਿਰਫ਼ ਵਿੱਤੀ ਅਤੇ ਮਨੁੱਖੀ ਸਰੋਤਾਂ ਦੀ ਮਹੱਤਤਾ ਬਾਰੇ ਚਾਨਣਾ ਪਾਵਾਂਗੇ।

ਕੁਦਰਤ ਦੀ ਇਸ ਸਾਰੀ ਕਾਇਨਾਤ ਦਾ ਜ਼ੱਰਾ-ਜ਼ੱਰਾ ਅਨੇਕਾਂ ਅਦ੍ਰਿਸ਼ਟ ਪਰਤਾਂ ਅਧੀਨ ਇੱਕ ਸ਼ਕਤੀ ਵਿਚ ਬੱਝਾ ਹੋਇਆ ਹੈ। ਅਜੇ ਤਾਂ ਮਨੁੱਖ ਦ੍ਰਿਸ਼ਟੀ ਨਾਲ ਦੇਖੇ ਜਾ ਸਕਣ ਵਾਲੇ ਅਨੇਕਾਂ ਕੁਦਰਤੀ ਰਹੱਸਾਂ ਤਕ ਵੀ ਆਪਣੀ ਰਸਾਈ ਨਹੀਂ ਕਰ ਸਕਿਆ, ਅਦ੍ਰਿਸ਼ਟ ਰਹੱਸਾਂ ਤਕ ਪੁੱਜਣਾ ਤਾਂ ਬਹੁਤ ਦੂਰ ਦੀ ਗੱਲ ਹੈ। ਸੋ ਵਾਪਰ ਜਾਣ ਉਪਰੰਤ ਕਿਸੇ ਵੀ ਕੁਦਰਤੀ ਆਫ਼ਤ ਦੇ ਸਿਧਾਂਤਕ ਕਾਰਨਾਂ ਦਾ ਵਿਸ਼ਲੇਸ਼ਣ ਤਾਂ ਮਨੁੱਖ ਕਰ ਸਕਦਾ ਹੈ, ਪਰ ਬ੍ਰਹਿਮੰਡ ਦੇ ਗਰਭ ਵਿਚਲੀਆਂ ਅੰਤ੍ਰੀਵ ਕਿਰਿਆਵਾਂ ਦਾ ਭੇਦ ਪਾਣਾ ਅਜੇ ਮਨੁੱਖ ਦੇ ਵੱਸ ਦੀ ਗੱਲ ਨਹੀਂ।

ਕੁਦਰਤੀ ਆਫ਼ਤਾਂ ਦੀਆਂ ਅਨੇਕਾਂ ਕਿਸਮਾਂ ਹਨ ਪਰ ਮੁੱਖ ਰੂਪ ਵਿਚ ਚੱਕਰਵਰਤੀ ਤੂਫ਼ਾਨ, ਭੂਚਾਲ, ਹੜ੍ਹ, ਸੋਕਾ, ਭੂ-ਖਨਨ, ਜੰਗਲਾਂ ਦੀ ਅੱਗ, ਬਰਫ਼ਬਾਰੀ ਆਦਿ ਨਾਲ ਮਨੁੱਖ ਨੂੰ ਵਧੇਰੇ ਜੂਝਣਾ ਪੈਂਦਾ ਹੈ। ਦੁਨੀਆ ਦੀਆਂ ਸਭ ਤੋਂ ਵੱਧ ਖ਼ਤਰਨਾਕ ਕੁਦਰਤੀ ਆਫ਼ਤਾਂ ਦਾ ਜ਼ਿਕਰ ਕਰੀਏ ਤਾਂ ਸੰਨ ੧੯੩੧ ਵਿਚ ਚੀਨ ਵਿਚ ਆਏ ਹੜ੍ਹਾਂ ਵਿਚ ੪੦ ਲੱਖ ਤੋਂ ਵਧੇਰੇ ਮਨੁੱਖੀ ਜਾਨਾਂ ਦਾ ਨੁਕਸਾਨ ਪ੍ਰਮੁੱਖਤਾ ਨਾਲ ਸਾਹਮਣੇ ਆਉਂਦਾ ਹੈ। ਅਨੇਕਾਂ ਕੁਦਰਤੀ ਆਫ਼ਤਾਂ ਇਤਿਹਾਸ ਦੇ ਪੰਨਿਆਂ ਵਿਚ ਦਰਜ ਹਨ, ਜਿਨ੍ਹਾਂ ਵਿਚ ਲੱਖਾਂ ਜਾਨਾਂ ਦੇ ਨਾਲ ਨਾਲ ਲੱਖਾਂ ਜੀਵ-ਜੰਤੂ ਅਤੇ ਅਰਬਾਂ ਦੇ ਅਸਾਸੇ ਤਬਾਹ ਹੋ ਗਏ। ਕੁਦਰਤੀ ਆਫ਼ਤਾਂ ਦੇ ਵਾਪਰਨ ਵਾਲੇ ਸਭ ਤੋਂ ਵੱਧ ਸੰਭਾਵੀ ਖੇਤਰਾਂ ਵਿਚ ਚੀਨ ਦੁਨੀਆ ਵਿਚ ਨੰਬਰ ਇੱਕ ਅਤੇ ਅਮਰੀਕਾ ਦੂਸਰੇ ਨੰਬਰ ਉੱਪਰ ਹੈ। ਤੀਸਰੇ ਨੰਬਰ ਉੱਪਰ ਸਾਡਾ ਆਪਣਾ ਦੇਸ਼ ਭਾਰਤ ਹੈ, ਜੋ ਅਬਾਦੀ ਦੇ ਹਿਸਾਬ ਨਾਲ ਪਹਿਲੇ ਨੰਬਰ 'ਤੇ ਹੋਣ ਕਾਰਨ ਜ਼ਿਆਦਾ ਨੁਕਸਾਨਵਾਨ ਸਿੱਧ ਹੋ ਸਕਦਾ ਹੈ। ਭਾਰਤ ਦੇ ੩੬ ਸੂਬਿਆਂ ਅਤੇ ਕੇਂਦਰੀ ਪ੍ਰਸ਼ਾਸਿਤ ਰਾਜਾਂ ਵਿੱਚੋਂ ੨੭ ਨੂੰ ਕੁਦਰਤੀ ਆਫ਼ਤਾਂ ਲਈ ਸੰਭਾਵੀ ਖੇਤਰਾਂ ਵਜੋਂ ਦੇਖਿਆ ਜਾਂਦਾ ਹੈ। ਉੜੀਸਾ ਭਾਰਤ ਵਿਚ ਕੁਦਰਤੀ ਆਫ਼ਤਾਂ ਲਈ ਸਭ ਤੋਂ ਵਧੇਰੇ ਸੰਭਾਵੀ ਖੇਤਰ ਅਤੇ ਕੁਦਰਤੀ ਆਫ਼ਤਾਂ ਨਾਲ ਨਿਪਟਣ ਲਈ ਸਭ ਤੋਂ ਵਧੀਆ ਪ੍ਰਬੰਧਕ ਵਜੋਂ ਮਾਨਤਾ ਪ੍ਰਾਪਤ ਕਰ ਚੁੱਕਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਦਰਤੀ ਆਫ਼ਤਾਂ ਵਿਚ ਵਿੱਤੀ ਅਤੇ ਮਨੁੱਖੀ ਸਰੋਤਾਂ ਦੀ ਬਹੁਤ ਮਹੱਤਤਾ ਹੈ, ਪਰ ਪ੍ਰਬੰਧਨ ਉਸ ਤੋਂ ਵੀ ਵਧੇਰੇ ਮਹੱਤਵਪੂਰਨ ਹੈ। ਬਿਨਾਂ ਸ਼ੱਕ ਵਧੇਰੇ ਵਿੱਤੀ ਸਰੋਤਾਂ ਨਾਲ ਤੁਹਾਡੀ ਕਾਰਜ-ਸ਼ੈਲੀ ਦਾ ਦਾਇਰਾ ਵੱਡਾ ਹੋ ਜਾਂਦਾ ਹੈ। ਕੁਦਰਤੀ ਆਫ਼ਤਾਂ ਮੌਕੇ ਜਿੱਥੇ ਸਰਕਾਰੀ ਪੱਧਰ ਉੱਪਰ ਲੋੜੀਂਦੀ ਯੋਜਨਾ-ਬੰਦੀ ਕੀਤੀ ਜਾ ਸਕਣੀ ਸੰਭਵ ਹੈ, ਉੱਥੇ ਗੈਰ-ਸਰਕਾਰੀ ਸੰਸਥਾਵਾਂ, ਸਵੈ-ਸੇਵੀ

ਸੰਸਥਾਵਾਂ ਅਤੇ ਨਿੱਜੀ ਰੂਪ ਵਿਚ ਵਿਅਕਤੀਗਤ ਸ਼ਮੂਲੀਅਤ ਆਪਣੇ ਆਪ ਹੀ ਹੋ ਜਾਂਦੀ ਹੈ। ਪ੍ਰਧਾਨ ਮੰਤਰੀ ਰਿਲੀਫ਼ (ਰਾਹਤ) ਫ਼ੰਡ, ਮੁੱਖ ਮੰਤਰੀ ਰਿਲੀਫ਼ (ਰਾਹਤ) ਫ਼ੰਡ ਤੋਂ ਇਲਾਵਾ ਆਫ਼ਤਾਂ ਪ੍ਰਬੰਧਨ ਲਈ ਬਜ਼ਟ ਵਿਚ ਰਾਖਵੇਂ ਫ਼ੰਡ ਆਪਣੇ ਆਪ ਵਿਚ ਅਜਿਹੀਆਂ ਆਫ਼ਤਾਂ ਮੌਕੇ ਮਹੱਤਵਪੂਰਨ ਸਾਧਨ ਸਾਬਤ ਹੁੰਦੇ ਹਨ। ਵੱਡੀ ਬਿਪਤਾ ਮੌਕੇ ਵਿਦੇਸ਼ਾਂ ਤੋਂ ਇਲਾਵਾ ਯੂਨਾਈਟਡ ਨੇਸ਼ਨ ਵਰਗੀਆਂ ਅਨੇਕਾਂ ਸੰਸਥਾਵਾਂ ਵੀ ਆਪਣਾ ਰੋਲ ਅਦਾ ਕਰਦੀਆਂ ਹਨ।

ਇਸ ਸਭ ਤੋਂ ਵਿਲੱਖਣ ਹੈ ਸਿੱਖ ਕੌਮ ਦਾ ਕਿਸੇ ਵੀ ਬਿਪਤਾ ਮੌਕੇ ਸਰਬੱਤ ਦੇ ਭਲੇ ਵਾਲੇ ਸੰਕਲਪ ਨਾਲ ਲਬਰੇਜ਼ ਹੋ ਕੇ ਸੇਵਾ ਹਿੱਤ ਹਾਜ਼ਰ ਹੋ ਜਾਣਾ। ਗੁਰੂ ਨਾਨਕ ਪਾਤਸ਼ਾਹ ਜੀ ਦੇ ੨੦ ਰੁਪਏ ਨਾਲ ਸ਼ੁਰੂ ਕੀਤੇ ਲੰਗਰ ਤਾਂ ਅਜਿਹੀਆਂ ਕੁਦਰਤੀ ਆਫ਼ਤਾਂ ਮੌਕੇ ਵਧੇਰੇ ਪੰਥਕ ਜਜ਼ਬੇ ਤਹਿਤ ਸ਼ੁਰੂ ਹੋ ਜਾਂਦੇ ਹਨ। ਹੁਣ ਤਾਂ ਲੰਗਰਾਂ ਵਿਚ ਆਕਸੀਜਨ ਦੇ ਸਿਲੰਡਰਾਂ ਤੋਂ ਲੈ ਕੇ ਡਾਕਟਰੀ ਉਪਕਰਣਾਂ ਤਕ ਸਿੱਖ ਕੌਮ ਨੇ ਵਰਤਾਅ ਦਿੱਤੇ। ਸਿੱਖ ਨੌਜਵਾਨ ਆਪਣੇ ਸਿਰ ਤਲੀਆਂ ਉੱਪਰ ਰੱਖ ਕੇ ਖ਼ਾਲਸਾ ਏਡ ਵਰਗੀ ਸੰਸਥਾ ਦੇ ਬੈਨਰ ਹੇਠ ਉੱਥੇ ਵੀ ਜੂਝਦੇ ਨਜ਼ਰ ਆਏ, ਜਿੱਥੇ ਸਰਕਾਰਾਂ ਵੀ ਆਪਣੇ ਆਪ ਨੂੰ ਅ-ਸਹਾਇ ਮਹਿਸੂਸ ਕਰਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਅਨੇਕਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਕਾਰ-ਸੇਵਾ ਵਾਲੇ ਸੰਤ-ਮਹਾਂਪੁਰਸ਼, ਸਿੱਖ ਸੰਸਥਾਵਾਂ ਤੋਂ ਇਲਾਵਾ ਵੱਖੋ-ਵੱਖਰੇ ਸ਼ਹਿਰਾਂ ਵਿੱਚੋਂ ਅਮੀਰ ਤੋਂ ਅਮੀਰ ਅਤੇ ਵਿੱਤੀ ਪੱਖੋਂ ਗ਼ਰੀਬ ਤੋਂ ਗ਼ਰੀਬ ਸਿੱਖ ਵੀ ਆਪ-ਮੁਹਾਰੇ ਅਜਿਹੇ ਮੌਕਿਆਂ ਵਿਚ ਸੇਵਾ ਹਿੱਤ ਸ਼ਾਮਲ ਹੋਣਾ ਆਪਣੇ ਫ਼ਰਜ਼ ਨਾਲੋਂ ਆਪਣਾ ਸੁਭਾਗ ਸਮਝਦੇ ਹਨ। ਕਰੋਨਾ ਵਰਗੀ ਭਿਅੰਕਰ ਬਿਮਾਰੀ ਦੌਰਾਨ ਜਦ ਸ਼ਮਸ਼ਾਨ ਘਾਟ ਦੇ ਕਰਿੰਦਿਆਂ ਨੇ ਲਾਸ਼ਾਂ ਦੇ ਸਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਅਜਿਹੇ ਮੌਕਿਆਂ ਉੱਪਰ ਵੀ ਗੁਰੂ ਕੇ ਲਾਲ (ਸਿੱਖ) ਹੀ ਸੇਵਾਵਾਂ ਅਰਪਿਤ ਕਰਦੇ ਨਜ਼ਰ ਆਏ ਸਨ। ਕੌਮੀ ਤੌਰ ਉੱਪਰ ਸਿੱਖਾਂ ਦੇ ਇਸ ਜਜ਼ਬੇ ਨੂੰ ਦੁਨੀਆ ਭਰ ਵਿਚ ਸਲਾਹਿਆ ਵੀ ਜਾਂਦਾ ਹੈ ਅਤੇ ਸਤਿਕਾਰਿਆ ਵੀ।

ਵੱਧ ਵਿੱਤੀ ਸਰੋਤ ਹੋਣਗੇ ਤਾਂ ਇਹ ਹੋ ਸਕਦਾ ਹੈ ਜਾਂ ਜ਼ਿਆਦਾ ਮਨੁੱਖੀ ਸਰੋਤਾਂ ਨਾਲ ਇਹ ਹੋ ਸਕਦਾ ਹੈ, ਦੀ ਥਾਂ ਆਪਣੇ ਵਿੱਤੀ ਸਰੋਤਾਂ ਅਤੇ ਮਨੁੱਖੀ ਸਰੋਤਾਂ ਨਾਲ ਵਧੀਆ ਨਤੀਜੇ ਕਿਵੇਂ ਲਏ ਜਾ ਸਕਦੇ ਹਨ, ਇਸ ਦੇ ਵਿਸਥਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ੨੬ ਜਨਵਰੀ, ੨੦੦੧ ਵਿਚ ਭੁੱਜ (ਗੁਜਰਾਤ) ਵਿਚ ਆਏ ਭੂਚਾਲ ਤੋਂ ਬਾਅਦ ਗਈ ਟੀਮ ਦੇ ਕੰਮ ਨੂੰ ਦੇਖਣਾ ਬਣਦਾ ਹੈ। ਨਿੱਜੀ ਰੂਪ ਵਿਚ ਬਹੁਤ ਨਜ਼ਦੀਕ ਤੋਂ ਦੇਖੇ ਇਸ ਕੈਂਪ ਸੰਬੰਧੀ ਸਾਰੀ ਜਾਣਕਾਰੀ ਮੇਰਾ ਆਪਣਾ ਪਹਿਲੇ ਹਥਲਾ ਦ੍ਰਿਸ਼ਟਾਂਤ ਹੈ।

੨੦੦੧ ਈ. ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੋਣ ਕਾਰਨ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟੀਮ ਨਾਲ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਦੀ ਡਾਕਟਰੀ ਟੀਮ ਤੋਂ ਇਲਾਵਾ ਲੰਗਰ ਦੀਆਂ ਰਸਦਾਂ, ਵੰਡਣ ਲਈ ਕੰਬਲ, ਕੱਪੜੇ, ਆਰਜ਼ੀ ਟੈਂਟ ਅਤੇ ਵੱਡੀ ਗਿਣਤੀ ਵਿਚ ਵਲੰਟੀਅਰ ਸੇਵਾਦਾਰ ਲੈ ਕੇ ਜਾਣ ਲਈ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੀ ਇੱਕ ਵੱਡੀ ਨਫ਼ਰੀ ਘਟਨਾ-ਸਥਲ 'ਤੇ ਗਈ ਸੀ। ਭੁੱਜ ਦੇ ਬਿਲਕੁਲ ਬਾਹਰਵਾਰ ਸੁੱਖਪੁਰ ਜਗ੍ਹਾ ਉੱਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣਾ ਕੈਂਪ ਬਣਾਇਆ ਗਿਆ ਅਤੇ ਡਾਕਟਰੀ ਸੇਵਾਵਾਂ ਦੇ ਨਾਲ-ਨਾਲ ਲੰਗਰ ਬਣਾਉਣ ਅਤੇ ਵਰਤਾਉਣ ਦਾ ਪ੍ਰਬੰਧ ਕੀਤਾ ਗਿਆ। ਖੁੱਲੇ ਮੈਦਾਨ ਵਿਚ ਬਣਾਏ ਗਏ ਇਸ ਕੈਂਪ ਦੇ ਦਰਵਾਜ਼ੇ ਉੱਪਰ ਇੱਕ ਵੱਡਾ ਸਾਰਾ ਨਿਸ਼ਾਨ ਸਾਹਿਬ ਵੀ ਲਗਾਇਆ ਗਿਆ, ਜੋ ਖਾਲਸਾ ਪੰਥ ਦੇ ਸੇਵਾ ਲਈ ਹਾਜ਼ਿਰ ਹੋਣ ਦੇ ਨਿਸ਼ਾਨ ਵਜੋਂ ਹਰ ਮਾਈ-ਭਾਈ ਨੂੰ ਜੀ ਆਇਆਂ ਆਖਣ ਲਈ ਲਗਾਇਆ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ-ਨਾਲ ਪੰਜਾਬ ਤੋਂ ਗਈਆਂ ਕਈ ਸੰਸਥਾਵਾਂ ਅਤੇ ਨਿੱਜੀ ਰੂਪ ਵਿਚ ਗਏ ਸਿੱਖ ਨੌਜਵਾਨ ਵੀ ਇਸ ਮੁਹਾਜ ਵਿਚ ਸ਼ਾਮਿਲ ਹੋ ਗਏ ਸਨ।

ਪਹਿਲਾਂ ਗੱਲ ਡਾਕਟਰੀ ਸੇਵਾਵਾਂ ਦੀ ਕਰੀਏ ਤਾਂ ਬਹੁਤ ਸੁਚੱਜੇ ਢੰਗ ਨਾਲ ਯੋਜਨਾ ਬਣਾਈ ਗਈ ਕਿ ਡਾਕਟਰੀ ਕੈਂਪ ਘੱਟੋ-ਘੱਟ ੧੦ ਹਫ਼ਤੇ ਦਾ ਹੋਵੇਗਾ। ਭਾਵੇਂ ਢਾਈ ਮਹੀਨੇ ਦਾ ਕੈਂਪ ਚਿਤਵਨਾ ਬਹੁਤ ਬਿਖਮ ਭਰਿਆ ਫ਼ੈਸਲਾ ਸੀ, ਯੋਜਨਾ ਇਹ ਸੀ ਕਿ ਜਿਸ ਵੀ ਮਰੀਜ਼ ਨੂੰ ਹੱਥ ਪਾਇਆ ਜਾਵੇ, ਉਸ ਦੇ ਇਲਾਜ ਨੂੰ ਪੂਰਾ ਕਰ ਕੇ ਹੀ ਕੈਂਪ ਖਤਮ ਕੀਤਾ ਜਾਵੇ। ਟੁੱਟੀਆਂ ਹੋਈਆਂ ਹੱਡੀਆਂ ਦੇ ਮਰੀਜ਼ਾਂ ਦੇ ਪਲੱਸਤਰ ਕੱਟਣ ਤਕ ਦੀ ਯੋਜਨਾ ਹੀ ਅਜਿਹੇ ਫ਼ੈਸਲੇ ਦੀ ਮੁੱਖ ਸੂਤਰਧਾਰ ਸੀ। ਹਰ ਮਰੀਜ਼ ਦੀ ਅਲੱਗ ਤੋਂ ਫ਼ਾਈਲ ਬਣਾਈ ਗਈ ਤਾਂ ਜੁ ਬਦਲ-ਬਦਲ ਕੇ ਡਿਊਟੀਆਂ ਲੱਗਣ ਦੀ ਸੂਰਤ ਵਿਚ ਆਉਣ ਵਾਲੇ ਹਰ ਡਾਕਟਰ ਨੂੰ ਮਰੀਜ਼ ਸੰਬੰਧੀ ਪੂਰੀ ਜਾਣਕਾਰੀ ਮਿਲ ਸਕੇ। ਆਰਜ਼ੀ ਉਪਰੇਸ਼ਨ ਥਿਏਟਰ ਤੋਂ ਲੈ ਕੇ ਮਰੀਜ਼ਾਂ ਲਈ ਹਰ ਸੁਵਿਧਾ ਅਤੇ ਸਟਾਫ਼ ਦੀ ਰਿਹਾਇਸ਼ ਅਤੇ ਗੁਸਲਖਾਨੇ ਤਕ ਤਿਆਰ ਕੀਤੇ ਗਏ। ਜਿਸ ਵਧੀਆ ਤਰੀਕੇ ਨਾਲ ਡਾਕਟਰੀ ਸੇਵਾਵਾਂ ਮੁਹੱਈਆ ਕੀਤੀਆਂ ਗਈਆਂ, ਉਹ ਬੇ-ਮਿਸਾਲ ਹਨ।

ਪਰ, ਲੰਗਰ ਬਣਾਉਣ ਅਤੇ ਵਰਤਾਉਣ ਵਿਚ ਇੱਕ ਅਲੱਗ ਤਰ੍ਹਾਂ ਦੀ ਮੁਸ਼ਕਿਲ ਸਾਹਮਣੇ ਆ ਗਈ। ਦੂਸਰੇ ਹੀ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਹਮਣੇ ਲੰਗਰ ਵਰਤਾਉਣ ਵਿਚ ਮੁਸ਼ਕਿਲ ਆਣ ਬਣੀ, ਇਹ ਮੁਸ਼ਕਿਲ ਪ੍ਰਬੰਧਾਂ ਕਰਕੇ ਨਹੀਂ, ਬਲਕਿ ਗੁਜਰਾਤ ਦੇ ਵਸਨੀਕਾਂ ਦੀ ਜਾਤ-ਪਾਤ ਵਾਲੀ ਸਮਾਜਿਕ ਬਣਤਰ ਕਰਕੇ ਸੀ। ਕੁਦਰਤੀ ਆਫ਼ਤ ਦੀ ਇਸ ਮਾਰ ਭਰੇ ਸਮੇਂ ਅੰਦਰ ਵੀ ਉੱਚ ਜਾਤਾਂ ਦੇ ਲੋਕ ਨੀਵੀਆਂ ਜਾਤਾਂ ਦੇ ਲੋਕਾਂ ਨਾਲ ਬੈਠ ਕੇ ਲੰਗਰ ਛਕਣ ਨੂੰ ਤਿਆਰ ਨਹੀਂ

ਸਨ। ਉੱਥੋਂ ਦੇ ਵਸਨੀਕਾਂ ਦੀ ਮੰਗ ਸੀ ਕਿ ਨਿਰਧਾਰਿਤ ਕਰੋ ਕਿ ਇਹ ਲੰਗਰ ਉੱਚ ਜਾਤੀ ਦੇ ਲੋਕਾਂ ਲਈ ਹੈ ਜਾਂ ਨੀਵੀਆਂ ਜਾਤਾਂ ਦੇ ਲੋਕਾਂ ਲਈ। ਸਿਧਾਂਤਕ ਤੌਰ ਉੱਪਰ ਪੰਥਕ ਫ਼ੈਸਲਾ ਕਰ ਲਿਆ ਗਿਆ ਕਿ ਵੱਖਰੀ-ਵੱਖਰੀ ਜਾਤ ਦੇ ਨਾਮ ਦਾ ਲੰਗਰ ਨਹੀਂ ਲਗਾਇਆ/ਛਕਾਇਆ ਜਾ ਸਕਦਾ, ਸੋ ਕੋਈ ਹੋਰ ਨਿਰਣਾ ਲਿਆ ਜਾਵੇ। ਫ਼ੈਸਲਾ ਕੀਤਾ ਗਿਆ ਕਿ ਸੁੱਕੇ ਰਾਸ਼ਨ ਦੇ ਪੈਕਟ ਬਣਾਏ ਜਾਣ ਅਤੇ ਲੋੜਵੰਦਾਂ ਤਕ ਪੁਚਾਏ ਜਾਣ, ਪਰ ਮੁਸ਼ਕਿਲ ਫ਼ਿਰ ਉਹੀ ਬਣੀ ਕਿ ਸਮਾਜਿਕ ਤਾਣੇ-ਬਾਣੇ ਵਿਚ ਉਲਝੇ ਲੋਕ ਇੱਕ ਲਾਈਨ ਜਾਂ ਇੱਕ ਜਗ੍ਹਾ ਉੱਪਰ ਵੀ ਇਕੱਠੇ ਹੋਣ ਨੂੰ ਤਿਆਰ ਨਹੀਂ ਸਨ। ਫ਼ਿਰ ਫ਼ੈਸਲਾ ਕੀਤਾ ਗਿਆ ਕਿ ਨੇੜੇ-ਤੇੜੇ ਜਿੱਥੇ ਵੀ ਗੁਰਦੁਆਰਾ ਸਾਹਿਬ ਹੋਵੇ, ਉੱਥੇ ਸਾਮਾਨ ਪੁਚਾ ਕੇ ਵੰਡਣ ਲਈ ਸਥਾਨਕ ਸਿੱਖਾਂ ਦੀ ਮਦਦ ਲਈ ਜਾਵੇ। ਪੰਜਾਬ ਰੋਡਵੇਜ਼ ਦੀਆਂ ਬੱਸਾਂ ਉੱਪਰ ਸਾਮਾਨ ਲੱਦਿਆ ਅਤੇ ਚੱਲ ਪਏ। ਗੁਰਦੁਆਰਾ ਸਾਹਿਬ ਨੂੰ ਕੇਂਦਰ ਬਣਾ ਕੇ ਸੇਵਾ ਕਰਨ ਦਾ ਪ੍ਰੋਗਰਾਮ ਬਣਾ ਲਿਆ ਗਿਆ। ਸਫ਼ਲਤਾ ਮਿਲੀ ਪਰ ਨਾਲ ਹੀ ਇਹ ਜਾਣਕਾਰੀ ਵੀ ਮਿਲੀ ਕਿ ਟਾਵੇਂ-ਟਾਵੇਂ ਸਿੱਖਾਂ ਦੇ ਘਰ ਹਨ। ਉਨ੍ਹਾਂ ਦੇ ਆਸ-ਪਾਸ ਕਈ ਪਿੰਡਾਂ ਵਿਚ ਗੁਰਦੁਆਰਾ ਸਾਹਿਬ ਵੀ ਨਹੀਂ ਹਨ। ਸ਼ਾਮ ਨੂੰ ਵਾਪਿਸ ਆਏ ਤਾਂ ਦੇਖਿਆ ਕਿ ਜਿਤਨਾ ਸਾਮਾਨ ਅੱਜ ਵੰਡ ਕੇ ਆਏ ਹਾਂ ਉਸ ਤੋਂ ਵੱਧ ਸਾਮਾਨ ਪੰਜਾਬ ਤੋਂ ਅਲੱਗ-ਅਲੱਗ ਸੰਸਥਾਵਾਂ ਅਤੇ ਨਿੱਜੀ ਰੂਪ ਵਿਚ ਲੋਕਾਂ ਵੱਲੋਂ ਭਰ ਕੇ ਭੇਜੇ ਟਰੱਕਾਂ ਦੇ ਡਰਾਈਵਰਾਂ ਨੂੰ ਸਮਝ ਨਾ ਆਉਣ ਕਾਰਨ ਉੱਥੇ ਸਾਡੇ ਕੋਲ ਉਤਾਰ ਗਏ ਸਨ। ਫ਼ੈਸਲਾ ਲਿਆ ਗਿਆ ਕਿ ਪੰਜ ਸਿੰਘ ਸਿਰਫ਼ ਪੰਜਾਬ ਤੋਂ ਆ ਰਹੇ ਟਰੱਕਾਂ ਦਾ ਸਾਮਾਨ ਰੋਕ-ਰੋਕ ਕੇ ਇੱਥੇ ਹੀ ਉਤਰਵਾਉਣ ਤਾਂ ਜੁ ਵਧੇਰੇ ਸੇਵਾ ਸੰਭਵ ਹੋ ਸਕੇ। ਰਾਤ ਸਮੇਂ ਪਿਛਲੇ ਦਿਨ ਨਾਲੋਂ ਵੀ ਵੱਧ ਪੈਕਟ ਰਾਸ਼ਨ ਦੇ ਬਣਾਏ ਗਏ ਅਤੇ ਸਵੇਰੇ ਫ਼ਿਰ ਬੱਸਾਂ ਦੀਆਂ ਛੱਤਾਂ ਉੱਪਰ ਸਾਮਾਨ ਲੱਦ ਕੇ ਨਿਸ਼ਾਨਦੇਹੀ ਕੀਤੇ ਗਏ ਸਿੱਖ ਪਰਵਾਰਾਂ ਵੱਲ ਚਾਲੇ ਪਾਏ ਗਏ। ਉਨ੍ਹਾਂ ਸਿੱਖਾਂ ਨੂੰ ਆਲੇ-ਦੁਆਲੇ ਦੇ ਕੁਝ ਪਿੰਡਾਂ ਦਾ ਸੂਤਰਧਾਰ ਬਣਾ ਕੇ ਸਥਾਨਕ ਗੁਜਰਾਤੀ ਲੋਕਾਂ ਦੇ ਘਰ-ਘਰ ਜਾ ਕੇ ਰਾਸ਼ਨ ਵੰਡਿਆ ਗਿਆ। ਇਸ ਨਾਲ ਜਾਤ-ਬਰਾਦਰੀ ਵਾਲਾ ਕਾਰਜ ਖਤਮ ਹੋ ਗਿਆ, ਕਿਉਂਜੁ ਅਸੀਂ ਆਪ ਹਰ ਘਰ ਵਿਚ ਸਾਮਾਨ ਲੈ ਕੇ ਜਾ ਰਹੇ ਸੀ। ਇਸ ਨਾਲ ਜਿੱਥੇ ਸਥਾਨਕ ਸਿੱਖ ਦਾ ਕੱਦ ਉੱਚਾ ਹੋਇਆ ਕਿ ਉਸ ਦਾ ਵੱਡਾ ਸਿੱਖ ਪਰਵਾਰ ਰਸਦਾਂ ਲੈ ਕੇ ਮਦਦ ਲਈ ਪੁੱਜਾ ਹੈ, ਉੱਥੇ ਜਦ ਘਰ-ਘਰ ਗਏ ਤਾਂ ਸਿੱਖੀ ਸਿਧਾਂਤਾਂ ਦੇ ਸੰਦਰਭ ਵਿਚ ਤਮਾਕੂਨੋਸ਼ੀ ਅਤੇ ਹੋਰ ਸਮਾਜਿਕ ਬੁਰਾਈਆਂ ਸੰਬੰਧੀ ਵੀ ਉਨ੍ਹਾਂ ਨੂੰ ਜਾਗਰੂਕ ਕੀਤਾ ਗਿਆ। ਜਦ ਅਸੀਂ ਵਾਪਿਸ ਆਏ ਤਾਂ ਪਹਿਲੇ ਦਿਨ ਨਾਲੋਂ ਕਿਤੇ ਵਧੇਰੇ ਰਾਸ਼ਨ ਅਤੇ ਹੋਰ ਸਾਮਾਨ ਉਨ੍ਹਾਂ ਵੀਰਾਂ ਨੇ ਟਰੱਕਾਂ ਤੋਂ ਉਤਰਵਾ ਲਿਆ ਸੀ। ਇਹ ਰੁਟੀਨ ਇਸੇ ਤਰ੍ਹਾਂ ਹੀ ਚਲਦੀ ਰਹੀ ਅਤੇ ਨਾਲੇ ਸਿੱਖ ਧਰਮ ਦਾ ਪ੍ਰਚਾਰ ਹੁੰਦਾ ਰਿਹਾ, ਨਾਲੇ ਸਥਾਨਕ ਸਿੱਖਾਂ ਦਾ ਮਾਣ-ਸਤਿਕਾਰ ਇਲਾਕਿਆਂ ਵਿਚ ਵਧਦਾ ਰਿਹਾ। ਅਲੱਗ-ਅਲੱਗ ਇਲਾਕਿਆਂ ਤੋਂ ਸਿੱਖ ਵੀਰ ਪ੍ਰਬੰਧਕਾਂ ਨਾਲ ਸੰਪਰਕ ਕਰਨ ਲਈ

ਆਉਣ ਲੱਗੇ ਅਤੇ ਮਦਦ ਵੀ ਸਹੀ ਹੱਥਾਂ ਵਿਚ ਪੁੱਜਣ ਲਗੀ। ਇੱਕ ਮਹੀਨਾ ਪੂਰਾ ਰਾਸ਼ਨ ਅਤੇ ਹੋਰ ਲੋੜੀਂਦਾ ਸਾਮਾਨ ਵਰਤਾਉਣ ਦੀ ਇਹ ਪ੍ਰਕ੍ਰਿਆ ਚਲਦੀ ਰਹੀ। ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਤੀ ਸਰੋਤ ਇਸ ਕੈਂਪ ਦੀ ਸਫ਼ਲਤਾ ਦਾ ਸੂਤਰਧਾਰ ਸਨ, ਉੱਥੇ ਮਨੁੱਖੀ ਸਰੋਤਾਂ ਅਤੇ ਪ੍ਰਬੰਧਨ ਦੀ ਮਿਸਾਲ ਨਾਲ ਅਜਿਹੀ ਸਫ਼ਲਤਾ ਮਿਲੀ ਕਿ ਮੌਕੇ ਦੇ ਅਧਿਕਾਰੀ ਅਤੇ ਸਥਾਨਕ ਲੋਕ ਵੀ ਇਸ ਕੈਂਪ ਦੀ ਸੇਵਾ ਦਾ ਜ਼ਿਕਰ ਸਕਾਰਾਤਮਕ ਰੂਪ ਵਿਚ ਕਰਦੇ ਨਜ਼ਰ ਆਉਂਦੇ ਸਨ।

ਅਸੀਂ ਵਿੱਤੀ ਮਦਦ ਲਈ ਅਲੱਗ-ਅਲੱਗ ਸਰੋਤਾਂ ਨੂੰ ਤਾਂ ਆਪਣੀ ਵਿਚਾਰ ਚਰਚਾ ਦਾ ਹਿੱਸਾ ਬਣਾ ਲਿਆ, ਪਰ ਮਨੁੱਖੀ ਸਰੋਤਾਂ ਉੱਪਰ ਬਹੁਤ ਜ਼ਿਆਦਾ ਚਰਚਾ ਨਹੀਂ ਹੋਈ। ਜਿਵੇਂ ਕਿ ਭੁੱਜ ਵਿਚ ਆਈ ਕੁਦਰਤੀ ਆਫ਼ਤ ਦੇ ਜ਼ਿਕਰ ਵਿਚ ਆਇਆ ਹੈ ਕਿ ਅਜਿਹੇ ਮੌਕਿਆਂ ਉੱਪਰ ਦੇਸ਼ ਦੇ ਅਲੱਗ-ਅਲੱਗ ਹਿੱਸਿਆਂ ਤੋਂ ਸੰਸਥਾਵਾਂ, ਵਿੱਤੀ ਅਦਾਰਿਆਂ ਤੋਂ ਇਲਾਵਾ ਵਿਅਕਤੀਗਤ ਤੌਰ ਉੱਪਰ ਲੋਕ ਟਰੱਕਾਂ ਦੇ ਟਰੱਕ ਸਾਮਾਨ ਭਰ ਕੇ ਭੇਜ ਦਿੰਦੇ ਹਨ, ਪਰ ਉਹ ਪੁੱਜਦਾ ਕਿੱਥੇ ਕਰਨਾ ਹੈ, ਇਸ ਦੀ ਜਾਣਕਾਰੀ ਕਿਸੇ ਨੂੰ ਨਹੀਂ ਹੁੰਦੀ। ਅਜਿਹੇ ਹਾਲਾਤਾਂ ਵਿਚ ਮਨੁੱਖੀ ਸਰੋਤ ਵਿੱਤੀ ਸਰੋਤਾਂ ਨਾਲੋਂ ਵੀ ਮਹੱਤਵਪੂਰਨ ਹੋ ਜਾਂਦੇ ਹਨ। ਅਜਿਹੀ ਕਿਸੇ ਵੀ ਕੁਦਰਤੀ ਬਿਪਤਾ ਮੌਕੇ ਮਨੁੱਖੀ ਸਰੋਤਾਂ ਦਾ ਮਹੱਤਵ ਹੋਰ ਵੀ ਵਧੇਰੇ ਹੋ ਜਾਂਦਾ ਹੈ ਕਿਉਂਕਿ ਕਈ ਵਾਰ ਸ਼ਹਿਰਾਂ ਦੇ ਸ਼ਹਿਰ ਇਸ ਕਹਿਰ ਦੀ ਚਪੇਟ ਵਿਚ ਆਏ ਹੁੰਦੇ ਹਨ। ਇੱਕ ਹੀ ਸ਼ਹਿਰ ਵਿਚ ਕਿਸੇ ਇੱਕ ਸਾਮਾਨ ਦਾ ਅੰਬਾਰ ਪੁੱਜਾ ਹੋ ਸਕਦਾ ਹੈ, ਜਦੋਂ ਕਿ ਉਸੇ ਹੀ ਸ਼ਹਿਰ ਦੇ ਦੂਸਰੇ ਕੋਨੇ ਵਿਚ ਉਸ ਸਾਮਾਨ ਦੀ ਪ੍ਰਾਪਤੀ ਲਈ ਮਾਰੋ-ਮਾਰ ਹੁੰਦੀ ਹੋ ਸਕਦੀ ਹੈ। ਵਿੱਤੀ ਸਾਧਨਾਂ ਨਾਲ ਲੋੜੀਂਦੀਆਂ ਵਸਤਾਂ ਇਕੱਤਰ ਹੋਣ ਤੋਂ ਬਾਅਦ ਵੀ ਜੇਕਰ ਤੁਹਾਡੇ ਪਾਸ ਮਨੁੱਖੀ ਸਰੋਤਾਂ ਦੀ ਘਾਟ ਹੈ ਤਾਂ ਉਨ੍ਹਾਂ ਵਸਤਾਂ ਨੂੰ ਸਹੀ ਢੰਗ ਨਾਲ ਵੰਡਣਾ ਸੰਭਵ ਨਹੀਂ ਹੋ ਪਾਂਦਾ। ਸੂਬਾ ਸਰਕਾਰਾਂ, ਭਾਰਤ ਸਰਕਾਰ ਜਾਂ ਵਿਦੇਸ਼ ਤੋਂ ਪੁੱਜੀ ਰਾਹਤ ਸਮੱਗਰੀ ਵੀ ਕਈ ਵਾਰ ਮਨੁੱਖੀ ਸਰੋਤਾਂ ਦੀ ਘਾਟ ਅਤੇ ਕਮਜ਼ੋਰ ਪ੍ਰਬੰਧਨ ਕਾਰਨ ਠੀਕ ਢੰਗ ਨਾਲ ਵਿਤਰਨ ਨਹੀਂ ਹੋ ਪਾਂਦੀ।

ਸੋ ਮੈਂ ਇਹ ਮਹਿਸੂਸ ਕਰਦੀ ਹਾਂ ਕਿ ਕੁਦਰਤੀ ਆਫ਼ਤਾਂ ਮੌਕੇ ਵਿੱਤੀ ਅਤੇ ਮਨੁੱਖੀ ਸਰੋਤ ਦੋਨੋਂ ਹੀ ਮਹੱਤਵਪੂਰਨ ਹਨ, ਵਿੱਤ ਨਹੀਂ ਤਾਂ ਰਾਹਤ ਸਮੱਗਰੀ ਨੂੰ ਇਕੱਤਰ ਕਰਨਾ ਸੰਭਵ ਨਹੀਂ, ਪਰ ਰਾਹਤ ਸਮੱਗਰੀ ਇਕੱਤਰ ਕਰ ਲਈ ਹੈ ਤਾਂ ਮਨੁੱਖੀ ਸਰੋਤਾਂ ਤੋਂ ਬਿਨਾਂ ਉਨ੍ਹਾਂ ਨੂੰ ਠੀਕ ਤਰੀਕੇ ਵੰਡ ਸਕਣਾ ਸੰਭਵ ਨਹੀਂ ਹੋ ਸਕਦਾ। ਵਿੱਤੀ ਅਤੇ ਮਨੁੱਖੀ ਸਰੋਤਾਂ ਦਾ ਮਹੱਤਵ ਸਿਰਫ਼ ਰਾਹਤ ਸਮੱਗਰੀ ਤਕ ਹੀ ਸੀਮਤ ਨਹੀਂ ਹੈ, ਬਲਕਿ ਮਰੀਜ਼ਾਂ ਦੇ ਇਲਾਜ ਜਾਂ ਹੋਏ ਜਾਨੀ ਅਤੇ ਮਾਲੀ ਨੁਕਸਾਨਾਂ ਦੀ ਸਾਂਭ-ਸੰਭਾਲ ਨਾਲ ਵੀ ਉਨ੍ਹਾਂ ਹੀ ਮਹੱਤਵਪੂਰਨ ਜੋ ਜਾਂਦਾ ਹੈ।

■

# ਸਿੰਘ ਅਤੇ ਕੌਰ ਸਿਧਾਂਤਕ ਪਰਿਪੇਖ

*ਬੀਬੀ ਕਿਰਨਦੀਪ ਕੌਰ**

*ਸ. ਕਰਮਜੀਤ ਸਿੰਘ ਦੂਲਾ ਨੰਗਲ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਾਹੀਂ ਅਕਾਲ ਪੁਰਖ ਦੁਆਰਾ 'ਧੁਰ ਕੀ ਬਾਣੀ' ਦੇ ਰੂਪ ਵਿਚ ਪ੍ਰਕਾਸ਼ਿਤ ਹੋਏ ਗਿਆਨ ਨੂੰ ਬਾਕੀ ਗੁਰੂ ਸਾਹਿਬਾਨ ਨੇ ਸੰਸਾਰ ਵਿਚ ਫੈਲਾਇਆ ਅਤੇ ਸਮੁੱਚੀ ਲੋਕਾਈ ਨੂੰ ਜੋਤਿ ਰੂਪੀ ਏਕਤਾ, ਸਾਂਝੀਵਾਲਤਾ, ਸਰਬੱਤ ਦੇ ਭਲੇ ਨਾਲ 'ਦੇਗ਼ ਤੇਗ਼ ਫ਼ਤਹ' ਦਾ ਸੰਦੇਸ਼ ਦਿੱਤਾ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ. ਵਿਚ ਖ਼ਾਲਸਾ ਪੰਥ ਨੂੰ ਪ੍ਰਗਟ ਕਰ ਕੇ 'ਚਰਣ ਪਾਹੁਲ' ਨੂੰ 'ਖੰਡੇ ਦੀ ਪਾਹੁਲ' ਵਿਚ ਬਦਲ ਦਿੱਤਾ।[੧] ਗੁਰੂ ਜੀ ਨੇ ਹਰ ਅੰਮ੍ਰਿਤਧਾਰੀ ਸਿੱਖ ਪੁਰਸ਼ ਦੇ ਨਾਮ ਨਾਲ 'ਸਿੰਘ' ਸ਼ਬਦ ਅਤੇ ਇਸਤਰੀ ਦੇ ਨਾਮ ਨਾਲ 'ਕੌਰ' ਸ਼ਬਦ ਲਗਾਉਣਾ ਲਾਜ਼ਮੀ ਕਰ ਦਿੱਤਾ। ਪੰਜਾਂ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਛਕਣ ਉਪਰੰਤ ਗੁਰੂ ਸਾਹਿਬ ਨੇ ਖੁਦ ਵੀ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣ ਕੇ 'ਆਪੇ ਗੁਰ ਚੇਲਾ' ਦੀ ਨਿਵੇਕਲੀ ਮਿਸਾਲ ਕਾਇਮ ਕੀਤੀ। ਉਦੋਂ ਤੋਂ ਹਰ ਸਿੱਖ ਆਪਣੇ ਨਾਮ ਪਿੱਛੇ 'ਸਿੰਘ' ਅਤੇ 'ਕੌਰ' ਲਗਾਉਂਦਾ ਹੈ, ਜੋ ਸਿੱਖਾਂ ਵਿਚ ਭਰਾਤਰੀ ਭਾਵ ਅਤੇ ਦਲੇਰੀ ਦੀ ਭਾਵਨਾ ਪੈਦਾ ਕਰਨ ਦਾ ਇਕ ਜ਼ਰੀਆ ਹੈ। ਇਸ ਤਰ੍ਹਾਂ ਸਿੱਖ ਪੰਥ ਇਕ ਨਿਆਰੇ ਰੂਪ ਵਜੋਂ ਪ੍ਰਗਟ ਹੋਇਆ।

## ਸਿੰਘ ਅਤੇ ਕੌਰ ਦੇ ਸ਼ਾਬਦਿਕ ਅਰਥ ਅਤੇ ਸਿਧਾਂਤਕ ਪ੍ਰਸੰਗ:

### ਸਿੰਘ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਿੰਘ ਤੋਂ ਭਾਵ ਸ਼ੇਰ ਹੈ ਜੋ ਖੰਡੇ ਦਾ ਅੰਮ੍ਰਿਤਧਾਰੀ ਗੁਰੂ ਨਾਨਕਪੰਥੀ ਖਾਲਸਾ ਹੈ।[੨] 'ਸਿੱਖ ਧਰਮ ਵਿਸ਼ਵਕੋਸ਼' ਅਨੁਸਾਰ ਸਿੰਘ ਸੰਸਕ੍ਰਿਤ ਭਾਸ਼ਾ ਵਿਚ ਸਿੰਹ, ਸ਼ੇਰ ਨੂੰ ਕਿਹਾ ਜਾਂਦਾ ਹੈ ਅਤੇ ਇਹ ਸਿੱਖ ਪੁਰਸ਼ਾਂ ਦੇ ਨਾਂ ਦਾ ਇਕ ਜ਼ਰੂਰੀ ਅੰਗ ਹੈ। ਹਰ ਇਕ ਸਿੱਖ ਪੁਰਸ਼ ਦੇ ਨਾਂ ਦਾ ਪਿਛਲਾ ਹਿੱਸਾ ਸਿੰਘ ਹੋਣਾ ਚਾਹੀਦਾ ਹੈ। ਇਤਿਹਾਸਿਕ ਤੌਰ 'ਤੇ ਜਦੋਂ ੧੬੯੯ ਈ. ਦੀ ਵੈਸਾਖੀ (੧ ਵੈਸਾਖ, ੧੭੫੬) ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਛਕਾ ਕੇ ਖ਼ਾਲਸੇ ਦੀ ਸਿਰਜਣਾ ਕੀਤੀ ਤਾਂ ਉਸੇ ਹੀ ਦਿਨ ਗੁਰੂ ਜੀ ਨੇ ਸਿੱਖਾਂ ਨੂੰ ਆਪਣੇ ਨਾਂ ਦੇ ਪਿੱਛੇ ਸਿੰਘ ਲਗਾਉਣ ਦਾ ਹੁਕਮ ਦਿੱਤਾ।[੩] ਪੁਰਾਤਨ ਪਰੰਪਰਾ ਤੋਂ ਹੀ ਹਿੰਦੁਸਤਾਨ ਵਿਚ ਲੋਕਾਂ ਦੇ ਨਾਮ ਦੇ

* *ਰੀਸਰਚ ਸਕਾਲਰਜ਼, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੫੫੭-੨੭੩੫੧*

ਅਖੀਰ ਵਿਚ 'ਸਿੰਘ' ਪਦ ਲਗਾਉਣ ਦੀ ਪਰੰਪਰਾ ਚਲਦੀ ਆ ਰਹੀ ਹੈ। ਰਾਜਪੂਤਾਂ ਵਿਚ ਅਕਸਰ ਨਾਮ ਦੇ ਅੱਗੇ 'ਸਿੰਘ' (ਸਿੰਹ) ਪਦ ਵਰਤਿਆ ਜਾਂਦਾ ਰਿਹਾ ਹੈ, ਜੋ ਕਿ ਬਹਾਦਰੀ ਦਾ ਪ੍ਰਤੀਕ ਹੈ।[੪] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਕ੍ਰਿਤ ਦੇ 'ਸਿੰਹ' ਸ਼ਬਦ ਤੋਂ ਵੱਖਰੇ ਰੂਪ ਵਿਚ 'ਸਿੰਘ' ਸ਼ਬਦ ਦੀ ਚੋਣ ਕੀਤੀ। ਇਸ ਦਾ ਇਕ ਕਾਰਨ ਇਹ ਸੀ ਕਿ ਬਹੁਤ ਸਾਰੇ ਰਾਜਪੂਤ 'ਹ'(ਸਿੰਹ) ਦੇ ਪ੍ਰਯੋਗ ਵਾਲੇ ਸ਼ਬਦ ਦੀ ਵਰਤੋਂ ਕਰਦੇ ਸਨ। ਪਰ ਗੁਰੂ ਸਾਹਿਬ ਨੇ ਇਹ ਨਿਖੇੜਾ ਕਰਦਿਆਂ 'ਘ' (ਸਿੰਘ) ਦੀ ਵਰਤੋਂ ਵਾਲੇ ਸ਼ਬਦ ਦੀ ਚੋਣ ਕੀਤੀ।

## ਕੌਰ

ਇਸ ਸ਼ਬਦ ਨੂੰ ਸਿੱਖ ਇਸਤਰੀ ਦੇ ਨਾਮ ਨਾਲ ਜੋੜਿਆ ਜਾਂਦਾ ਹੈ ਜਿਵੇਂ ਪੁਰਸ਼ ਦੇ ਨਾਮ ਨਾਲ 'ਸਿੰਘ' ਪਦ ਜੋੜਿਆ ਜਾਂਦਾ ਹੈ। 'ਕੌਰ' ਸ਼ਬਦ ਕੁੰਵਰਿ ਦਾ ਤਦਭਵ ਰੂਪ ਹੈ ਅਤੇ ਸਿੱਖ ਇਸਤਰੀ ਦੇ ਨਾਂ ਨਾਲ ਜੁੜਨ 'ਤੇ ਨਾਮ-ਗਤ ਸਮਰੂਪਤਾ ਦਾ ਅਹਿਸਾਸ ਹੁੰਦਾ ਹੈ।[੫] 'ਮਹਾਨ ਕੋਸ਼' ਅਨੁਸਾਰ ਕੌਰ ਸ਼ਬਦ ਉਸ ਸਿੰਘਣੀ ਦੀ ਉਪਾਧਿ ਹੈ, ਜਿਸ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਵੇ।[੬] ਕੌਰ ਸ਼ਬਦ ਨੂੰ ਕੁੰਵਰ (ਰਾਜਕੁਮਾਰ) ਦੇ ਰੂਪ ਵਜੋਂ ਵੀ ਵਰਤਿਆ ਜਾਂਦਾ ਹੈ। ਇਸੇ ਕੌਰ ਸ਼ਬਦ ਦੀ ਵਰਤੋਂ ਕੁੰਵਰ ਦੇ ਅਰਥਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਪਹਿਲਾਂ ਵੀ ਹੁੰਦੀ ਰਹੀ ਹੈ, ਪਰ ਗੁਰੂ ਸਾਹਿਬ ਨੇ ਕੌਰ ਸ਼ਬਦ ਨੂੰ ਸਿੰਘਣੀ ਦੇ ਰੂਪ ਵਜੋਂ ਵਰਤ ਕੇ ਰਾਜਪੂਤਾਂ ਵਾਲੇ ਕੁੰਵਰ ਤੋਂ ਸਿਧਾਂਤਕ ਨਿਖੇੜਾ ਕੀਤਾ ਅਤੇ ਸਿਪਾਹੀ ਵਜੋਂ ਪੱਕੇ ਤੌਰ 'ਤੇ ਸਿੱਖ ਇਸਤਰੀ ਦੇ ਨਾਮ ਨਾਲ ਜੋੜ ਦਿੱਤਾ।

ਸਿੱਖ ਧਰਮ ਵਿਚ 'ਸਿੱਖ', 'ਗੁਰਸਿੱਖ', 'ਗੁਰਮੁਖ' ਆਦਿਕ ਸ਼ਬਦ ਸਿੱਖ ਦਰਸ਼ਨ ਅਤੇ ਸਿੱਖ ਇਤਿਹਾਸ ਦਾ ਮੂਲ ਆਧਾਰ ਹਨ। ਇਕ ਸਿੱਖ ਦਾ ਉੱਚ ਜੀਵਨ ਬਾਣੀ ਨੂੰ ਜਿਊਂਦਿਆਂ ਹੋਇਆਂ ਨਿਆਰੇ ਅਤੇ ਨਿਰੋਏ ਸਮਾਜ ਨੂੰ ਸਿਰਜਣ ਦਾ ਮਜ਼ਬੂਤ ਪੰਧ ਹੈ। ਇੱਥੇ ਸਿਰਦਾਰ ਕਪੂਰ ਸਿੰਘ ਦਾ 'ਸਿੱਖ' ਦੇ ਸੰਦਰਭ ਵਿਚ ਕਥਨ ਬਹੁਤ ਅਹਿਮੀਅਤ ਰੱਖਦਾ ਹੈ, ਜਿਥੇ ਉਹ 'ਸਿੱਖ' ਸ਼ਬਦ ਦਾ ਸੰਸਕ੍ਰਿਤ ਦੇ 'ਸ਼ਿਸ਼ਯ' ਸ਼ਬਦ ਤੋਂ ਨਿਖੇੜਾ ਕਰਦੇ ਲਿਖਦੇ ਹਨ ਕਿ ਸਿੱਖ ਧਰਮ ਵਿਚ ਲੋਕਾਯਤ ਵਿੱਦਿਆ ਦੀ ਤਰ੍ਹਾਂ ਗੁਰੂ ਚੇਲੇ ਵਾਲਾ ਸੰਬੰਧ ਨਹੀਂ ਹੈ, ਬਲਕਿ:

"ਸਿੱਖ ਇਸ ਕਰਕੇ ਸਿੱਖ ਨਹੀਂ ਹਨ ਕਿ ਉਨ੍ਹਾਂ ਨੇ ਕਿਸੇ ਗੁਰੂ ਕੋਲੋਂ ਸਿੱਖਿਆ ਲਈ ਹੈ। ਸਿੱਖ ਇਸ ਕਾਰਨ ਸਿੱਖ ਹਨ ਕਿ ਉਹ ਗੁਰੂ, ਅਕਾਲ ਪੁਰਖ ਦੀ ਅੰਮ੍ਰਿਤ ਰੂਹਾਨੀ ਛੁਹ ਨਾਲ, ਆਪ ਸੰਸਾਰ ਦੇ ਪੱਧਰ ਨਾਲੋਂ ਉਚੇਰੇ ਜੀਵਨ ਵਿਚ ਪ੍ਰਵੇਸ਼ ਕਰਨ ਕਰਕੇ, ਬਾਕੀ ਸੰਸਾਰ ਨਾਲੋਂ ਵੱਖਰੇ ਹੋ ਚੁੱਕੇ ਹਨ। ਸਿੱਖ ਸ਼ਬਦ ਸੰਸਕ੍ਰਿਤ ਦੇ ਸ਼ਿਸ਼ਯ ਸ਼ਬਦ ਦਾ ਅਪਭ੍ਰੰਸ਼ ਨਹੀਂ ਹੈ।"[੭]

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਦੇ ਉੱਚ ਜੀਵਨ ਆਦਰਸ਼ ਦੇ ਸੰਬੰਧੀ 'ਜਪੁ ਜੀ' ਬਾਣੀ ਵਿਚ ਇੱਥੋਂ ਤਕ ਫੁਰਮਾਉਂਦੇ ਹਨ ਕਿ ਇਕ ਸਿੱਖ ਆਪ ਵੀ ਤਰਦਾ ਹੈ ਅਤੇ ਹੋਰਾਂ ਨੂੰ

ਵੀ ਤਾਰਦਾ ਹੈ।[੮] ਸ੍ਰੀ ਗੁਰੂ ਰਾਮਦਾਸ ਜੀ ਤਾਂ -*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ* 'ਵਾਲੇ ਸ਼ਬਦ ਵਿਚ ਸਿੱਖ ਦੀ ਸਮੁੱਚੀ ਜੀਵਨ-ਜਾਚ ਨੂੰ ਪੇਸ਼ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਨੌਂ ਗੁਰੂ ਸਾਹਿਬਾਨ ਤਕ ਸਾਨੂੰ ਸਿੱਖ ਦੇ ਰੂਪ ਵਜੋਂ ਪਰਿਭਾਸ਼ਿਤ ਕੀਤਾ ਗਿਆ। ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਨੂੰ 'ਸਿੰਘ' ਦੇ ਸਰੂਪ ਵਜੋਂ ਸਾਜਿਆ ਗਿਆ। ਸਿੱਖ ਹੋਣਾ ਸਾਡਾ 'ਸੰਤ' ਹੋਣਾ ਹੈ ਅਤੇ 'ਸਿੰਘ' ਹੋਣਾ ਸਾਡਾ 'ਸਿਪਾਹੀ' ਹੋਣਾ ਹੈ।[੯] ਸਿੱਖ ਦੁਆਰਾ ਬਾਣੀ ਨੂੰ ਜਿਊਂਦਿਆਂ ਹੋਇਆਂ ਸ਼ਾਸਤਰ ਤੋਂ ਸ਼ਸਤਰ ਤਕ ਜਾਣ ਦਾ ਨਿਵੇਕਲਾ ਅਤੇ ਪ੍ਰਕਾਸ਼ਮਈ ਮਾਰਗ ਹੈ। ਇਹ ਕੋਈ ਇੱਕੋ ਵੇਲੇ ਪ੍ਰਗਟ ਹੋਇਆ ਖਿਆਲ ਨਹੀਂ ਬਲਕਿ ਦਸ ਗੁਰੂ ਸਾਹਿਬਾਨ ਦੀ ਸਾਂਝੀ ਵਿਉਂਤ ਦਾ ਹਿੱਸਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਤਾਂ ਸਵਾਲ ਉਠਦਾ ਹੈ ਕਿ ਸਿੱਖ ਨੂੰ ਸਿੰਘ ਦੀ ਉਪਾਧੀ ਕਿਉਂ ਪ੍ਰਦਾਨ ਕੀਤੀ ਗਈ? ਇਸ ਪ੍ਰਥਾਇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਬਹੁਤ ਅਹਿਮੀਅਤ ਰੱਖਦੇ ਹਨ। ਇਸ ਬਾਬਤ ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਪੁਸਤਕ ਸਿੱਖ ਇਤਿਹਾਸ ਵਿਚ ਲਿਖਦੇ ਹਨ ਗੁਰੂ ਸਾਹਿਬ ਜੀ ਦੁਆਰਾ ਸਭ ਸਿੱਖਾਂ ਨੂੰ ਆਪਣੇ ਨਾਉ ਨਾਲ 'ਸਿੰਘ' ਸ਼ਬਦ ਲਾਉਣ ਦਾ ਹੁਕਮ ਦਿੱਤਾ ਗਿਆ। ਬਹਾਦਰੀ ਨੂੰ ਅਮਨ ਅਤੇ ਪਵਿੱਤਰਤਾ ਦੀ ਤਰ੍ਹਾਂ ਆਪਣੇ ਧਰਮ ਦਾ ਭਾਗ ਸਮਝਣ ਦਾ ਆਦੇਸ਼ ਦਿੱਤਾ ਗਿਆ।[੧੦] ਸਿਰਦਾਰ ਕਪੂਰ ਸਿੰਘ ਅਨੁਸਾਰ "੧੬੯੯ ਈ. ਤੋਂ ਪਸ਼ਚਾਤ ਸੂਰਬੀਰਤਾ ਸਿੱਖ ਧਰਮ ਦਾ ਇਕ ਅੰਗ ਮਿਥਿਆ ਗਿਆ ਅਤੇ ਇਸ ਕਾਰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਛਕਣ ਪਿੱਛੋਂ 'ਸਿੰਘ' ਲਕਬ ਧਾਰਨ ਕਰਨ ਦਾ ਹੁਕਮ ਦਿੱਤਾ"[੧੧] ਅਤੇ ਇਸ ਦੇ ਨਾਲ ਹੀ ਸਿੱਖਾਂ ਨੂੰ ਖਾਸ ਰਹਿਤ ਮਰਯਾਦਾ ਦ੍ਰਿੜ੍ਹ ਕਰਵਾਈ ਗਈ, ਜਿਸਦਾ ਜ਼ਿਕਰ ਕਵੀ ਸੈਨਾਪਤਿ ਆਪਣੀ ਰਚਨਾ 'ਸ੍ਰੀ ਗੁਰ ਸੋਭਾ' ਵਿਚ ਕਰਦੇ ਲਿਖਦੇ ਹਨ:

*ਕੀਏ ਜਦ ਬਚਨਿ ਸਤਿਗੁਰੂ ਕਾਰਨ ਕਰਨ*  
*ਸਰਬ ਸੰਗਤਿ ਆਦਿ ਅੰਤਿ ਮੇਰਾ ਖਾਲਸਾ।*  
*ਮਾਨੇਗਾ ਹੁਕਮੁ ਸੋ ਤੇ ਹੋਵੈਗਾ ਸਿਖ ਸਹੀ*  
*ਨਾ ਮਾਨੈਗਾ ਹੁਕਮੁ ਸੋ ਤੇ ਹੋਵੈਗਾ ਬਿਹਾਲਸਾ।*  
*ਪਾਂਚ ਕੀ ਕੁਸੰਗਤਿ ਤਜਿ ਸੰਗਤਿ ਸੌ ਪ੍ਰੀਤਿ ਕਰੇ*  
*ਦਯਾ ਔਰ ਧਰਮ ਧਾਰ ਤਿਆਗੇ ਸਬ ਲਾਲਸਾ।*  
*ਹੁੱਕਾ ਨ ਪੀਵੈ ਸੀਸ ਦਾੜ੍ਹੀ ਨ ਮੁੰਡਾਵੈ*  
*ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ।*[੧੨]

ਭਾਈ ਕਾਨ੍ਹ ਸਿੰਘ ਨਾਭਾ ਜੀ 'ਗੁਰੁਮਤ ਮਾਰਤੰਡ' ਵਿਚ 'ਸਿੰਘ' ਸ਼ਬਦ ਬਾਬਤ ਉਲੇਖ ਕਰਦੇ ਹਨ ਕਿ "ਜੋ ਖੰਡੇ ਦਾ ਅੰਮ੍ਰਿਤ ਛਕ ਕੇ ਕੇਸ, ਕ੍ਰਿਪਾਨ, ਕੱਛ, ਕੜਾ, ਕੰਘਾ ਦੀ ਰਹਿਤ ਰੱਖਦਾ ਹੋਇਆ ਸੂਰਵੀਰ, ਪਰਉਪਕਾਰੀ, ਨਿਰਭਯ, ਨਿਰਵੈਰ, ਉਦਮੀ,

ਉਦਾਰ, ਸਦਾਚਾਰੀ ਗੁਰਸਿੱਖ ਹੈ, ਉਸ ਦੀ ਸਿੰਘ ਸੰਗਯਾ ਹੋਂਦੀ ਹੈ।"[੧੩] ਇਸੇ ਤਰ੍ਹਾਂ ਸਿਰਦਾਰ ਕਪੂਰ ਸਿੰਘ ਜੀ ਦੇ ਕਥਨ ਅਨੁਸਾਰ– "ਸਿੰਘ ਉਹ ਪੁਰਸ਼ ਹੈ ਜੋ ਪਰਮ ਪਦਵੀ ਨੂੰ ਪ੍ਰਾਪਤ ਹੋ ਚੁੱਕਾ ਹੈ, ਜਿਸ ਨੇ ਆਪਣੀ ਹਉਮੈਂ ਦਾ ਸੰਪੂਰਨ ਵਿਨਾਸ਼ ਕੀਤਾ ਹੈ ਅਤੇ ਇਸ ਕਾਰਨ ਉਸ ਦਾ ਕੋਈ ਵਿਸ਼ੇਸ਼ ਨਾਮ ਰੂਪ ਨਹੀਂ ਰਿਹਾ। ਇਸ ਲਈ ਜਿਤਨਾ ਕਾਲ ਉਹ ਦੇਸ਼-ਕਾਲ ਦੀ ਸੀਮਾ ਵਿਚ ਪ੍ਰਵਰਤ ਨਿਸ਼ਕਾਮ ਕਾਰਜ ਕਰ ਰਿਹਾ ਹੈ, ਉਸ ਨੂੰ ਆਮ ਸੰਗਿਆ ਵਿਚ 'ਸਿੱਖ' ਨਾਮ ਨਾਲ ਯਾਦ ਕਰਨਾ ਹੀ ਉਚਿਤ ਹੈ। ਜਿਸ ਵੇਲੇ 'ਸਿੱਖ' ਇਸ ਉਪਰੋਕਤ ਗਤੀ ਨੂੰ ਪ੍ਰਾਪਤ ਹੁੰਦਾ ਹੈ ਤਾਂ ਉਸ ਦਾ ਆਪਣਾ ਨਾਮ ਰੂਪ ਕੋਈ ਨਹੀਂ ਰਹਿ ਜਾਂਦਾ ਹੈ ਤੇ ਉਸ ਨੂੰ 'ਸਿੰਘ' ਸੰਗਿਆ ਨਾਲ ਸੰਬੋਧਨ ਕੀਤਾ ਜਾਂਦਾ ਹੈ।"[੧੪] ਸਿੰਘ ਅਤੇ ਕੌਰ ਦੇ ਸੰਬੰਧ ਵਿਚ ਪਿਆਰਾ ਸਿੰਘ ਪਦਮ ਰਹਿਤਨਾਮਿਆਂ ਦੀ ਸੰਪਾਦਨਾ ਕਰਦੇ ਸਮੇਂ ਬਾਹਰੀ ਰਹਿਤ ਮਰਯਾਦਾ ਬਾਰੇ ਲਿਖਦੇ ਹਨ ਕਿ ਇਕ ਸਿੱਖ ਨੇ– "ਪੰਜ ਪਿਆਰਿਆਂ ਤੋਂ ਖੰਡੇ ਦੀ ਪਾਹੁਲ ਲੈ ਕੇ ਸਿੰਘ ਜਾਂ ਕੌਰ ਸਜਣਾ।"[੧੫]

ਇਸੇ ਤਰ੍ਹਾਂ ਪੰਥ ਪ੍ਰਵਾਣਿਤ 'ਸਿੱਖ ਰਹਿਤ ਮਰਯਾਦਾ' ਅਨੁਸਾਰ "ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉੱਠਣ, ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿਤਾ ਬੰਨਾ' (ਸੋਰਠਿ ਮ:੫), 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ:੫) ਆਦਿ ਖ਼ੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ, ਉਪ੍ਰੰਤ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ, ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖ਼ੁਸ਼ੀ ਦਾ ਯੋਗ ਸ਼ਬਦਾਂ ਵਿੱਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।"[੧੬]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਦੀ ਸਿਰਜਣਾ ਸਮੇਂ ਸਿੱਖ ਤੋਂ ਸਿੰਘ ਦੀ ਉਪਾਧੀ ਦੇ ਕੇ ਸਮਾਜ ਵਿਚ ਫੈਲੀ ਅਨੈਤਿਕਤਾ, ਊਚ-ਨੀਚ ਦੀ ਭਾਵਨਾ, ਅਰਾਜਕਤਾ, ਜਾਤੀ ਵਿਤਕਰਿਆਂ ਆਦਿ ਨੂੰ ਖ਼ਤਮ ਕੀਤਾ। ਜਿਸ ਨਾਲ ਡਰੇ ਅਤੇ ਸਹਿਮੇ ਹੋਏ ਲੋਕ ਮਨਾਂ ਦੇ ਅੰਦਰ ਏਕਤਾ, ਕੁਰਬਾਨੀ, ਦਲੇਰੀ ਅਤੇ ਜ਼ੁਲਮ ਵਿਰੁੱਧ ਡਟਣ ਦੀ ਭਾਵਨਾ ਪੈਦਾ ਕਰ ਦਿੱਤੀ ਅਤੇ ਸਮੁੱਚੀ ਮਨੁੱਖਤਾ ਨੂੰ '*ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ*' ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਦਾ ਉਦੇਸ਼ ਐਸੇ ਮਨੁੱਖਾਂ ਦੀ ਜਥੇਬੰਦੀ ਨੂੰ ਤਿਆਰ ਕਰਨਾ ਸੀ ਜੋ ਸਿੱਖੀ ਦੇ ਆਦਰਸ਼ ਅਨੁਸਾਰ ਆਪਣਾ ਜੀਵਨ ਜਿਊਣ ਅਤੇ ਰੂਹਾਨੀ ਜ਼ਿੰਦਗੀ ਵਿਚ ਸੰਤ ਅਤੇ ਸੰਸਾਰਕ ਜੀਵਨ

ਵਿਚ ਨਿਸ਼ਕਾਮ ਸੇਵਕ ਹੋਣ। ਜੋ ਚੜ੍ਹਦੀ ਕਲ੍ਹਾ ਵਿਚ ਰਹਿ ਕੇ ਧਰਮ ਪ੍ਰਚਾਰ ਕਰਨ ਅਤੇ ਪਰਉਪਕਾਰੀ ਹੁੰਦੇ ਹੋਏ ਲੋੜ ਪੈਣ 'ਤੇ ਦੁਸ਼ਟਾਂ ਦਾ ਨਾਸ਼ ਵੀ ਕਰ ਸਕਣ। ਗੁਰੂ ਸਾਹਿਬ ਨੇ ਲਿਤਾੜੀ ਜਾ ਚੁੱਕੀ ਭਾਰਤੀ ਕੌਮ ਵਿਚ ਅਜਿਹਾ ਜਜ਼ਬਾ ਭਰਿਆ ਕਿ ਚਿੜੀਆਂ ਨੂੰ ਬਾਜ਼ਾਂ ਨਾਲ, ਸਵਾ ਲੱਖ ਨਾਲ ਇਕ ਖ਼ਾਲਸਾ ਲੜਾ ਕੇ ਭਾਰਤੀ ਸਮਾਜ ਦਾ ਮੂੰਹ-ਮੁਹਾਂਦਰਾ ਬਦਲ ਕੇ ਰੱਖ ਦਿੱਤਾ:

*ਭੇੜੋਂ ਕੇ ਮੈਂ ਸ਼ੇਰ ਬਣਾਊਂ। ਰਾਠਨ ਕੇ ਸੰਗ ਰੰਕ ਲੜਾਊਂ।*
*ਭੂਪ ਗਰੀਬਨ ਕੋ ਕਹਵਾਊਂ। ਚਿੜੀਓਂ ਸੇ ਮੈਂ ਬਾਜ ਤੁੜਾਊਂ।*
*ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।*[੧੭]

ਗੁਰੂ ਸਾਹਿਬ ਨੇ ਅਮਲੀ ਰੂਪ ਵਿਚ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਸਦੀਵੀ ਤੌਰ 'ਤੇ ਲਾਗੂ ਕਰ ਕੇ, ਅੰਮ੍ਰਿਤ ਦੀ ਦਾਤ ਨੂੰ ਇੱਕੋ ਬਾਟੇ ਵਿੱਚੋਂ ਛਕਾ ਕੇ ਛੂਤ-ਛਾਤ ਦੀ ਭਾਵਨਾ ਨੂੰ ਹਮੇਸ਼ਾ ਲਈ ਖ਼ਤਮ ਕਰ ਦਿੱਤਾ। ਦੁਨੀਆ ਦੇ ਇਤਿਹਾਸ ਵਿਚ ਇਹ ਇਕ ਨਿਵੇਕਲੀ ਮਿਸਾਲ ਪੈਦਾ ਕੀਤੀ। ਗੁਰੂ ਸਾਹਿਬ ਦਾ ਉਪਦੇਸ਼ ਸੀ ਤੁਸੀਂ ਕੇਵਲ ਇਕ ਅਕਾਲ ਪੁਰਖ ਦੀ ਟੇਕ ਰੱਖਣੀ ਹੈ ਤੇ ਉਸੇ ਦੀ ਜਗਦੀ ਜੋਤਿ ਨੂੰ ਜਪਣਾ ਹੈ:

*ਜਾਗਤਿ ਜੋਤਿ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥*
*ਤੀਰਥ ਦਾਨ ਦਯਾ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ॥*[੧੮]

ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੁਰਸ਼ਾਂ ਨੂੰ 'ਸਿੰਘ' ਦਾ ਦਰਜਾ ਦਿੱਤਾ ਸੀ ਉੱਥੇ ਸਿੱਖ ਇਸਤਰੀਆਂ ਨੂੰ 'ਕੌਰ' ਦਾ ਸ੍ਰੇਸ਼ਟ ਦਰਜਾ ਵੀ ਬਖਸ਼ਿਸ਼ ਕੀਤਾ। ਇਸ ਤਰ੍ਹਾਂ ਸਿੱਖ ਪੁਰਸ਼ਾਂ ਨੂੰ ਸਿੰਘ ਬਣਾਇਆ ਤੇ ਸਿੱਖ ਇਸਤਰੀਆਂ ਨੂੰ ਕੌਰ।

## ਸਿੰਘ ਤੇ ਕੌਰ ਦਾ ਇਤਿਹਾਸਿਕ ਪ੍ਰਸੰਗ

ਇਤਿਹਾਸ ਮਨੁੱਖੀ ਸੱਭਿਆਤਾਵਾਂ ਦਾ ਅਤੀਤ ਹੁੰਦਾ ਹੈ, ਜਿਸ ਵਿਚ ਮਨੁੱਖੀ ਸਮਾਜ ਦੇ ਲੰਮੇ ਸੰਘਰਸ਼ ਦੀ ਤਸਵੀਰ ਦ੍ਰਿਸ਼ਟੀਗੋਚਰ ਹੁੰਦੀ ਹੈ। ਇਤਿਹਾਸ ਬੀਤੇ ਹੋਏ ਸੱਚ ਦੀ ਵਿਆਖਿਆ ਨੂੰ ਪੇਸ਼ ਕਰਦਾ ਹੋਇਆ ਸਮਕਾਲੀ ਸਥਿਤੀਆਂ ਅਤੇ ਸੰਭਾਵਨਾਵਾਂ ਦੇ ਅਰਥ ਦੱਸਦਾ ਹੈ। ਇਤਿਹਾਸ ਦੁਆਰਾ ਅਤੀਤ ਦੇ ਪ੍ਰਕਾਸ਼ ਵਿਚ ਵਰਤਮਾਨ ਨੂੰ ਸਮਝਣ ਅਤੇ ਭਵਿੱਖ ਦੀਆਂ ਦਿਸ਼ਾਵਾਂ ਨੂੰ ਨਿਰਦੇਸ਼ਿਤ ਕੀਤਾ ਜਾਂਦਾ ਹੈ। ਸੰਸਾਰ ਦੇ ਇਤਿਹਾਸ ਵਿਚ ਸਿੱਖ ਧਰਮ ਦੇ ਇਤਿਹਾਸ ਨੂੰ ਮਾਣਮੱਤਾ ਸਥਾਨ ਪ੍ਰਾਪਤ ਹੈ। ਸਿੱਖ ਸਿਧਾਂਤਾਂ ਦੀ ਪੜਚੋਲ ਦੇ ਮੁੱਖ ਸਾਧਨਾਂ ਵਿੱਚੋਂ ਸਿੱਖ ਇਤਿਹਾਸ ਦੀ ਅਹਿਮ ਭੂਮਿਕਾ ਹੈ ਜਿਸ ਦਾ ਆਧਾਰ ਸਿੱਖ ਸ੍ਰੋਤ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਇਕ ਹੀ ਜੋਤਿ ਦਾ ਪਾਸਾਰ ਹੋ ਰਿਹਾ। ਗੁਰੂ ਸਾਹਿਬਾਨ ਨੇ ਸਾਨੂੰ 'ਨਾਮ ਜਪੋ, ਕਿਰਤ ਕਰੋ,

ਵੰਡ ਛਕੋ' ਦਾ ਉਪਦੇਸ਼ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਨੌਂ ਗੁਰੂ ਸਾਹਿਬਾਨ ਦੇ ਦਿੱਤੇ ਧਰਮ ਉਪਦੇਸ਼ਾਂ, ਜੀਵਨ ਅਤੇ ਰਹਿਣੀ ਨੂੰ ਹੋਰ ਵਿਸ਼ਾਲ, ਜਥੇਬੰਦਕ ਕਰਨ ਲਈ ਖੰਡੇ ਦੀ ਪਾਹੁਲ ਛਕਾ ਕੇ, ਰਹਿਤ ਮਰਯਾਦਾ ਅਨੁਸਾਰ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ। ਖ਼ਾਲਸਾ ਪੰਥ ਦੀ ਸਥਾਪਨਾ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨ੍ਹ ਦਿੱਤਾ ਸੀ। ਸਾਰੇ ਹੀ ਗੁਰੂ ਸਾਹਿਬਾਨ ਨੇ ਇਸ ਵਿਚ ਯੋਗਦਾਨ ਪਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮਸਾਲਾ ਕਾਇਮ ਕਰ ਕੇ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਸਥਾਨਕ ਸੰਸਥਾਵਾਂ ਸੰਗਤ ਦੇ ਰੂਪ ਵਿਚ ਸਥਾਪਿਤ ਕੀਤੀਆਂ। ਸ੍ਰੀ ਗੁਰੂ ਅੰਗਦ ਜੀ ਦੇ ਸਮੇਂ ਦੌਰਾਨ ਉਹ ਸੰਸਥਾਵਾਂ ਗੁਰੂ ਸਾਹਿਬ ਦੇ ਉਪਦੇਸ਼ਾਂ ਨਾਲ ਸਿੱਖੀ ਵਿਚ ਹੋਰ ਵਾਧਾ ਕਰਦੀਆਂ ਰਹੀਆਂ।ਸ੍ਰੀ ਗੁਰੂ ਅਮਰਦਾਸ ਜੀ ਨੇ ੨੨ ਮੰਜੀਆਂ ਸਥਾਪਿਤ ਕੀਤੀਆਂ ਜਿਨ੍ਹਾਂ ਦਾ ਕੰਮ ਗੁਰੂ ਉਪਦੇਸ਼ ਨੂੰ ਘਰ-ਘਰ ਪਹੁੰਚਾਉਣਾ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕੀਤੀ, ਦੋ ਕਿਰਪਾਨਾਂ (ਮੀਰੀ ਅਤੇ ਪੀਰੀ) ਧਾਰਨ ਕੀਤੀਆਂ ਅਤੇ ਸਿੱਖਾਂ ਨੂੰ ਸ਼ਸਤਰ ਧਾਰਨ ਕਰਨ ਤੇ ਘੋੜ-ਸਵਾਰੀ ਕਰਨ ਦਾ ਆਦੇਸ਼ ਦਿੱਤਾ ਤਾਂ ਜੋ ਅਧਿਆਤਮਿਕਤਾ ਦੇ ਨਾਲ ਨਾਲ ਰਾਜਸੀ ਸ਼ਕਤੀ ਦਾ ਵੀ ਪ੍ਰਗਟਾਅ ਹੋ ਸਕੇ।[੧੯]

ਸ੍ਰੀ ਗੁਰੂ ਗੋਬਿੰਦ ਜੀ ਦੁਆਰਾ ੧੬੯੯ ਈ. ਦੀ ਵੈਸਾਖੀ (੧ ਵੈਸਾਖ ਸੰਮਤ ੧੭੫੬) ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ। ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਬਹੁਤ ਵੱਡੀ ਗਿਣਤੀ ਵਿਚ ਸੰਗਤ ਦਾ ਇਕੱਠ ਹੋਇਆ। ਗੁਰੂ ਜੀ ਨੇ ਦੀਵਾਨ ਵਾਲੇ ਅਸਥਾਨ ਤੋਂ ਥੋੜ੍ਹੀ ਦੂਰੀ 'ਤੇ ਇਕ ਤੰਬੂ ਲਗਵਾਇਆ ਅਤੇ ਦੀਵਾਨ ਦੀ ਸਮਾਪਤੀ ਉਪਰੰਤ ਗੁਰੂ ਜੀ ਨੇ ਹੱਥ ਵਿਚ ਕਿਰਪਾਨ ਫੜ੍ਹ ਕੇ ਸੰਗਤ ਪਾਸੋਂ ਸੀਸ ਦੀ ਮੰਗ ਕੀਤੀ। ਇਹ ਸੁਣ ਕੇ ਸਾਰੇ ਪਾਸੇ ਚੁੱਪ ਪਸਰ ਗਈ। ਸਾਰੀ ਸੰਗਤ ਹੈਰਾਨ ਹੋ ਗਈ। ਸੀਸ ਦੀ ਮੰਗ ਨੂੰ ਗੁਰੂ ਸਾਹਿਬ ਨੇ ਫਿਰ ਦੁਹਰਾਇਆ, ਤੀਸਰੀ ਵਾਰ ਦੁਹਰਾਉਣ ਤੇ ਭਾਈ ਦਇਆ ਰਾਮ ਖੜ੍ਹੇ ਹੋਏ। ਇਸੇ ਤਰ੍ਹਾਂ ਕੁੱਲ ਪੰਜ ਸੀਸ ਮੰਗੇ ਗਏ ਤੇ ਭਾਰੀ ਇਕੱਠ ਵਿੱਚੋਂ ਕ੍ਰਮਵਾਰ- ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਰਾਏ, ਭਾਈ ਮੋਹਕਮ ਦਾਸ, ਭਾਈ ਸਾਹਿਬ ਚੰਦ ਆਪਣਾ ਸੀਸ ਭੇਟ ਕਰਨ ਲਈ ਵਾਰੋ ਵਾਰੀ ਖੜ੍ਹੇ ਹੋਏ। ਸੀਸ ਭੇਟ ਉਪਰੰਤ ਪੰਜਾਂ ਨੂੰ ਗੁਰੂ ਸਾਹਿਬ ਨੇ ਨਵੇਂ ਪੁਸ਼ਾਕੇ ਪਵਾ ਕੇ ਸੰਗਤ ਦੇ ਸਨਮੁਖ ਪੇਸ਼ ਕੀਤਾ। ਫਿਰ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਪੰਜਾਂ ਪਿਆਰਿਆਂ ਨੂੰ ਛਕਾ ਕੇ ਇਕ ਨਵਾਂ ਜੀਵਨ ਬਖਸ਼ਦਿਆਂ ਉਨ੍ਹਾਂ ਦੇ ਨਾਮ ਦੇ ਨਾਲ 'ਸਿੰਘ' ਸ਼ਬਦ ਲਗਾਇਆ ਅਤੇ ਫੁਰਮਾਇਆ ਹੁਣ ਤੁਹਾਡਾ ਕੋਈ ਪਿਛਲਾ ਧਰਮ, ਕੋਈ ਜਾਤ, ਵਰਨ ਨਹੀਂ ਹੈ। ਤੁਸੀਂ ਅਨੰਦਪੁਰ ਸਾਹਿਬ ਦੇ ਵਾਸੀ ਹੋ। ਇਸ ਤਰ੍ਹਾਂ ਜਿਨ੍ਹਾਂ

ਪ੍ਰੇਮੀਆਂ ਨੇ ਸ੍ਰੀ ਅਨੰਦਪੁਰ ਸਾਹਿਬ ਆਪਣੇ ਸੀਸ ਅਰਪਿਤ ਕੀਤੇ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗਲੇ ਲਗਾਇਆ ਅਤੇ ਉਨਾਂ ਨੂੰ ਪੰਜ ਪਿਆਰਿਆਂ ਦਾ ਖਿਤਾਬ ਦਿੱਤਾ। ਇਸ ਦੇ ਬਾਬਤ ਭਾਈ ਗੁਰਦਾਸ ਜੀ (ਦੂਜਾ) ਦਾ ਕਥਨ ਹੈ :

*-ਹਰਿ ਸਚੇ ਤਖਤ ਰਚਾਇਆ ਸਤਿਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰੁ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।*
*ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ...... ।*[੨੦]
*-ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ।*[੨੧]

ਸਿੰਘ ਤੇ ਕੌਰ ਸ਼ਬਦ ਦੀ ਪੜਚੋਲ ਕਰਦਿਆਂ ਸਿੱਖ ਸ੍ਰੋਤਾਂ ਤੋਂ ਪ੍ਰਾਪਤ ਸਮੱਗਰੀ ਦਾ ਲੇਖਾ-ਜੋਖਾ ਪ੍ਰਸਤੁਤ ਕਰਨਾ ਅਤੀ ਜ਼ਰੂਰੀ ਹੈ। ਸਿੰਘ ਅਤੇ ਕੌਰ ਸ਼ਬਦ ਦੀ ਵਿਚਾਰ ਕਰਦਿਆਂ ਪਤਾ ਲੱਗਦਾ ਹੈ ਕਿ ਸਿੰਘ ਅਤੇ ਕੌਰ ਸ਼ਬਦ ਦੀ ਵਰਤੋਂ ਦਾ ਰੁਝਾਨ ਪਹਿਲਾਂ ਤੋਂ ਹੀ ਮੌਜੂਦ ਸੀ ਜਿਵੇਂ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਦਇਆ ਕੌਰ ਜੀ (ਸਭਰਾਈ)[੨੨], ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਨਿਹਾਲ ਕੌਰ ਜੀ,[੨੩] ਸ੍ਰੀ ਗੁਰੂ ਹਰਿਰਾਇ ਜੀ ਦੇ ਮਹਿਲ ਅਤੇ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਕ੍ਰਿਸ਼ਨ ਕੌਰ ਜੀ[੨੪] ਲਿਖਿਆ ਮਿਲਦਾ ਹੈ ਜਿਸ ਤੋਂ ਸਪੱਸ਼ਟ ਹੈ ਕਿ ਸਿੱਖ ਇਸਤਰੀਆਂ ਦੇ ਨਾਮ ਨਾਲ 'ਕੌਰ' ਸ਼ਬਦ ਦੀ ਵਰਤੋਂ ਦਾ ਰੁਝਾਨ ਪਹਿਲਾਂ ਤੋਂ ਹੀ ਮੌਜੂਦ ਸੀ ਪਰ ੧੬੯੯ ਈ. ਦੀ ਵੈਸਾਖੀ ਤੋਂ ਪਹਿਲਾਂ ਸਿੱਖ ਧਰਮ ਵਿਚ 'ਕੌਰ' ਸ਼ਬਦ ਦੀ ਵਰਤੋਂ ਲਾਜ਼ਮੀ ਨਹੀਂ ਸੀ। ਜਦ ੧੬੯੯ ਈ. ਨੂੰ ਵੈਸਾਖੀ ਵਾਲੇ ਦਿਨ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਾਲੇ ਅਸਥਾਨ 'ਤੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਤਾਂ ਉਸ ਸਮੇਂ ਅੰਮ੍ਰਿਤ ਛਕਣ ਵਾਲੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਉਨ੍ਹਾਂ ਦੇ ਨਾਮ ਨਾਲ ਹੇਠ ਲਿਖੇ ਅਨੁਸਾਰ ਸਿੰਘ ਪਦ ਜੋੜ ਦਿੱਤਾ:

**੧.** ਭਾਈ ਦਇਆ ਸਿੰਘ, **੨.** ਭਾਈ ਧਰਮ ਸਿੰਘ, **੩.** ਭਾਈ ਹਿੰਮਤ ਸਿੰਘ, **੪.** ਭਾਈ ਮੁਹਕਮ ਸਿੰਘ, **੫.** ਭਾਈ ਸਾਹਿਬ ਸਿੰਘ।[੨੫]

'ਸਿੱਖ ਰਹਿਤ ਮਰਯਾਦਾ' ਅਨੁਸਾਰ ਹਰੇਕ ਸਿੱਖ ਪੁਰਸ਼ ਦੇ ਨਾਮ ਨਾਲ 'ਸਿੰਘ' ਅਤੇ ਇਸਤਰੀ ਦੇ ਨਾਮ ਨਾਲ 'ਕੌਰ' ਸ਼ਬਦ ਲਾਜ਼ਮੀ ਕਰ ਦਿੱਤਾ ਗਿਆ ਜੋ ਸਿੱਖ ਦੇ ਨਿਆਰੇਪਨ ਅਤੇ ਅਜ਼ਾਦ ਹਸਤੀ ਦਾ ਪ੍ਰਤੀਕ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਹਰੇਕ ਅੰਮ੍ਰਿਤਧਾਰੀ ਸਿੱਖ ਦੇ ਨਾਮ ਨਾਲ 'ਸਿੰਘ' ਤੇ 'ਕੌਰ'

ਸ਼ਬਦ ਲਗਾਉਣਾ ਲਾਜ਼ਮੀ ਹੈ। ਇਸ ਦੀਆਂ ਕਈ ਮਿਸਾਲਾਂ ਸਿੱਖ ਇਤਿਹਾਸ ਵਿੱਚੋਂ ਪ੍ਰਾਪਤ ਹੁੰਦੀਆਂ ਹਨ, ਜਿਵੇਂ- ਪੰਜਾਂ ਪਿਆਰਿਆਂ ਦੇ ਨਾਮ ਅਤੇ ਸਿੱਖਾਂ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਅੰਮ੍ਰਿਤ ਛਕਣ ਅਤੇ ਨਾਮ ਨਾਲ ਸਿੰਘ ਪਦ ਲਗਾਉਣ ਦਾ ਜ਼ਿਕਰ ਇਤਿਹਾਸ ਵਿਚ ਇਸ ਤਰ੍ਹਾਂ ਦਰਜ ਹੈ:

*ਸਤਿਗੁਰਾਂ ਇਸੇ ਭਾਈ ਦਯਾ ਸਿੰਘ ਆਦਿ ਸਿੱਖਾਂ ਕੋ ਗੈਲ ਲੈ ਆਪਨੇ ਪਾਵਨ*
*ਹਾਥੋਂ ਸੇ ਖਾਂਡੇ ਕੀ ਪਾਹੁਲ ਦੇ ਕੇ ਬੈਰਾਗੀ ਸੇ ਸਿੰਘ ਸਜਾ ਦਿੱਤਾ।*
*ਸ੍ਰੀ ਮੁਖ ਥੀਂ ਮਾਧੋਦਾਸ ਸੇ ਬੰਦਾ ਸਿੰਘ ਨਾਮ ਰਾਖਾ......।*[੨੬]

ਖ਼ਾਲਸਾ ਪੰਥ ਦੀ ਸਥਾਪਨਾ ਸਮੇਂ ਸਿੰਘ ਤੇ ਕੌਰ ਪਦ ਦੀ ਵਰਤੋਂ ਪਾਲਣਾ ਕਰਨ ਦੀ ਹਦਾਇਤ ਦਾ ਜ਼ਿਕਰ ਇਤਿਹਾਸਿਕ ਸ੍ਰੋਤਾਂ ਵਿਚ ਇਸ ਪ੍ਰਕਾਰ ਆਇਆ ਹੈ:

ਰਹਿਤਨਾਮਾ ਭਾਈ ਦੇਸਾ ਸਿੰਘ ਅਨੁਸਾਰ:

*ਪ੍ਰਿਥਮ ਰਹਤ ਯਹ ਜਾਨ, ਖੰਡੇ ਕੀ ਪਾਹੁਲ ਛਕੇ।*
*ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ।*[੨੭]

ਸਰੂਪ ਦਾਸ ਭੱਲਾ 'ਮਹਿਮਾ ਪ੍ਰਕਾਸ਼' ਵਿਚ ਖੰਡੇ ਦੀ ਪਾਹੁਲ ਦੇਣ ਵਾਲੇ ਬਿਰਤਾਂਤ ਵਿਚ ਵਿਸਥਾਰ ਸਹਿਤ ਵਰਣਨ ਕਰਦਿਆਂ ਲਿਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥਾਂ ਨਾਲ ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦਿੱਤੀ ਅਤੇ ਸਾਰਿਆਂ ਨੂੰ 'ਸਿੰਘ' ਨਾਮ ਦੀ ਪਦਵੀ ਦਿੱਤੀ। ਸਾਰਿਆਂ ਇਲਾਕਿਆਂ ਵਿਚ ਖੰਡੇ ਦੀ ਪਾਹੁਲ ਛਕਣ ਦੇ ਹੁਕਮਨਾਮੇ ਭੇਜੇ ਗਏ ਅਤੇ ਨਾਮ ਨਾਲ 'ਸਿੰਘ' ਲਾ ਕੇ ਬੁਲਾਉਣ ਦਾ ਹੁਕਮ ਕੀਤਾ:

*- ਪ੍ਰਭ ਨਿਜ ਕਰ ਪਾਹੁਲ ਸੰਗਤ ਕੋ ਦੀਆ।*
*ਸਿੰਘ ਸੰਙਿਆ ਨਾਮ ਪਦਵੀ ਸਭ ਕੀਆ...।*[੨੮]
*- ਸਭ ਦੇਸਨ ਮੋ ਹੁਕਮ ਪਠਾਇਆ।*
*ਖੰਡੇ ਕੀ ਪਾਹੁਲ ਫੁਰਮਾਇਆ।*
*ਸਿੰਘ ਸੰਙਿਆ ਕਰ ਨਾਮੁ ਬੁਲਾਵੋ...।*[੨੯]

**ਹਵਾਲੇ :**

**੧.** ਪਿਆਰਾ ਸਿੰਘ ਪਦਮ (ਸੰਪਾ.), *ਰਹਿਤਨਾਮੇ*, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੧੫, ਪੰਨਾ ੨੯.

**੨.** ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ੨੦੦੬, ਪੰਨਾ ੧੯੩.

**੩.** ਡਾ. ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਪਹਿਲੀ ਸੈਂਚੀ ੳ ਤੋਂ ਸ਼),ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੮, ਪੰਨਾ ੪੯੬.

**੪.** ਡਾ.ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ-ਪਹਿਲਾ, ਗੁਰਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੨੯੨.

**੫.** ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ-ਪਹਿਲਾ, ਗੁਰਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੫੨੭.

**੬.** ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ ੩੫੩.

**੭.** ਸਿਰਦਾਰ ਕਪੂਰ ਸਿੰਘ, *ਰਾਜ ਕਰੇਗਾ ਖਾਲਸਾ ਤੇ ਹੋਰ ਨਿਬੰਧ,* (ਸੰਪਾ.) ਗੁਰਮੁਖ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੭, ਪੰਨਾ ੮੧.

**੮.** ਮੰਨੈ ਤਰੈ ਤਾਰੇ ਗੁਰੁ ਸਿਖ॥, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ ੩.

**੯.** ਗਿਆਨੀ ਸੰਤ ਸਿੰਘ ਮਸਕੀਨ, "ਘੱਲੂਘਾਰਾ ਜੂਨ ਚੁਰਾਸੀ ਸਿੱਖਾਂ ਦੇ ਧਰਮ 'ਤੇ ਹਮਲਾ" *ਗੁਰਦੁਆਰਾ ਗਜ਼ਟ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ ੨੦੧੧, ਪੰਨਾ ੫੪.

**੧੦.** ਪ੍ਰਿੰਸੀਪਲ ਤੇਜਾ ਸਿੰਘ, ਡਾ. ਗੰਡਾ ਸਿੰਘ, *ਸਿੱਖ ਇਤਿਹਾਸ* (੧੪੬੯-੧੭੬੫) , ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੬, ਪੰਨਾ ੭੨.

**੧੧.** ਸਿਰਦਾਰ ਕਪੂਰ ਸਿੰਘ, *ਰਾਜ ਕਰੇਗਾ ਖਾਲਸਾ ਤੇ ਹੋਰ ਨਿਬੰਧ,* (ਸੰਪਾ.) ਗੁਰਮੁਖ ਸਿੰਘ, ਪੰਨਾ ੮੩

**੧੨.** ਕਵੀ ਸੈਨਾਪਤਿ, *ਸ੍ਰੀ ਗੁਰ ਸੋਭਾ,* (ਸੰਪਾ.) ਡਾ. ਗੰਡਾ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ ੮੧.

**੧੩.** ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ,* ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੬੨, ਪੰਨਾ ੧੬੨.

**੧੪.** ਸਿਰਦਾਰ ਕਪੂਰ ਸਿੰਘ, *ਰਾਜ ਕਰੇਗਾ ਖਾਲਸਾ ਤੇ ਹੋਰ ਨਿਬੰਧ,* (ਸੰਪਾ.) ਗੁਰਮੁਖ ਸਿੰਘ, ਪੰਨਾ ੮੫.

**੧੫.** ਪਿਆਰਾ ਸਿੰਘ ਪਦਮ (ਸੰਪਾ.), *ਰਹਿਤਨਾਮੇ,* ਪੰਨਾ ੩੧.

**੧੬.** *ਸਿੱਖ ਰਹਿਤ ਮਰਯਾਦਾ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੨੩, ਪੰਨਾ ੨੧.

**੧੭.** ਪ੍ਰੋ. ਪ੍ਰੀਤਮ ਸਿੰਘ, *ਸਿੱਖ ਵਿਚਾਰਧਾਰਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ,੧੯੯੭, ਪੰਨਾ ੧੨੯.

**੧੮.** *ਸ੍ਰੀ ਦਸਮ ਗ੍ਰੰਥ,* ਟੀਕਾਕਾਰ ਗਿਆਨੀ ਬਿਸ਼ਨ ਸਿੰਘ, ੧੯੪੧, ਪੰਨਾ ੪੧੭.

**੧੯.** ਡਾ. ਰੂਪ ਸਿੰਘ (ਸੰਪਾ.), *ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੨, ਪੰਨਾ ੬੬੩.

**੨੦.** ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਗਿਆਨ ਰਤਨਾਵਲੀ* ਭਾਈ ਗੁਰਦਾਸ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੬, ਪੰਨਾ ੪੩੬.

**੨੧.** *ਉਹੀ,* ਪੰਨਾ ੪੪੦.

**੨੨.** ਪ੍ਰੋ. ਕਰਤਾਰ ਸਿੰਘ ਐਮ.ਏ., *ਸਿੱਖ ਇਤਿਹਾਸ,* ਭਾਗ-੧, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੬, ਪੰਨਾ ੧੧੪.

**੨੩.** ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, ੧੯੮੭, ਪੰਨਾ ੧੪੮.

**੨੪.** ਉਹੀ, ਪੰਨਾ ੧੫੨.

**੨੫.** ਡਾ. ਜਸਬੀਰ ਸਿੰਘ ਸਾਬਰ (ਸੰਪਾ.), *ਸਿੱਖ ਧਰਮ ਅਧਿਐਨ* (ਮੁੱਢਲੀ ਜਾਣਕਾਰੀ) ਭਾਗ-ਪਹਿਲਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ ੧੭੦.

**੨੬.** ਸ੍ਰਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* (ਸੰਪਾ.) ਪ੍ਰੋ. ਪਿਆਰਾ ਸਿੰਘ ਪਦਮ, ਗਿਆਨੀ ਗਰਜਾ ਸਿੰਘ, ਕਲਮ ਮੰਦਿਰ ਲੋਯਰ ਮਾਲ, ਪਟਿਆਲਾ, ੧੯੯੬, ਪੰਨਾ ੧੯੮.

**੨੭.** ਪਿਆਰਾ ਸਿੰਘ ਪਦਮ (ਸੰਪਾ.), *ਰਹਿਤਨਾਮੇ,* ਪੰਨਾ ੧੨੮.

**੨੮.** ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ ਦੂਜਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੭੧, ਪੰਨਾ ੮੨੬.

**੨੯.** *ਉਹੀ,* ਪੰਨਾ ੮੨੭.

**ਚਲਦਾ...**

# ਰਾਗੁ ਦੇਵਗੰਧਾਰੀ

*-ਮਾ. ਬਲਬੀਰ ਸਿੰਘ ਹੰਸਪਾਲ**

ਰਾਗੁ ਦੇਵਗੰਧਾਰੀ ਗੁਰਬਾਣੀ ਸੰਗੀਤ ਦਾ ਮਹੱਤਵਪੂਰਨ ਰਾਗੁ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਵਿਧਾਨ ਦੀ ਤਰਤੀਬ ਅਨੁਸਾਰ ਰਾਗੁ ਦੇਵਗੰਧਾਰੀ ਨੂੰ ਛੇਵਾਂ ਸਥਾਨ ਦਿੱਤਾ ਹੈ। ਇਸ ਰਾਗੁ ਵਿਚ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਹੈ।

ਰਾਗ ਦੇਵਗੰਧਾਰੀ ਬਹੁਤ ਪੁਰਾਤਨ ਅਤੇ ਅਪ੍ਰਚਲਿਤ ਰਾਗ ਹੈ। ਸ਼ਾਸਤਰੀ ਸੰਗੀਤ ਦੇ ਪੁਰਾਤਨ ਗ੍ਰੰਥਾਂ ਵਿਚ ਇਸ ਰਾਗ ਦਾ ਕੋਈ ਵਰਣਨ ਨਹੀਂ ਮਿਲਦਾ।

ਗੁਰਬਾਣੀ ਸੰਗੀਤ ਦੇ ਵੱਖ-ਵੱਖ ਵਿਦਵਾਨਾਂ ਅਤੇ ਗ੍ਰੰਥਕਾਰਾਂ ਅਨੁਸਾਰ ਰਾਗੁ ਦੇਵਗੰਧਾਰੀ ਦੇ ਤਿੰਨ ਸਰੂਪ ਪ੍ਰਚਾਰ ਵਿਚ ਰਹੇ ਹਨ। ਇਸ ਦਾ ਪਹਿਲਾ ਸਰੂਪ ਦੇਵਗੰਧਾਰੀ ਆਸਾ ਜੋ ਕਿ ਬਿਲਾਵਲ ਥਾਟ 'ਤੇ ਅਧਾਰਿਤ, ਦੂਜਾ ਸਰੂਪ ਭੈਰਵ ਥਾਟ 'ਤੇ ਆਧਾਰਿਤ ਅਤੇ ਤੀਜਾ ਸਰੂਪ ਅਸਾਵਰੀ ਥਾਟ 'ਤੇ ਆਧਾਰਿਤ ਮੰਨਿਆ ਗਿਆ ਹੈ। ਪਰ ਵਰਤਮਾਨ ਸਮੇਂ ਵਿਚ ਰਾਗੁ ਦੇਵਗੰਧਾਰੀ ਦਾ ਸਰੂਪ ਰਾਗੁ ਆਸਾ ਅਤੇ ਰਾਗੁ ਆਸਾਵਰੀ ਦੀਆਂ ਵਿਸ਼ੇਸ਼ ਸਵਰ ਸੰਗਤੀਆਂ ਦੇ ਮਿਸ਼ਰਨ ਨਾਲ ਬਣਦੇ ਸਰੂਪ ਨੂੰ ਹੀ ਪ੍ਰਵਾਨਿਤ ਮੰਨਿਆ ਗਿਆ ਹੈ। ਭਾਵੇਂ ਕਿ ਰਾਗ ਦਾ ਪ੍ਰਵਾਨਿਤ ਸਰੂਪ ਪੰਡਤ ਵਿਸ਼ਨੂੰ ਨਰਾਇਣ ਭਾਤਖੰਡੇ ਦੇ ਪ੍ਰਚਲਿਤ ਦਸ ਥਾਟਾਂ ਦੇ ਸਿਧਾਂਤ ਅਨੁਸਾਰ ਕਿਸੇ ਵੀ ਥਾਟ ਦੇ ਅੰਤਰਗਤ ਨਹੀਂ ਆਉਂਦਾ। ਪਰ ਸੰਗੀਤ ਵਿਦਵਾਨਾਂ ਦੇ ਮੱਤ ਅਨੁਸਾਰ ਰਾਗ ਦੇਵਗੰਧਾਰੀ ਦੇ ਪ੍ਰਵਾਨਿਤ ਸਰੂਪ ਨੂੰ ਥਾਟ ਉਪਥਾਟ ਪ੍ਰਣਾਲੀ ਅਨੁਸਾਰ ਇਸ ਰਾਗ ਦਾ ਵਰਗੀਕਰਨ ਬਿਲਾਵਲ ਥਾਟ ਅਤੇ ਅਸਾਵਰੀ ਥਾਟ ਦੇ ਅੰਤਰਗਤ ਕਰ ਸਕਦੇ ਹਾਂ।

ਰਾਗੁ ਦੇਵਗੰਧਾਰੀ ਵਿਚ ਧਾ (ਧੈਵਤ) ਸਵਰ ਅਤੇ ਨੀ (ਨਿਸ਼ਾਦ) ਸਵਰ ਦੇ (ਸ਼ੁੱਧ ਅਤੇ ਕੋਮਲ) ਦੋਵੇਂ ਰੂਪ ਲਗਦੇ ਹਨ। ਇਸ ਰਾਗੁ ਦੇ ਅਰੋਹ ਵਿਚ ਗਾ (ਗੰਧਾਰ) ਸਵਰ ਅਤੇ ਨੀ (ਨਿਸ਼ਾਦ) ਸਵਰ ਨਹੀਂ ਲਗਾਏ ਜਾਂਦੇ, ਕਹਿਣ ਤੋਂ ਭਾਵ ਇਹ ਦੋਵੇਂ ਸਵਰ, ਵਰਜਿਤ ਸਵਰ ਹਨ। ਇਸ ਰਾਗੁ ਵਿਚ ਮਾ (ਮਧਿਅਮ) ਸਵਰ ਨਿਆਸ ਦਾ ਸਵਰ ਮੰਨਿਆ ਜਾਂਦਾ ਹੈ। ਭਾਵ ਰਾਗ ਨੂੰ ਗਾਇਨ ਕਰਦੇ ਸਮੇਂ ਇਸ ਸਵਰ ਉੱਪਰ ਰਾਗ ਵਿਚ ਲੱਗਣ ਵਾਲੇ ਬਾਕੀ ਨਿਸ਼ਚਿਤ ਸਵਰਾਂ ਨਾਲੋਂ ਜ਼ਿਆਦਾ

** ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯੪੯੪੪੮*

ਇੱਕ ਖਾਸ ਠਹਿਰਾਵ ਦਿੱਤਾ ਜਾਂਦਾ ਹੈ। ਇਸ ਰਾਗ ਦੀਆਂ ਕੁਝ ਵਿਸ਼ੇਸ਼ ਸਵਰ ਸੰਗਤੀਆਂ (ਸਵਰ ਚਲਨ) ਜੋ ਕਿ ਇਸ ਰਾਗ ਨਾਲ ਰਲਦੇ ਮਿਲਦੇ ਸਮਪ੍ਰਕ੍ਰਿਤਕ ਰਾਗਾਂ ਤੋਂ ਇਸ ਨੂੰ ਵੱਖ ਕਰ ਕੇ ਆਪਣਾ ਮੂਲ ਸਰੂਪ ਨਿਖਾਰ ਕੇ ਪੇਸ਼ ਕਰਨ ਵਿਚ ਲਾਹੇਵੰਦ ਸਾਬਤ ਹੁੰਦੀਆਂ ਹਨ, ਅੱਗੇ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਸੰਗੀਤ ਦੇ ਸਿਖਿਆਰਥੀ ਇਨ੍ਹਾਂ ਸਵਰ ਸੰਗਤੀਆਂ ਨੂੰ ਧਿਆਨ ਵਿਚ ਰਖ ਕੇ ਰਾਗੁ ਦੇਵਗੰਧਾਰੀ ਦੇ ਮੂਲ ਸਰੂਪ ਨੂੰ ਯਾਦ ਕਰਦੇ ਹੋਏ ਗਾਇਨ ਅਤੇ ਵਾਦਨ ਕਰਨ ਵਿਚ ਸਫਲਤਾ ਹਾਸਲ ਕਰ ਸਕਣ।

ਸਾ ਰੇ ਮਾ, ਗਾ ਰੇ ਗਾ ਸਾ, ਨ̣ੁੀ ਧ̣ਾ ਪ̣ਾ, ਮ̣ਾ ਪ̣ਾ, ਮ̣ਾ ਪ̣ਾ ਧ̣ੁਾ ਨ̣ੁੀ ਧ̣ੁਾ ਪ̣ਾ, ਪ̣ਾ

ਧ̣ਾ ਸਾ, ਸਾ ਰੇ ਸਾ, ਸਾ ਰੇ ਮਾ, ਮਾ ਪਾ, ਮਾ ਪਾ ਧੁਾ ਮਾ ਪਾ, ਧੁਾ ਨੁੀ ਧੁਾ ਪਾ, ਮਾ

ਪਾ ਧਾ ਸਾਂ, ਸਾਂ ਰੇਂ ਸਾਂ, ਰੇਂ ਗਾਂ ਸਾਂ, ਸਾਂ ਰੇਂ ਮਾਂ, ਗਾਂ ਰੇਂ ਸਾਂ, ਸਾਂ ਨੀ ਧਾ ਪਾ, ਮਾ

ਪਾ ਧੁਾ ਨੁੀ ਧੁਾ ਪਾ, ਮਾ ਪਾ ਮਾ, ਮਾ ਗਾ, ਸਾ ਰੇ ਮਾ, ਗਾ ਰੇ ਸਾ।

**ਰਾਗ ਦਾ ਸਧਾਰਨ ਪਰਿਚਯ**

**ਰਾਗੁ–** ਦੇਵਗੰਧਾਰੀ

**ਥਾਟ–** ਬਿਲਾਵਲ-ਅਸਾਵਰੀ ਅੰਗ

**ਵਾਦੀ ਸਵਰ–** ਮਾ (ਮਧਿਅਮ)

**ਸੰਵਾਦੀ ਸਵਰ–** ਸਾ (ਸ਼ਡਜ)

**ਗਾਇਨ ਸਮਾਂ–** ਦਿਨ ਦਾ ਦੂਜਾ ਪਹਿਰ

**ਸਵਰ–** ਧਾ (ਧੈਵਤ) ਅਤੇ ਨੀ (ਨਿਸ਼ਾਦ) ਸਵਰਾਂ ਦੇ ਦੋਵੇਂ ਰੂਪ (ਸ਼ੁੱਧ ਅਤੇ ਕੋਮਲ) ਬਾਕੀ ਸਾਰੇ ਸਵਰ ਸ਼ੁੱਧ।

**ਵਰਜਿਤ ਸਵਰ–** ਅਰੋਹ ਵਿੱਚ ਗਾ (ਗੰਧਾਰ) ਅਤੇ ਨੀ (ਨਿਸ਼ਾਦ) ਸਵਰ।

**ਜਾਤੀ–** ਔੜਵ-ਸੰਪੂਰਨ

**ਅਰੋਹ–** ਸਾ ਰੇ ਮਾ, ਪਾ ਧਾ ਸਾਂ।

**ਅਵਰੋਹ** –ਸਾਂ ਨੀ ਧਾ ਪਾ, ਮਾ ਪਾ, ਧੁਾ ਨੁੀ ਧੁਾ ਪਾ, ਮਾ ਗਾ ਰੇ ਸਾ।

**ਪਕੜ–** ਮਾ ਪਾ, ਧੁਾ ਨੁੀ ਧੁਾ ਪਾ, ਮਾ ਗਾ, ਸਾ ਰੇ ਮਾ।

**ਚਲਦਾ...**

# ਸਿੱਖ ਸਾਹਿਤ ਦੇ ਰੂ-ਬ-ਰੂ (੨)

*-ਡਾ. ਰਣਜੀਤ ਕੌਰ ਪੰਨਵਾਂ**

ਡਾ. ਗੁਰਮਿੰਦਰ ਸਿੰਘ ਰੂਪੋਵਾਲੀ ਦੁਆਰਾ ਸੰਪਾਦਿਤ ਪੁਸਤਕ 'ਸਿੱਖ ਸੰਘਰਸ਼ ੧੯੮੪' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਬਤ ਜਾਣਕਾਰੀ ਦੇਣ ਵਾਲਾ ਅਹਿਮ ਦਸਤਾਵੇਜ਼ ਹੈ। ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਵਿਚ ਸੰਪਾਦਕ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਹੁੰਦੇ ਪੱਤਰ 'ਗੁਰਦੁਆਰਾ ਗਜ਼ਟ' ਆਧਾਰਿਤ ਪ੍ਰਮਾਣਿਕ ਅਤੇ ਹਵਾਲਾਗਤ ਜਾਣਕਾਰੀ ਮੁਹੱਈਆ ਕਰਵਾਈ। ਇਸ ਪੁਸਤਕ ਦਾ ਪ੍ਰਕਾਸ਼ਨ ਸਾਲ- ਅਕਤੂਬਰ, ੨੦੨੪, ਪੰਨੇ ੨੩੯, ਕੀਮਤ ੯੦ ਰੁਪਏ ਹੈ ਅਤੇ ਇਸ ਦਾ ISBN: ੯੭੮-੯੩-੯੦੯੩੬-੨੫-੦ ਹੈ। ਵਿਚਾਰ ਅਧੀਨ ਪੁਸਤਕ ਦੇ ਸੰਪਾਦਕ ਆਪ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਸਿੱਖ ਇਤਿਹਾਸ ਰੀਸਰਚ ਬੋਰਡ ਵਿਚ ਬਤੌਰ ਰੀਸਰਚ ਸਕਾਲਰ ਕਾਰਜਸ਼ੀਲ ਹਨ। ਉਨਾਂ ਨੇ ਪੁਖਤਾ ਜਾਣਕਾਰੀ ਨੂੰ ਇਸ ਪੁਸਤਕ ਵਿਚ ਦੇਣ ਦਾ ਯਤਨ ਕੀਤਾ ਹੈ।

ਸੰਪਾਦਕ ਦੁਆਰਾ ਇਸ ਪੁਸਤਕ ਨੂੰ ਚਾਰ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਸੰਦੇਸ਼ ਅਤੇ ਭੂਮਿਕਾ ਹੈ। ਦੂਜੇ ਭਾਗ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੰਖੇਪ ਇਤਿਹਾਸ ਅਤੇ ਸਮਾਜਿਕ ਕਾਰਜ, ਤੀਜੇ ਭਾਗ ਵਿਚ ਸਿੱਖ ਸੰਘਰਸ਼ ਸਿੱਖ ਨਸਲਕੁਸ਼ੀ ਦਾ ਵਰਤਾਰਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੌਥਾ ਭਾਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਸੰਘਰਸ਼ ਦੌਰਾਨ ਕੀਤੇ ਕਾਰਜਾਂ (ਗੁਰਦੁਆਰਾ ਗਜ਼ਟ ਦੇ ਵਿਸ਼ੇਸ਼ ਹਵਾਲੇ ਅਨੁਸਾਰ) ਬਾਰੇ ਹੈ।

ਪੁਸਤਕ ਦੇ ਪਹਿਲੇ ਭਾਗ ਵਿਚ ਸੰਪਾਦਕ ਨੇ ਸਿੱਖ ਸੰਘਰਸ਼ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਇਸ ਪੁਸਤਕ ਨੂੰ ਸੰਪਾਦਿਤ ਕਰਨ ਦਾ ਮਨੋਰਥ ਆਦਿ ਸਪੱਸ਼ਟ ਕਰਦਿਆਂ ਧੰਨਵਾਦੀ ਸ਼ਬਦ ਲਿਖੇ ਹਨ। ਦੂਜੇ ਭਾਗ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੰਖੇਪ ਇਤਿਹਾਸ ਅਤੇ ਸਮਾਜਿਕ ਕਾਰਜ ਅਧਿਆਇ- ਦੇ ਦਸ ਉਪ ਅਧਿਆਇ ਹਨ। ਜਿਨ੍ਹਾਂ ਵਿਚ ਗੁਰਦੁਆਰਾ ਪਰਿਭਾਸ਼ਾ ਅਤੇ ਪ੍ਰਬੰਧ, ਗੁਰਦੁਆਰਾ ਮਰਿਯਾਦਾ ਅਤੇ ਪ੍ਰਬੰਧ, ਸ਼੍ਰੋਮਣੀ ਕਮੇਟੀ ਦੇ ਹੁਣ ਤਕ ਬਣੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਾਜਿਕ ਕਾਰਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

** ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।
ਮੋ. ੯੮੧੪੯-੫੧੫੧੩*

ਕਮੇਟੀ ਦੇ ਵਿੱਦਿਆ ਦੇ ਖੇਤਰ ਵਿਚ ਸਮਾਜਿਕ ਕਾਰਜ, ਕੁਦਰਤੀ ਅਤੇ ਗੈਰ-ਕੁਦਰਤੀ ਘਟਨਾਵਾਂ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਾਜਿਕ ਕਾਰਜ, ਸਿੱਖ ਨਸਲਕੁਸ਼ੀ, ਧਰਮੀ ਫੌਜੀ ਅਤੇ ਬੰਦੀ ਸਿੰਘਾਂ ਦੇ ਪਰਵਾਰਾਂ ਦੀ ਸਹਾਇਤਾ, **੩.** ਤੀਜੇ ਅਧਿਆਇ ਵਿਚ ਸਿੱਖ ਸੰਘਰਸ਼ ਅਤੇ ਸਿੱਖ ਨਸਲਕੁਸ਼ੀ ਦਾ ਵਰਤਾਰਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ- ਸਿੱਖ ਸੰਘਰਸ਼ ਦੀ ਮੂਲ ਟੇਕ ਬਾਣੀ, ਸਿੱਖ ਸੰਘਰਸ਼ ਦਾ ਸੰਖੇਪ ਇਤਿਹਾਸ, ਸਿੱਖ ਨਸਲਕੁਸ਼ੀ ਅਤੇ ਸਿੱਖ ਸ਼ਹਾਦਤ, ਸਿੱਖ ਸ਼ਹਾਦਤ ਦਾ ਸੰਕਲਪ, ਸਿੱਖ ਸੰਘਰਸ਼ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਯੋਗਦਾਨ, ਸਿੱਖ ਨਸਲਕੁਸ਼ੀ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੀੜਤ ਪਰਵਾਰਾਂ ਦੀ ਸਹਾਇਤਾ, ਪੀੜਤ ਪਰਵਾਰਾਂ ਦੇ ਮੁੜ ਵਸੇਬੇ ਲਈ ਸ਼੍ਰੋਮਣੀ ਕਮੇਟੀ ਦੇ ਯਤਨ, ਸ਼੍ਰੋਮਣੀ ਕਮੇਟੀ ਵੱਲੋਂ ੧੯੮੪-੮੫ ਦੇ ਵਰ੍ਹਿਆਂ ਦੌਰਾਨ ਪੀੜਤ ਪਰਵਾਰਾਂ ਦੇ ਮੁੜ ਵਸੇਬੇ ਲਈ ਯਤਨ, ਅਕਾਲੀ ਪੱਤ੍ਰਿਕਾ ਦੀ ਛਪੀ ਖਬਰ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਦਕ ਕਮੇਟੀ ਦੇ ਯਤਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਲੀਜ਼ ਕੀਤੇ 'ਰਲੀਫ਼ ਫੰਡ ਅਤੇ 'ਸ਼ਹੀਦੀ ਫੰਡ' ਦੇ ਵੇਰਵੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਰਲੀਫ਼ ਫੰਡ ਅਤੇ 'ਸ਼ਹੀਦੀ ਫੰਡ' ਦੇ ਖਰਚਿਆਂ ਦਾ ਕੁੱਲ ਵੇਰਵਾ, ਖਰਚ ਸ਼ਹੀਦੀ ਫੰਡ, ਖਰਚਾ ਜੋਧਪੁਰ ਜੇਲ੍ਹ (੨੮-੦੨-੮੭ ਤਕ), ਵੇਰਵਾ ਖਰਚ ਸ਼ਹੀਦੀ ਫ਼ੰਡ (ਨਵੰਬਰ ੧੯੮੪ ਤੋਂ ਦਸੰਬਰ ੨੦੨੩-੨੪ ਤਕ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮੀ ਸਿੱਖ ਫੌਜੀਆਂ, ਸਿੱਖ ਨਸਲਕੁਸ਼ੀ ਨਾਲ ਪ੍ਰਭਾਵਿਤ, ਸ਼ਹੀਦ ਸਿੱਖ ਪਰਵਾਰਾਂ ਆਦਿ ਨੂੰ ਦਿੱਤੀਆਂ ਨਿਯੁਕਤੀਆਂ, ਸਿੱਖ ਨਸਲਕੁਸ਼ੀ ਦੌਰਾਨ ਵਾਪਰੀਆਂ ਵੱਖ-ਵੱਖ ਘਟਨਾਵਾਂ ਨਾਲ ਸੰਬੰਧਿਤਾਂ ਨੂੰ ਦਿੱਤੀਆਂ ਨੌਕਰੀਆਂ ਦੇ ਵੇਰਵੇ। **੪.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਸੰਘਰਸ਼ ਦੌਰਾਨ ਕੀਤੇ ਕਾਰਜ- (ਗੁਰਦੁਆਰਾ ਗਜ਼ਟ ਦੇ ਵਿਸ਼ੇਸ਼ ਹਵਾਲੇ ਅਨੁਸਾਰ) ਗੁਰਦੁਆਰਾ ਗਜ਼ਟ ਬਾਰੇ ਮੁੱਢਲੀ ਜਾਣਕਾਰੀ, ਗੁਰਦੁਆਰਾ ਗਜ਼ਟ ਵਿਚ ਸਿੱਖ ਸੰਘਰਸ਼ ੧੯੮੪ ਦੌਰਾਨ ਮਿਲਦੇ ਵੱਖ-ਵੱਖ ਹਵਾਲਿਆਂ ਅਤੇ ਤੱਥਾਂ ਦੀ ਜਾਣਕਾਰੀ, ਦਿੱਲੀ ਵਿਖੇ ਨਕਲੀ ਨਿਰੰਕਾਰੀਆਂ ਹੱਥੋਂ ਹੋਏ ਸ਼ਹੀਦ ਸਿੰਘਾਂ ਦੇ ਪਰਵਾਰਾਂ ਅਤੇ ਫੌਤ ਹੋਏ ਕਾਂਸਟੇਬਲ ਦੀ ਪਤਨੀ ਵੱਲੋਂ ਨਿਰੰਕਾਰੀਆਂ ਦੁਆਰਾ ਦਿੱਤੀ ਰਾਸ਼ੀ ਨੂੰ ਸਿੱਖੀ ਵਿੱਚ ਅਥਾਹ ਸ਼ਰਧਾ ਹੋਣ ਕਰਕੇ ਠੁਕਰਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸ਼ਲਾਘਾ ਅਤੇ ਸਹਾਇਤਾ, ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਝੂਠੇ ਮੁਕਾਬਲਿਆਂ ਵਿਚ ਸ਼ਹੀਦ ਹੋਣ ਵਾਲੇ ਪਰਵਾਰਾਂ, ਹਰਿਆਣੇ ਵਿਚ ਸਾੜ ਫੂਕ ਦੌਰਾਨ ਪੀੜਤ ਸਿੱਖ ਪਰਵਾਰਾਂ ਆਦਿ ਦੀ ਸਹਾਇਤਾ ਅਤੇ ਹੋਰ ਵਿਸ਼ੇਸ਼ ਮਤੇ, ਸ਼੍ਰੋਮਣੀ ਕਮੇਟੀ ਨੇ ਸ਼ਹੀਦੀ ਫੰਡ ਵਿੱਚੋਂ ਲੱਖਾਂ ਰੁਪਏ ਸ਼ਹੀਦਾਂ ਦੇ ਵਾਰਸਾਂ ਨੂੰ ਦਿੱਤੇ- ਆਤਮਾ ਸਿੰਘ, ਸਿੱਖਾਂ ਦੇ ਕਤਲੇਆਮ ਦੀ ਸਖਤ ਨਿੰਦਾ, ਸਰਕਾਰ ਵੱਲੋਂ ਜਾਰੀ ਕੀਤੇ ਗਏ

'ਵਾਈਟ ਪੇਪਰ' ਵਿਰੁੱਧ ਮਤਾ, ਭਾਰਤ ਸਰਕਾਰ ਵਿਰੁੱਧ ਜ਼ਰੂਰੀ ਮਤੇ, ਤੁਰੰਤ ਫੌਜ ਹਟਾਉਣ ਸੰਬੰਧੀ ਮਤਾ,ਗ੍ਰਿਫਤਾਰ ਅਤੇ ਸ਼ਹੀਦ ਸਿੱਖਾਂ ਦੀਆਂ ਲਿਸਟਾਂ ਜਾਰੀ ਕਰਨ ਸੰਬੰਧੀ ਮਤਾ, ਜ਼ਬਰੀ ਕਿਰਪਾਨਾਂ ਲੁਹਾਉਣ ਸੰਬੰਧੀ ਮਤਾ, ਫੌਜੀ ਐਕਸ਼ਨ ਸਮੇਂ ਸਿੰਘ ਸਾਹਿਬਾਨ, ਰਾਗੀ ਸਿੰਘਾਂ, ਚੌਰ ਬਰਦਾਰ, ਸੇਵਾਦਾਰਾਂ ਆਦਿ ਸਿੱਖਾਂ ਸੰਬੰਧੀ ਮਤਾ, ਰਿਹਾਇਸ਼ੀ ਮਕਾਨਾਂ ਵਿਚ ਕੀਤੀ ਲੁੱਟ-ਖੋਹ ਵਿਰੁੱਧ ਮਤਾ, ਸੰਤਾ ਸਿੰਘ ਵਿਰੁੱਧ ਮਤਾ, ਸਿੰਘ ਸਾਹਿਬਾਨ ਦੁਆਰਾ ਭਾਰਤ ਸਰਕਾਰ ਨੂੰ ਸਿੱਖ ਕਤਲੇਆਮ ਰੁਕਵਾਉਣ ਸੰਬੰਧੀ ਆਦੇਸ਼, ਗ੍ਰਿਫਤਾਰ ਕੀਤੇ ਨਿਰਦੋਸ਼ ਨੌਜਵਾਨਾਂ ਨੂੰ ਰਿਹਾਅ ਕਰਨ ਲਈ ਰਾਸ਼ਟਰਪਤੀ ਤਕ ਪਹੁੰਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜੇਲ੍ਹਾਂ ਵਿਚ ਕੈਦ ਸਿੱਖਾਂ ਲਈ ਉਪਰਾਲੇ, ਸ਼ਹੀਦ ਮਾਰਕੀਟ ਉਸਾਰਨ ਸੰਬੰਧੀ, ਪੀੜਤ ਸਿੱਖ ਪਰਵਾਰਾਂ ਦੇ ਮਕਾਨਾਂ ਅਤੇ ਦੁਕਾਨਾਂ ਦਾ ਕਿਰਾਇਆ ਦੇਣ ਸੰਬੰਧੀ ਮਤਾ, ਪੀੜਤਾਂ ਦੀ ਸਹਾਇਤਾ ਤੇ ਮੁੜ ਵਸੇਬੇ ਲਈ ਸ਼੍ਰੋਮਣੀ ਕਮੇਟੀ ਵਲੋਂ ਕੀਤੇ ਗਏ ਉਪਰਾਲੇ, ਵਿਦਿਆਰਥੀਆਂ ਦੀ ਜੁਝਾਰੂ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ 'ਤੇ ਲਗਾਈ ਪਾਬੰਦੀ ਵਿਰੁੱਧ ਮਤਾ, ਜੋਧਪੁਰ ਜੇਲ੍ਹ ਵਿੱਚੋਂ ਰਿਹਾਅ ਹੋ ਕੇ ਆਏ ਸਿੰਘਾਂ ਨੂੰ ਨੌਕਰੀ ਦੇਣੀ, ਐਮ.ਪੀ. ਅਤਿੰਦਰ ਪਾਲ ਸਿੰਘ ਦੀ ਰਿਹਾਈ ਬਾਬਤ ਮਤਾ, ਭਾਈ ਰਣਜੀਤ ਸਿੰਘ ਦੀ ਰਿਹਾਈ ਬਾਬਤ ਮਤਾ, ਭਾਈ ਬਲਵੰਤ ਸਿੰਘ ਰਾਜੋਆਣਾ ਦੇ ਵਕੀਲ ਦੀ ਫੀਸ ਅਦਾ ਕਰਨ ਲਈ ਮਤਾ, ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ, ਬੰਦੀ ਸਿੱਖ ਭਾਈ ਗੁਰਦੀਪ ਸਿੰਘ ਖੈੜਾ ਦਾ ਹਾਲ ਜਾਣਨ ਪੁੱਜੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜੁਲਾਈ ੨੦੨੩ ਵਿਚ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿਚ ਆਏ ਹੜ੍ਹਾਂ ਦੌਰਾਨ ਸ਼੍ਰੋਮਣੀ ਕਮੇਟੀ ਦੀ ਭੂਮਿਕਾ, ਸ਼੍ਰੋਮਣੀ ਕਮੇਟੀ ਵੱਲੋਂ ਕਿਸਾਨ ਜਥੇਬੰਦੀਆਂ ਦੇ ਭਾਰਤ ਬੰਦ ਦਾ ਸਮਰਥਨ, ਡਿਬਰੂਗੜ੍ਹ ਜੇਲ੍ਹ 'ਚ ਨਜ਼ਰਬੰਦ ਸਿਖਾਂ ਸਬੰਧੀ ਐਡਵੋਕੇਟ ਧਾਮੀ ਨੇ ਮੁੱਖ ਮੰਤਰੀ ਪੰਜਾਬ ਨੂੰ ਲਿਖਿਆ ਪੱਤਰ, ਜਥੇਦਾਰ ਸ਼ਹੀਦ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਦੇ ਕੇਸ ਦੀ ਪੈਰਵਾਈ ਕਰ ਰਹੇ ਵਕੀਲ ਸ. ਪੂਰਨ ਸਿੰਘ ਹੁੰਦਲ ਦੀ ਫੀਸ ਅਦਾਇਗੀ, ਜੂਨ ੧੯੮੪ ਦੇ ਘੱਲੂਘਾਰੇ ਸਮੇਂ ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਪਾਵਨ ਸਰੂਪ ਨੂੰ ਸੰਗਤ ਦੇ ਦਰਸ਼ਨਾਂ ਲਈ ਕੀਤਾ ਸੁਸ਼ੋਭਿਤ, ਦਲ ਖ਼ਾਲਸਾ ਦੇ ਆਗੂ ਭਾਈ ਗਜਿੰਦਰ ਸਿੰਘ ਦੇ ਚਲਾਣੇ 'ਤੇ ਕੀਤਾ ਦੁੱਖ ਪ੍ਰਗਟ।

ਇਹ ਪੁਸਤਕ ਜਗਿਆਸੂ ਬਿਰਤੀ ਵਾਲੇ ਅਕਾਦਮਿਕ ਅਤੇ ਆਮ ਪਾਠਕ ਲਈ ਬਹੁਤ ਗਿਆਨਵਰਧਕ ਅਤੇ ਜਾਣਕਾਰੀ ਭਰਪੂਰ ਹੈ। ਇਹ ਪੁਸਤਕ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਉਠਦੇ ਬੇਲੋੜੇ ਵਿਵਾਦਾਂ ਦਾ ਜਵਾਬ ਦਿੰਦੀ ਹੋਈ ਪ੍ਰਮਾਣਿਕ ਹਵਾਲੇ ਰੂਪਮਾਨ ਕਰਦੀ ਹੈ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੧੯੮੪ ਈ: ਦੇ ਤੀਜੇ ਘੱਲੂਘਾਰੇ ਵਿਚ ਨਿਭਾਈ ਵਡਮੁੱਲੀ ਸੇਵਾ ਅਤੇ ਭੂਮਿਕਾ ਦੀ ਸ਼ਬਦਾਂ ਦੇ ਰਾਹੀਂ ਬਾਤ ਪਾਉਂਦੀ ਹੈ। ■

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ ੦੭-੦੩-੨੦੨੫ (੨੪ ਫੱਗਣ ਸੰਮਤ ਨਾਨਕਸ਼ਾਹੀ ੫੫੬) ਦੇ ਮਤੇ :-

### ਮਤਾ ਨੰ. ੨੭੪

ਪੂਰਨ ਸਿੰਘ ਦੇਸਲ (ਸਪੁੱਤਰ ਸ੍ਰ. ਬੁੱਧ ਸਿੰਘ) ਵਾਸੀ ਮੁਹੱਲਾ ਲੱਖਣਪਾਲ, ਨੂਰਮਹਿਲ, ਜ਼ਿਲ੍ਹਾ ਜਲੰਧਰ, ਸਾਬਕਾ ਡਰਾਈਵਰ ਆਸ਼ੂਤੋਸ ਨੂਰਮਹਿਲ ਵੱਲੋਂ ਦਿਵਿਆ ਜੋਤੀ ਜਾਗਰਤੀ ਸੰਸਥਾਨ ਨੂਰਮਹਿਲ ਦੇ ਨਾਲ ਕੇਸ ਚੱਲ ਰਿਹਾ ਹੋਣ ਅਤੇ ਵਕੀਲ ਦੀ ਫੀਸ ਦੇਣ ਤੋਂ ਅਸਮਰੱਥਾ ਪ੍ਰਗਟ ਕਰਦਿਆਂ ਵਕੀਲ ਦੀ ਫੀਸ ਦੇਣ ਲਈ ਸਹਾਇਤਾ ਲੈਣ ਦੀ ਮੰਗ ਪੁੱਜੀ ਹੈ। ਸ੍ਰ. ਗੁਰਚਰਨ ਸਿੰਘ ਜੀ ਗਰੇਵਾਲ ਮੈਂਬਰ, ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਹੈ। ਮਾਮਲਾ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਪੂਰਨ ਸਿੰਘ ਦੇਸਲ (ਸਪੁੱਤਰ ਸ੍ਰ. ਬੁੱਧ ਸਿੰਘ) ਵਾਸੀ ਮੁਹੱਲਾ ਲੱਖਣਪਾਲ, ਨੂਰਮਹਿਲ ਜਿਲ੍ਹਾ ਜਲੰਧਰ ਨੂੰ ਧਰਮ ਅਰਥ ਫੰਡ ਵਿਚੋਂ ੧,੦੦,੦੦੦/-ਅੱਖਰੀਂ ਇੱਕ ਲੱਖ ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

### ਮਤਾ ਨੰ. ੩੩੪

ਪ੍ਰਿੰਸੀਪਲ ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ, ਲੱਧੇਵਾਲ, ਮਾਹਿਲਪੁਰ (ਹੁਸ਼ਿਆਰਪੁਰ) ਦੀ ਪੱਤ੍ਰਿਕਾ ਨੰਬਰ ੫੭੯੭ ਮਿਤੀ ੨੯-੦੨-੨੦੨੫ ਅਨੁਸਾਰ ਵਿਦਿਆਰਥੀ ਅਰਸ਼ਪ੍ਰੀਤ ਸਿੰਘ, ਕਲਾਸ ਛੇਵੀਂ (ਸੀ) ਵੱਲੋਂ ਮਿਤੀ ੨੭-੦੭-੨੦੨੪ ਨੂੰ ਸਕੂਲ ਵਿਖੇ ਪੈਨ ਦਾ ਪਿਛਲਾ ਹਿੱਸਾ ਗਲਤੀ ਨਾਲ ਅੰਦਰ ਨਿਗਲ ਲਿਆ ਸੀ, ਜੋ ਕਿ ਫੇਫੜਿਆਂ ਅੰਦਰ ਚਲਾ ਗਿਆ ਜਿਸਦੇ ਇਲਾਜ ਪੁਰ ੬੦,੭੫੯/-ਅੱਖਰੀਂ ਸੱਠ ਹਜ਼ਾਰ, ਸੱਤ ਸੌ, ਉਨਾਹਠ ਰੁਪਏ ਖਰਚ ਆਏ ਹਨ। ਪਰਵਾਰ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਕਰਕੇ ਪ੍ਰਿੰਸੀਪਲ ਵੱਲੋਂ ਇਲਾਜ ਪੁਰ ਖਰਚ ਹੋਈ ਉਪਰੋਕਤ ਰਕਮ ਸਹਾਇਤਾ ਵਜੋਂ ਦੇਣ ਦੀ ਕੀਤੀ ਸਿਫਾਰਸ਼ ਦਾ ਮਾਮਲਾ, ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਵਿਦਿਆਰਥੀ ਅਰਸ਼ਪ੍ਰੀਤ ਸਿੰਘ ਬੈਂਸ (ਸਪੁੱਤਰ ਸ੍ਰ. ਮਨਪ੍ਰੀਤ ਸਿੰਘ) ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਅਰਥ ਫੰਡ ਵਿੱਚੋਂ ੬੦,੭੫੯/-ਅੱਖਰੀਂ ਸੱਠ ਹਜ਼ਾਰ ਸੱਤ ਸੌ ਉਨਾਹਠ ਰੁਪਏ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

### ਮਤਾ ਨੰ. ੩੪੩

ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ ੨੬੨ ਮਿਤੀ ੧੦-੦੨-੨੦੨੫ ਰਾਹੀਂ ਹਲਕਾ ਜਲਾਲਾਬਾਦ ਫਾਜ਼ਿਲਕਾ ਵਿਖੇ ਮਿਤੀ ੩੧-੦੧-੨੦੨੫ ਨੂੰ ਹੋਏ ਭਿਆਨਕ

ਸੜਕ ਹਾਦਸੇ ਵਿਚ ਗਰੀਬ ਪਰਵਾਰਾਂ ਦੇ ਵਿਅਕਤੀਆਂ ਦੀ ਮੌਤ ਹੋ ਜਾਣ ਕਾਰਨ ਜਿਨ੍ਹਾਂ ਮ੍ਰਿਤਕਾਂ ਦੇ ਦਸਤਾਵੇਜ਼/ਰੀਕਾਰਡ ਪੁੱਜੇ ਸਨ ਉਨ੍ਹਾਂ ਦੇ ਪਰਵਾਰਾਂ ਨੂੰ ੨੦੦੦੦/-੨੦੦੦੦/-ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਹੋਈ ਸੀ। ਉਨ੍ਹਾਂ ਵਿੱਚੋਂ ਦੋ ਮ੍ਰਿਤਕਾਂ ਦਾ ਉਸ ਸਮੇਂ ਰੀਕਾਰਡ ਨਾ ਮਿਲਣ ਕਾਰਨ ਹੇਠ ਲਿਖੇ ਅਨੁਸਾਰ ਪ੍ਰਵਾਨਗੀ ਹੋਣ ਤੋਂ ਰਹਿ ਗਈ ਸੀ। ਸ੍ਰ. ਦਰਸ਼ਨ ਸਿੰਘ ਬਰਾੜ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਮ੍ਰਿਤਕਾਂ ਦੇ ਪਰਵਾਰਾਂ ਨੂੰ ਵੀ ੨੦੦੦੦/-੨੦੦੦੦/-ਰੁਪਏ ਦੇਣ ਦੀ ਸਿਫਾਰਸ਼ ਕੀਤੀ ਗਈ ਹੈ:-

੧. ਮ੍ਰਿਤਕ ਸੁਖਵਿੰਦਰ ਸਿੰਘ (ਸਪੁੱਤਰ ਸ੍ਰ. ਮਹਿੰਦਰ ਸਿੰਘ) ਚੌਂਕ ਰੋਹੀ ਵਾਲਾ ਫਾਜ਼ਿਲਕਾ (ਵਾਰਸ ਬੀਬੀ ਰਛਪਾਲ ਕੌਰ, ਸੁਪਤਨੀ ਸ੍ਰ. ਮਹਿੰਦਰ ਸਿੰਘ) ਮ੍ਰਿਤਕ ਦੀ ਮਾਤਾ।

੨.ਗੋਬਿੰਦਾ (ਸਪੁੱਤਰ ਸ੍ਰੀ ਕਾਕੂ) ਸ੍ਰੀ ਮੁਕਤਸਰ ਰੋਡ, ਗੁਰੂ ਹਰਿਸਹਾਏ, ਫਿਰੋਜਪੁਰ (ਵਾਰਸ ਕਾਕੂ) ਮ੍ਰਿਤਕ ਦਾ ਪਿਤਾ।

ਦਾ ਮਾਮਲਾ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਮ੍ਰਿਤਕ ਸੁਖਵਿੰਦਰ ਸਿੰਘ (ਸਪੁੱਤਰ ਸ੍ਰ. ਮਹਿੰਦਰ ਸਿੰਘ) ਦੀ ਵਾਰਸ ਬੀਬੀ ਰਛਪਾਲ ਕੌਰ (ਸੁਪਤਨੀ ਸ. ਮਹਿੰਦਰ ਸਿੰਘ) ਅਤੇ ਮ੍ਰਿਤਕ ਗੋਬਿੰਦਾ (ਸਪੁੱਤਰ ਸ੍ਰੀ ਕਾਕੂ) ਦੇ ਵਾਰਸ ਸ੍ਰੀ ਕਾਕੂ (ਸਪੁੱਤਰ ਸ੍ਰੀ ਸੱਗਾ ਰਾਮ) ਨੂੰ "ਧਰਮ ਅਰਥ ਫੰਡ" ਵਿੱਚੋਂ ੨੦,੦੦੦/-, ੨੦,੦੦੦/- ਅੱਖਰੀਂ ਵੀਹ-ਵੀਹ ਹਜ਼ਾਰ ਰੁਪਏ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

## ਮਤਾ ਨੰ. ੩੫੦

ਭਾਰਤ ਸਰਕਾਰ ਵੱਲੋਂ ਲਿਆਂਦੀ ਗਈ ਨਵੀਂ ਸਿੱਖਿਆ ਨੀਤੀ ੨੦੨੦ ਦੇ ਮੁਲਾਕਣ ਸਬੰਧੀ ਗਿਆਨੀ ਕੁਲਦੀਪ ਸਿੰਘ ਗੜਗੱਜ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੇ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਕੀਤੇ ਆਦੇਸ਼ ਦਾ ਮਾਮਲਾ, ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਸੀਨੀਅਰ ਮੀਤ ਪ੍ਰਧਾਨ ਸਾਹਿਬ ਦੀ ਆਗਿਆ ਤੇ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਦੀ ਪੜਚੋਲ ਕਰਨ ਵਾਸਤੇ ਅਕਾਦਮਿਕ ਵਿਦਵਾਨਾਂ ਦੀ ਇੱਕ ਕਮੇਟੀ ਬਣਾਈ ਜਾਵੇਗੀ। ਇਹ ਕਮੇਟੀ ਪੰਜਾਬ ਦੇ ਸੰਦਰਭ ਵਿਚ ਇਸ ਸਿੱਖਿਆ ਨੀਤੀ ਅੰਦਰ ਕੀ-ਕੀ ਸੁਧਾਰ ਲੋੜੀਂਦੇ ਹਨ ਇਸ ਬਾਰੇ ਮੁਲਾਂਕਣ ਕਰੇਗੀ, ਜਿਸ ਦੀ ਰਿਪੋਰਟ ਦੇ ਆਧਾਰ 'ਤੇ ਇਹ ਮਾਮਲਾ ਕੇਂਦਰ ਸਰਕਾਰ ਪਾਸ ਉਠਾਇਆ ਜਾਵੇਗਾ।

ਇਹੀ ਕਮੇਟੀ ਪੰਜਾਬੀ ਗੁਰਮੁਖੀ ਨੂੰ ਮੌਜੂਦਾ ਚੁਣੌਤੀਆਂ 'ਤੇ ਵੀ ਮੰਥਨ ਕਰੇਗੀ

ਅਤੇ ਜੋ ਵੀ ਸੁਝਾਅ ਸਾਹਮਣੇ ਆਉਣਗੇ ਉਨ੍ਹਾਂ ਨੂੰ ਲਾਗੂ ਕੀਤਾ ਜਾਵੇਗਾ।

ਕਮੇਟੀ ਗਠਿਤ ਕਰਨ ਦੇ ਅਧਿਕਾਰ ਪ੍ਰਧਾਨ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਤੇ ਜਾਂਦੇ ਹਨ।

## ਮਤਾ ਨੰ. ੩੫੨

ਪੰਜਾਬ ਅੰਦਰ ਵਧ ਰਹੇ ਪਤਿਤਪੁਣੇ, ਨਸ਼ਿਆਂ ਅਤੇ ਧਰਮ ਪਰਿਵਰਤਨ ਦੇ ਮਾਮਲਿਆਂ ਨੂੰ ਠੱਲਣ ਲਈ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਹੋਲਾ ਮਹੱਲਾ ਮੌਕੇ ਦਿੱਤੇ ਸੰਦੇਸ਼ ਦੇ ਮੱਦੇਨਜ਼ਰ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਸੀਨੀਅਰ ਮੀਤ ਪ੍ਰਧਾਨ ਸਾਹਿਬ ਦੀ ਆਗਿਆ ਤੇ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ’ਤੇ ਪ੍ਰਵਾਨ ਹੋਇਆ ਕਿ ਉਕਤ ਸਬੰਧੀ ਇੱਕ ਪ੍ਰਚੰਡ ਧਰਮ ਪ੍ਰਚਾਰ ਲਹਿਰ ਅੱਗੇ ਵਧਾਈ ਜਾਵੇਗੀ ਜੋ ਘਰ-ਘਰ ਤਕ ਪਹੁੰਚ ਕਰੇਗੀ। ਇਹ ਲਹਿਰ ਇਸੇ ਸਾਲ ੧੩ ਅਪ੍ਰੈਲ ਨੂੰ ਖਾਲਸਾ ਸਾਜਨਾ ਦਿਵਸ ਵੈਸਾਖੀ ਮੌਕੇ ਸ਼ੁਰੂ ਕੀਤੀ ਜਾਵੇਗੀ। ਇਸ ਦੀ ਅਰੰਭਤਾ ਮੌਕੇ ਤਖਤ ਸਾਹਿਬਾਨਾਂ ’ਤੇ ਵੱਡੇ ਅੰਮ੍ਰਿਤ-ਸੰਚਾਰ ਸਮਾਗਮ ਕੀਤੇ ਜਾਣਗੇ। ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸਿਕ ਖੰਡੇ ਨਾਲ ਅੰਮ੍ਰਿਤ-ਸੰਚਾਰ ਕੀਤਾ ਜਾਵੇਗਾ। ਧਰਮ ਪ੍ਰਚਾਰ ਦੀ ਇਹ ਲਹਿਰ ਇਸ ਸਾਲ ਆ ਰਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ੩੫੦ਵੇਂ ਸ਼ਹੀਦੀ ਦਿਹਾੜੇ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ਵੇਂ ਗੁਰਿਆਈ ਦਿਵਸ ਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗੀ।

ਇਹ ਵੀ ਪ੍ਰਵਾਨ ਹੋਇਆ ਕਿ ਧਰਮ ਪ੍ਰਚਾਰ ਲਹਿਰ ਦੌਰਾਨ ਹੋਣ ਵਾਲੇ ਸਾਰੇ ਖਰਚੇ ਧਰਮ ਪ੍ਰਚਾਰ ਕਮੇਟੀ ਦੇ ਫੰਡਾਂ ਵਿੱਚੋਂ ਕੀਤੇ ਜਾਣਗੇ।

■


### ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਚਲਾਇਆ ਜਾ ਰਿਹਾ ਹੈ। ਇਸ ਵਿਚ ੧੬ ਸਾਲ ਤੋਂ ਵੱਡੀ ਉਮਰ ਦਾ ਕੋਈ ਵੀ ਸਿੱਖ ਜਾਂ ਗੈਰ-ਸਿੱਖ, ਜੋ ਘੱਟੋ ਘੱਟ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹ ਲਿਖ ਸਕਦਾ ਹੋਵੇ, ਦਾਖਲਾ ਲੈ ਸਕਦਾ ਹੈ। ਕੋਰਸ ਨਾਲ ਸੰਬੰਧਿਤ ਵਧੇਰੇ ਜਾਣਕਾਰੀ www.sgpc.net ਤੋਂ ਲਈ ਜਾ ਸਕਦੀ ਹੈ ਜਾਂ ੦੧੮੩-੨੫੫੩੯੫੬, ਐਕਸ:੩੦੫ ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਈ ਅਤੇ ਜੂਨ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ | ੨੧ ਵੈਸਾਖ ੦੩ ਮਈ |
| ਜਨਮ ਦਿਹਾੜਾ ਸ. ਜੱਸਾ ਸਿੰਘ ਰਾਮਗੜ੍ਹੀਆ | ੨੩ ਵੈਸਾਖ ੦੫ ਮਈ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | ੨੯ ਵੈਸਾਖ ੧੧ ਮਈ |
| ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ | ੩੦ ਵੈਸਾਖ ੧੨ ਮਈ |
| ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) | ੦੩ ਜੇਠ ੧੬ ਮਈ |
| ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਆਹਲੂਵਾਲੀਆ | ੦੫ ਜੇਠ ੧੮ ਮਈ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੦੭ ਜੇਠ ੨੦ ਮਈ |
| ਸ਼ਹੀਦੀ ਸਾਕਾ ਪਾਉਂਟਾ ਸਾਹਿਬ | ੦੯ ਜੇਠ ੨੨ ਮਈ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੧੭ ਜੇਠ ੩੦ ਮਈ |
| ਜਨਮ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ | ੨੦ ਜੇਠ ੦੨ ਜੂਨ |
| ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (੧੯੮੪) | ੨੨ ਜੇਠ ੦੪ ਜੂਨ |
| ਸ਼ਹੀਦੀ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਜੀ | ੨੪ ਜੇਠ ੦੬ ਜੂਨ |
| ਜੋੜ-ਮੇਲਾ ਗੁਰਦੁਆਰਾ ਸ੍ਰੀ ਰੀਠਾ ਸਾਹਿਬ | ੨੯ ਜੇਠ ੧੧ ਜੂਨ |
| ਜਨਮ ਦਿਹਾੜਾ ਭਗਤ ਕਬੀਰ ਜੀ | ੨੯ ਜੇਠ ੧੧ ਜੂਨ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੩੦ ਜੇਠ ੧੨ ਜੂਨ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | ੦੨ ਹਾੜ ੧੬ ਜੂਨ |
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਬਹਾਦਰ | ੧੧ ਹਾੜ ੨੫ ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ੧੫ ਹਾੜ ੨੯ ਜੂਨ |

| | | |
|---|---|---|
| **ਪੂਰਨਮਾਸੀ** | ੩੦ ਵੈਸਾਖ | ੧੨ ਮਈ |
| **ਸੰਗਰਾਂਦ** | ੦੧ ਜੇਠ | ੧੪ ਮਈ |
| **ਮੱਸਿਆ** | ੧੪ ਜੇਠ | ੨੭ ਮਈ |
| **ਪੂਰਨਮਾਸੀ** | ੨੯ ਜੇਠ | ੧੧ ਜੂਨ |
| **ਸੰਗਰਾਂਦ** | ੦੧ ਹਾੜ | ੧੫ ਜੂਨ |
| **ਮੱਸਿਆ** | ੧੧ ਹਾੜ | ੨੫ ਜੂਨ |

ਕਵਿਤਾ:

# ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਤੱਤੀ ਤਵੀ

-ਸ. ਸੁਰਜੀਤ ਸਿੰਘ*

*ਸ਼ਾਂਤੀ ਦੇ ਸਾਗਰ ਗੁਰੂ ਅਰਜਨ[੧] ਦੇ ਰੂਪ ਅੰਦਰ,*
*ਗੋਇੰਦਵਾਲ ਸਾਹਿਬ ਵਿਚ ਪ੍ਰਗਟ ਆਣ ਹੋਏ।*
*ਸੋਢੀ ਪਾਤਸ਼ਾਹ ਜੀ ਸੰਸਾਰ ਵਿਚ ਹੋ ਪੈਦਾ,*
*ਮਨੁੱਖਤਾ ਦੇ ਉੱਤੇ ਦਾਤਾ ਜੀ ਮਿਹਰਬਾਨ ਹੋਏ।*
*ਰਾਜਾ ਰੰਕ ਬਰਾਬਰ ਜਗ ਉਤੇ ਉਪਦੇਸ਼ ਦੇਂਦੇ,*
*ਉੱਚਾ ਨੀਵਾਂ ਨਾ ਕੋਈ ਕਦੀ ਇਨਸਾਨ ਹੋਏ।*
*ਸਾਰਿਆਂ ਇਨਸਾਨਾਂ ਦਾ ਕਰੋ ਸਤਿਕਾਰ ਸਾਰੇ,*
*ਹਰ ਇਕ ਜੀਵ ਦੇ ਵਿਚ ਉਹੋ ਵਿਦਮਾਨ ਹੋਏ।*
*ਮਿਲੇ ਸ਼ਾਂਤੀ ਸਭ ਨੂੰ ਅਮਲਾਂ ਚੰਗਿਆਂ ਨਾਲ,*
*ਹਿੰਦੂ, ਇਸਾਈ ਤੇ ਭਾਵੇਂ ਕੋਈ ਮੁਸਲਮਾਨ ਹੋਏ।*
*ਇੱਕੋ ਰੱਬ ਸਭ ਦਾ ਸਾਂਝਾ ਹੈ ਜੁਗਾਂ ਤੋਂ ਵਹਿਗੁਰੂ,*
*ਭਰਮਾਂ ਵਿਚ ਏ ਮਨੁੱਖਾ ਜੀਵਨ ਵੀਰਾਨ ਹੋਏ।*
*ਵਹਿਮਾਂ ਭਰਮਾਂ ਵਿੱਚੋਂ ਸਾਰੇ ਜਗਤ ਨੂੰ ਕੱਢ ਦਾਤੇ,*
*ਲਾਇਆ ਲੜ ਹੈ ਨਿਰੰਕਾਰ ਦੇ ਗੁਰੂ ਅਰਜਨ।*
*ਸਤਿਸੰਗਤ ਅਤੇ ਪੰਗਤ ਵਿਚ ਬਿਠਾ ਸਭ ਨੂੰ,*
*ਇੱਕੋ ਆਤਮਾ ਏ ਸਮਝਾਇਆ ਗੁਰੂ ਅਰਜਨ।*
*ਸਦਾ ਕਿਰਤ ਕਰ ਧਰਮ ਦੀ ਅਤੇ ਵੰਡ ਖਾਏ,*
*ਦਿੱਤਾ ਉਸ ਨੂੰ ਸਨਮਾਨ ਦਾਤੇ ਗੁਰੂ ਅਰਜਨ।*
*ਲੋੜਵੰਦ ਗ਼ਰੀਬ ਨੂੰ ਸਦਾ ਦੇਵੇ ਵਸਤ ਜੇਹੜਾ,*
*ਦਾਨ ਸਫਲ ਉਸਦਾ ਹੈ ਕਿਹਾ ਗੁਰੂ ਅਰਜਨ।*
*ਸੰਗਤਾਂ ਆਈਆਂ ਨੂੰ ਲੰਗਰ ਛਕਾ ਪਾਤਸ਼ਾਹ,*
*ਕਰੋ ਦਾਨ ਏਦਾਂ ਫੁਰਮਾਇਆ ਗੁਰੂ ਅਰਜਨ।*
*ਸਤਿਨਾਮ ਜਪੇ ਹਰ ਵੇਲੇ ਉਸ ਦੀ ਮੁਕਤ ਹੋਵੇ,*
*ਇਹ ਵਾਹਿਗੁਰੂ ਨਾਮ ਦਿੱਤਾ ਗੁਰੂ ਅਰਜਨ।*
*ਗੁਰੂ ਹੁਕਮ ਨਾਲ ਤਵੀ ਹੇਠ ਅੱਗ ਬਲਦੀ,*
*ਆਪ ਚੌਂਕੜਾ ਲਾ ਕੇ ਤਵੀ 'ਤੇ ਬਿਰਾਜਮਾਨ ਹੋਏ।*
*ਗਰਮ ਰੇਤ ਪਾਉਂਦੇ ਵੈਰੀ ਸਰੀਰ ਉੱਤੇ,*
*ਨਾਮ ਵਾਹਿਗੁਰੂ ਸਿਮਰ ਅੰਤਰ ਧਿਆਨ ਹੋਏ।*
*ਆਪ ਸਰਬ ਕਲਾ ਸਮਰੱਥ ਸਚੇ ਪਾਤਸ਼ਾਹ ਜੀ,*
*ਨਾਮ ਜਪਣ ਸੰਗਤਾਂ ਦਾ ਲਗਾ ਦੀਵਾਨ ਹੋਏ।*
*ਜਦੋਂ ਪਤਾ ਲੱਗਾ ਸੀ ਸਾਈਂ ਮੀਆਂ ਮੀਰ ਜੀ ਨੂੰ*
*ਦੀਦਾਰ ਗੁਰੂ ਜੀ ਦੇ ਲਈ ਹਾਜ਼ਰ ਆਣ ਹੋਏ।*
*ਕਹਿਰ ਕਹਿਰ ਖੁਦਾ ਤੇ ਆਪ ਕਹਿਰ ਕਹਿੰਦੇ,*
*ਬਹੁਤ ਕ੍ਰੋਧ ਵਿਚ ਆਏ ਸਾਈਂ ਜੀ ਪਰੇਸ਼ਾਨ ਹੋਏ।*
*ਸਾਈਂ ਜੀ ਸ਼ਾਂਤ ਰਹਿਣਾ ਕਰੋਧਿਤ ਨਹੀਂ ਹੋਣਾ,*
*ਉਹੋ ਹੀ ਹੁੰਦਾ ਹੈ ਜੋ ਪਰਮਾਤਮਾ ਨੂੰ ਪ੍ਰਵਾਨ ਹੋਏ।*
*ਸੇਵਾ ਲੱਗੀ ਹੈ ਸਾਨੂੰ ਜੋ ਅਕਾਲ ਪੁਰਖ ਵੱਲੋਂ,*
*ਸਾਈਂ ਜੀ ਅਸੀਂ ਉਸ ਨੂੰ ਨਿਭਾਉਣ ਆਏ ਹਾਂ।*
*ਬ੍ਰਹਮ ਗਿਆਨੀ ਸਦਾ ਨਿਰਦੋਖ ਪੁੱਛਿਆ ਸੀ,*
*ਇਸ ਪੰਕਤੀ ਦੇ ਭਾਵ ਸਮਝਾਉਣ ਆਏ ਹਾਂ।*
*ਕਦੀ ਮਾਣ ਹੁੰਦਿਆਂ ਵੀ ਕਰੀਦਾ ਮਾਣ ਨਹੀਂ,*
*ਸਬਰ ਨਾਲ ਇਹ ਜੁਲਮ ਮਿਟਾਉਣ ਆਏ ਹਾਂ।*
*ਨਿਰੰਕਾਰ ਦਿੱਤਾ ਉਪਦੇਸ਼ ਸਾਰੇ ਜਗਤ ਲਈ,*
*ਅਸੀਂ ਉਸ ਦੇ ਅਰਥ ਸਮਝਾਉਣ ਆਏ ਹਾਂ।*
*ਸਦੀਆਂ ਤੋਂ ਸੁੱਤੀ ਜ਼ਮੀਰ ਹਿੰਦ ਵਾਸੀਆਂ ਦੀ,*
*ਕੁਰਬਾਨੀ ਦੇ ਕੇ ਸੰਸਾਰ ਜਗਾਉਣ ਆਏ ਹਾਂ।*
*ਉਚ ਨੀਚ ਤੇ ਜਾਤ ਪਾਤ ਵਿਚ ਵੰਡਿਆ ਨੂੰ,*
*ਸੁਰਜੀਤ ਸਿੰਘਾ! ਨਿਰੰਕਾਰ ਦੇ ਲੜ ਲਾਉਣ ਆਏ ਹਾਂ।*

■

੧. ਸ੍ਰੀ ਗੁਰੂ ਅਰਜਨ ਦੇਵ ਜੀ

*# ਮਕਾਨ ਨੰ-L-6, ੧੩੧੭ ਗਲੀ ਨੰਬਰ ੨, ਬਜ਼ਾਰ ਨੰਬਰ ੩, ਸ਼ਹੀਦ ਊਧਮ ਸਿੰਘ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੨੧੯੫-੪੭੫੬੩

*ਕਵਿਤਾ:*

# ਜਾਂਬਾਜ਼ ਯੋਧਾ: ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

*-ਕਵੀਸ਼ਰ ਮਲਕੀਤ ਸਿੰਘ ਵਰਪਾਲ**

*ਬਲੀ ਬਚਨ ਦਾ ਅਤੇ ਜਾਂਬਾਜ਼ ਯੋਧਾ,*
*ਜੇਤੂ ਰਣ ਦਾ ਅਖਵਾ ਗਿਆ ਜੱਸਾ ਸਿੰਘ ਰਾਮਗੜ੍ਹੀਆ।*
*ਹਰਿਦਾਸ ਸਿੰਘ ਦਾ ਪੋਤਰਾ, ਭਗਵਾਨ ਸਿੰਘ ਦਾ ਪੁੱਤ,*
*ਸੁੱਤੀ ਅਣਖ ਜਗਾ ਗਿਆ ਜੱਸਾ ਸਿੰਘ ਰਾਮਗੜ੍ਹੀਆ।*
*ਅੰਮ੍ਰਿਤਸਰ ਦੀ ਰਾਖੀ ਲਈ ਸੋਚ ਸੋਚੀ,*
*ਕਿਲ੍ਹਾ ਰਾਮਗੜ੍ਹ ਬਣਵਾ ਗਿਆ ਜੱਸਾ ਸਿੰਘ ਰਾਮਗੜ੍ਹੀਆ।*
*ਰਾਮਗੜ੍ਹੀਆ ਮਿਸਲ ਨੂੰ ਕਾਇਮ ਕੀਤਾ,*
*ਜਿਉਣਾ ਅਣਖ ਨਾਲ ਸਿਖਾ ਗਿਆ ਜੱਸਾ ਸਿੰਘ ਰਾਮਗੜ੍ਹੀਆ।*
*ਆਹਲੂਵਾਲੀਆ, ਬਘੇਲ ਸਿੰਘ ਨਾਲ ਰਲ ਕੇ,*
*ਜਿੱਤ ਦਿੱਲੀ ਜਤਾ ਗਿਆ ਜੱਸਾ ਸਿੰਘ ਰਾਮਗੜ੍ਹੀਆ।*
*ਜਿਹੜੀ ਦਿੱਲੀ ਨੇ ਪਰਖਾਂ ਵਿਚ ਪਾਇਆ ਸਾਨੂੰ,*
*ਉਸ ਦਿੱਲੀ ਵਿਚ ਛਾਅ ਗਿਆ ਜੱਸਾ ਸਿੰਘ ਰਾਮਗੜ੍ਹੀਆ।*
*ਜਿਹੜੇ ਤਖਤ ਬਹਿ ਕੇ ਹੁਕਮ ਚਲਾਉਣ ਪਾਪੀ,*
*ਮੱਥਾ ਓਸ ਨਾਲ ਲਾ ਗਿਆ ਜੱਸਾ ਸਿੰਘ ਰਾਮਗੜ੍ਹੀਆ।*
*ਤਖਤ-ਏ-ਤਾਊਸ ਨੂੰ ਹਾਥੀਆਂ ਮਗਰ ਪਾ ਕੇ,*
*ਅੰਮ੍ਰਿਤਸਰ ਲਿਆ ਗਿਆ ਜੱਸਾ ਸਿੰਘ ਰਾਮਗੜ੍ਹੀਆ।*
*ਮਿਸਲ ਰਾਮਗੜ੍ਹੀਆ ਸਦਾ ਲਈ ਚਮਕਦੀ ਰਹੇ,*
*ਦੋ ਮੀਨਾਰ ਬਣਵਾ ਗਿਆ ਜੱਸਾ ਸਿੰਘ ਰਾਮਗੜ੍ਹੀਆ।*
*ਅੱਖ ਚੁੱਕ ਜੋ ਪੰਥ ਦੇ ਵੱਲ ਆਇਆ,*
*ਮਿੱਟੀ ਵਿਚ ਮਿਲਾ ਗਿਆ ਜੱਸਾ ਸਿੰਘ ਰਾਮਗੜ੍ਹੀਆ।*
*ਸੀਨਾ ਚੀਰ ਪਹਾੜਾਂ ਤੇ ਬੇਲਿਆਂ ਦਾ,*
*ਸਿੱਖੀ ਤਾਈਂ ਰੁਸ਼ਨਾ ਗਿਆ ਜੱਸਾ ਸਿੰਘ ਰਾਮਗੜ੍ਹੀਆ।*
*ਮਲਕੀਤ ਸਿੰਘਾ! ਨਈਂ ਕਦੇ ਵੀ ਭੁੱਲ ਸਕਦੀ,*
*ਜਿਹੜੀ ਤੇਗ ਚਲਾ ਗਿਆ ਜੱਸਾ ਸਿੰਘ ਰਾਮਗੜ੍ਹੀਆ।*

■

** ਅਕਾਊਂਟ ਵਿਭਾਗ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ। ਮੋ. ੯੪੭੮੫-੦੫੯੦੦*

ਖ਼ਬਰਨਾਮਾ

## ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦਾ ਵਿੱਤੀ ਵਰ੍ਹੇ ੨੦੨੫-੨੬ ਲਈ ੧੩੮੬ ਕਰੋੜ ੪੭ ਲੱਖ ਰੁਪਏ ਦਾ ਬਜਟ ਜੈਕਾਰਿਆਂ ਦੀ ਗੂੰਜ ਵਿਚ ਪਾਸ

ਸ੍ਰੀ ਅੰਮ੍ਰਿਤਸਰ, ੨੮ ਮਾਰਚ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿੱਤੀ ਵਰ੍ਹੇ ੨੦੨੫-੨੬ ਲਈ ੧੩੮੬ ਕਰੋੜ ੪੭ ਲੱਖ ੮੦ ਹਜ਼ਾਰ ਰੁਪਏ ਦਾ ਬਜਟ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ। ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਏ ਬਜਟ ਇਜਲਾਸ ਦੀ ਪ੍ਰਧਾਨਗੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ, ਜਦਕਿ ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਨੇ ਬਜਟ ਪੇਸ਼ ਕੀਤਾ। ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਉਚੇਚੇ ਤੌਰ 'ਤੇ ਮੌਜੂਦ ਰਹੇ।

ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਇਸ ਸਾਲ ਪਾਸ ਕੀਤੇ ਗਏ ੧੩੮੬ ਕਰੋੜ ੪੭ ਲੱਖ ਰੁਪਏ ਦੇ ਬਜਟ ਵਿਚ ਪਿਛਲੇ ਸਾਲ ਨਾਲੋਂ ੯.੯੫ ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਨੇ ਬਜਟ ਪੇਸ਼ ਕਰਦਿਆਂ ਵੱਖ-ਵੱਖ ਵਿਭਾਗਾਂ ਅਤੇ ਅਦਾਰਿਆਂ ਲਈ ਹੋਣ ਵਾਲੀ ਆਮਦਨ ਦੇ ਵੇਰਵੇ ਸਾਂਝੇ ਕੀਤੇ ਅਤੇ ਭਵਿੱਖੀ ਕਾਰਜਾਂ ਲਈ ਰੱਖੀ ਗਈ ਰਾਸ਼ੀ ਦਾ ਖੁਲਾਸਾ ਕੀਤਾ। ਉਨ੍ਹਾਂ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਵੱਲੋਂ ਬੀਤੇ ਅਰਸੇ ਵਿਚ ਕੀਤੇ ਗਏ ਪੰਥਕ, ਵਿੱਦਿਅਕ, ਧਰਮ ਪ੍ਰਚਾਰ ਅਤੇ ਲੋਕ ਭਲਾਈ ਦੇ ਕਾਰਜਾਂ ਦੀ ਵੀ ਤਫਸੀਲ ਸਾਂਝੀ ਕੀਤੀ। ਸ. ਮੰਡਵਾਲਾ ਅਨੁਸਾਰ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਸਿੱਖ ਸੰਸਥਾ ਨੇ ਧਰਮ ਪ੍ਰਚਾਰ, ਵਿੱਦਿਆ ਦੇ ਪ੍ਰਚਾਰ-ਪ੍ਰਸਾਰ, ਪੰਥਕ ਕਾਰਜਾਂ ਅਤੇ ਲੋਕ ਭਲਾਈ ਵਾਸਤੇ ਅਹਿਮ ਕਾਰਜ ਕੀਤੇ ਹਨ ਅਤੇ ਇਸ ਵਾਰ ਵੀ ਬਜਟ ਵਿਚ ਇਨ੍ਹਾਂ ਖੇਤਰਾਂ ਲਈ ਵਿਸ਼ੇਸ਼ ਰਾਸ਼ੀ ਦਾ ਇੰਤਜਾਮ ਕੀਤਾ ਗਿਆ ਹੈ।

ਬਜਟ ਇਜਲਾਸ ਤੋਂ ਬਾਅਦ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਵੱਲੋਂ ਪੇਸ਼ ਕੀਤਾ ਗਿਆ ਬਜਟ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਵਾਲਾ ਹੈ ਅਤੇ ਇਸ ਵਿਚ ਸੰਗਤ ਲਈ ਸਹੂਲਤਾਂ ਦਾ ਖਾਸ ਧਿਆਨ ਰੱਖਿਆ ਗਿਆ ਹੈ। ਇਸ ਤਹਿਤ ਨਵੀਆਂ ਸਰਾਵਾਂ, ਸਿਹਤ ਅਤੇ ਸਿੱਖਿਆ ਸੇਵਾਵਾਂ ਵਿਚ ਪ੍ਰਭਾਵੀ ਵਾਧਾ ਅਤੇ ਧਰਮ ਪ੍ਰਚਾਰ ਖੇਤਰ ਅੰਦਰ ਨਵੀਂ ਸੋਧਾਂ ਤੇ ਸੇਧਾਂ ਸ਼ਾਮਲ ਕਰਕੇ ਬਿਹਤਰ ਨਤੀਜੇ ਹਾਸਲ ਕਰਨ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਇਸ ਸਾਲ ਧਰਮ ਪ੍ਰਚਾਰ ਕਮੇਟੀ ਦਾ ਬਜਟ ੧੧੦ ਕਰੋੜ ਰੁਪਏ,

ਜਦਕਿ ਗੁਰਦੁਆਰਾ ਸਾਹਿਬਾਨ ਦਾ ਬਜਟ ੧੦੬੨ ਕਰੋੜ ਰੁਪਏ ਹੈ। ਇਸੇ ਤਰ੍ਹਾਂ ਜਨਰਲ ਬੋਰਡ ਫੰਡ, ਟ੍ਰੱਸਟ ਫੰਡ, ਵਿੱਦਿਆ ਫੰਡ, ਖੇਡਾਂ, ਪ੍ਰਿੰਟਿੰਗ ਪ੍ਰੈੱਸਾਂ ਅਤੇ ਵਿੱਦਿਅਕ ਅਦਾਰਿਆਂ ਲਈ ਵਿਸ਼ੇਸ਼ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਥਕ ਭਲਾਈ ਕਾਰਜਾਂ ਲਈ ੪ ਕਰੋੜ ੯੫ ਲੱਖ ਰੁਪਏ, ਸਿੱਖ ਬੱਚਿਆਂ ਨੂੰ ਮੁਫਤ ਵਿੱਦਿਆ ਲਈ ੮ ਕਰੋੜ ੪੦ ਲੱਖ ਰੁਪਏ, ਖੇਡਾਂ ਲਈ ੩ ਕਰੋੜ ੯ ਲੱਖ ਰੁਪਏ, ਕੁਦਰਤੀ ਆਫ਼ਤਾਂ ਲਈ ੧ ਕਰੋੜ ੫੦ ਲੱਖ ਰੁਪਏ, ਵੱਖ-ਵੱਖ ਗੁਰਦੁਆਰਿਆਂ ਅੰਦਰ ਸਥਾਪਿਤ ਮੁਫ਼ਤ ਡਿਸਪੈਂਸਰੀਆਂ ਲਈ ੪੪ ਲੱਖ ਰੁਪਏ ਰੱਖੇ ਗਏ ਹਨ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਕੀ ਤੇ ਜੁਡੀਸ਼ੀਅਲ ਸੇਵਾਵਾਂ ਵਾਸਤੇ ਸਿੱਖ ਨੌਜਵਾਨਾਂ ਦੀ ਤਿਆਰੀ ਕਰਵਾਉਣ ਲਈ ਚੱਲ ਰਹੀ ਨਿਸ਼ਚੈ ਅਕੈਡਮੀ ਲਈ ੨ ਕਰੋੜ ੬੩ ਲੱਖ ਰੁਪਏ, ਅੰਮ੍ਰਿਤ ਸੰਚਾਰ ਲਈ ਭੇਟਾ ਰਹਿਤ ਕਕਾਰ ਦੇਣ ਵਾਸਤੇ ੧ ਕਰੋੜ ੯੫ ਲੱਖ ਰੁਪਏ ਰਾਖਵੇਂ ਕੀਤੇ ਹਨ। ਇਸੇ ਤਰ੍ਹਾਂ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਵਾਸਤੇ ੧ ਕਰੋੜ ੧੪ ਲੱਖ, ਬੰਦੀ ਸਿੰਘਾਂ ਦੇ ਮਾਮਲਿਆਂ ਲਈ ੬੦ ਲੱਖ ਰੁਪਏ, ਸਿਕਲੀਗਰ ਸਿੱਖਾਂ ਲਈ ੬੦ ਲੱਖ ਰੁਪਏ, ਅੰਮ੍ਰਿਤਧਾਰੀ ਵਿਦਿਆਰਥੀਆਂ ਦੀਆਂ ਫੀਸਾਂ ਲਈ ੨ ਕਰੋੜ ੫੦ ਲੱਖ ਰੁਪਏ, ਅੰਮ੍ਰਿਤਧਾਰੀ ਲੜਕੀਆਂ ਨੂੰ ਮੁਫ਼ਤ ਵਿਦਿਆ ਲਈ ੨ ਕਰੋੜ ਰੁਪਏ, ਮੀਰੀ ਪੀਰੀ ਮੈਡੀਕਲ ਕਾਲਜ ਹਰਿਆਣਾ ਲਈ ੮ ਕਰੋੜ ਰੁਪਏ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਲਈ ੮ ਕਰੋੜ ਰੁਪਏ ਖਰਚੇ ਜਾਣਗੇ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਬਜਟ ਦਾ ਮੁੱਖ ਸਰੋਤ ਸੰਗਤ ਵੱਲੋਂ ਭੇਟਾ ਕੀਤੀ ਜਾਂਦੀ ਰਾਸ਼ੀ ਅਤੇ ਦਸਵੰਧ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦੋ-ਤਿੰਨ ਸਾਲਾਂ ਤੋਂ ਬਜਟ ਦੀ ਅਨੁਮਾਨਿਤ ਰਾਸ਼ੀ ਤੋਂ ਵਾਧਾ ਦਰਜ ਕੀਤਾ ਜਾ ਰਿਹਾ ਹੈ, ਜੋ ਖਰਚਿਆਂ ਨੂੰ ਲੋੜ-ਅਨੁਸਾਰ ਅਤੇ ਨਿਯਮਿਤ ਕਰਨ ਦਾ ਨਤੀਜਾ ਹੈ। ਉਨ੍ਹਾਂ ਵਚਨਬੱਧਤਾ ਪ੍ਰਗਟਾਈ ਕਿ ਸਿੱਖ ਸੰਸਥਾ ਦੇ ਕਾਰਜ ਸੰਗਤ ਦੀ ਭਾਵਨਾ ਅਨੁਸਾਰ ਜਾਰੀ ਰੱਖੇ ਜਾਣਗੇ ਅਤੇ ਖਾਸ ਕਰਕੇ ਸੰਗਤੀ ਸਹੂਲਤਾਂ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਿਆਂ ਕਿਹਾ ਕਿ ਜਦੋਂ ਸਰਕਾਰਾਂ ਵਿੱਦਿਆ ਦੇ ਪ੍ਰਸਾਰ ਲਈ ਫੇਲ੍ਹ ਸਾਬਤ ਹੋ ਰਹੀਆਂ ਹਨ ਤਾਂ ਅਜਿਹੇ ਸਮੇਂ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦਾ ਸਮਾਜ ਅੰਦਰ ਇਸ ਖੇਤਰ ਵਿਚ ਯੋਗਦਾਨ ਵੱਡੇ ਮਹੱਤਵ ਵਾਲਾ ਹੈ, ਇਸੇ ਲਈ ਬਜਟ ਵਿਚ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਵੱਡੀ ਰਾਸ਼ੀ ਰੱਖੀ ਗਈ ਹੈ।

ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਬਜਟ ਇਜਲਾਸ ਦੌਰਾਨ ਕੁਝ ਮੈਂਬਰਾਂ ਵੱਲੋਂ ਕੀਤੇ ਗਏ ਸ਼ੋਰ-ਸ਼ਰਾਬੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਅਜਿਹਾ ਵਰਤਾਰਾ ਠੀਕ ਨਹੀਂ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਉਹ ਹਰ ਇੱਕ ਦੇ ਵਿਚਾਰ ਦਾ ਸਤਿਕਾਰ ਪਰੰਤੂ ਇਹ ਮਰਯਾਦਾ ਅਤੇ ਨਿਯਮਾਂ ਵਿਚ ਰਹਿ ਕੇ ਹੋਣਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਬਾਰੇ ਚੱਲ ਰਹੀ ਚਰਚਾ ਨੂੰ ਉਨ੍ਹਾਂ ਨੇ ਖੁਦ ਏਜੰਡੇ

ਉੱਤੇ ਲੈ ਕੇ ਗੱਲ ਕਰਨੀ ਚਾਹੀ ਸੀ ਪਰੰਤੂ ਕੁਝ ਮੈਂਬਰਾਂ ਨੇ ਉਨ੍ਹਾਂ ਦੀ ਗੱਲ ਸੁਣਨੀ ਮੁਨਾਸਿਬ ਨਾ ਸਮਝੀ ਅਤੇ ਉਹ ਮਰਯਾਦਾ ਵਿਰੁੱਧ ਜਾ ਕੇ ਰੌਲਾ ਪਾਉਂਦੇ ਰਹੇ। ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਜਥੇਦਾਰਾਂ ਦੀ ਨਿਯੁਕਤੀ, ਅਧਿਕਾਰ ਖੇਤਰ ਅਤੇ ਸੇਵਾਮੁਕਤੀ ਬਾਰੇ ਨਿਯਮ ਬਣਾਉਣ ਲਈ ਉਹ ਖੁਦ ਸੰਜੀਦਾ ਹਨ ਇਸੇ ਲਈ ਇਜਲਾਸ ਵਿਚ ਇਸ ਸੰਬੰਧੀ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਜਲਦ ਹੀ ਇਸ ਬਾਰੇ ਸੁਝਾਅ ਲਏ ਜਾਣਗੇ ਅਤੇ ਗਠਤ ਕੀਤੀ ਜਾਣ ਵਾਲੀ ਕਮੇਟੀ ਰਾਹੀਂ ਇਨ੍ਹਾਂ ਨੂੰ ਵਿਚਾਰ ਕੇ ਇੱਕ ਨੀਤੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਪੰਥ ਦਾ ਸੰਜੀਦਾ ਮਾਮਲਾ ਹੈ ਜਿਸ ਉੱਤੇ ਉਹ ਹਰ ਇੱਕ ਨਾਲ ਵਿਚਾਰ ਕਰਨ ਨੂੰ ਤਿਆਰ ਹਨ ਪਰੰਤੂ ਇਹ ਜਾਬਤੇ ਵਿਚ ਰਹਿ ਕੇ ਹੋਵੇ। ਉਨ੍ਹਾਂ ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਸਹਿਯੋਗ ਕਰਨ ਅਤੇ ਇੱਕ ਭਰੋਸੇ ਨਾਲ ਇਸ ਮਾਮਲੇ ਦੇ ਹੱਲ ਵੱਲ ਵਧਣ।

ਜਨਰਲ ਇਜਲਾਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ, ਸ. ਅਮਰੀਕ ਸਿੰਘ ਵਿਛੋਆ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਪਰਮਜੀਤ ਸਿੰਘ ਖ਼ਾਲਸਾ, ਸ. ਸੁਰਜੀਤ ਸਿੰਘ ਗੜ੍ਹੀ, ਸ. ਬਲਦੇਵ ਸਿੰਘ ਕਾਇਮਪੁਰ, ਸ. ਦਲਜੀਤ ਸਿੰਘ ਭਿੰਡਰ, ਸ. ਸੁਖਹਰਪ੍ਰੀਤ ਸਿੰਘ ਰੋਡੇ, ਸ. ਰਵਿੰਦਰ ਸਿੰਘ ਖ਼ਾਲਸਾ, ਸ. ਜਸਵੰਤ ਸਿੰਘ ਪੁੜੈਣ ਤੇ ਸ. ਪਰਮਜੀਤ ਸਿੰਘ ਰਾਏਪੁਰ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸ. ਅਲਵਿੰਦਰਪਾਲ ਸਿੰਘ ਪੱਖੋਕੇ, ਬੀਬੀ ਜਗੀਰ ਕੌਰ, ਮੈਂਬਰ ਸ. ਅਮਰੀਕ ਸਿੰਘ ਜਨੈਤਪੁਰ, ਸ. ਹਰਪਾਲ ਸਿੰਘ ਪਾਲੀ, ਬੀਬੀ ਅਮਰਜੀਤ ਕੌਰ, ਸ. ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਸ. ਜਗਸੀਰ ਸਿੰਘ ਮਾਂਗੇਆਣਾ, ਸ. ਗੁਰਪਾਲ ਸਿੰਘ ਗੋਰਾ, ਬੀਬੀ ਕਿਰਨਵੀਰ ਕੌਰ, ਸ. ਨਤਵੇਜ ਸਿੰਘ ਕਾਉਣੀ, ਸ. ਕੌਰ ਸਿੰਘ ਬਹਾਵਵਾਲਾ, ਬੀਬੀ ਪਰਮਿੰਦਰ ਕੌਰ, ਸ. ਸੂਬਾ ਸਿੰਘ ਡੱਬਵਾਲਾ, ਸ. ਦਰਸ਼ਨ ਸਿੰਘ ਬਰਾੜ, ਸ. ਪ੍ਰੀਤਮ ਸਿੰਘ ਮਲਸੀਹਾਂ, ਸ. ਦਰਸ਼ਨ ਸਿੰਘ ਸ਼ੇਰਖਾਂ, ਸ. ਬਲਵਿੰਦਰ ਸਿੰਘ ਭੰਮਾਂਲੰਡਾ, ਸ. ਸਤਪਾਲ ਸਿੰਘ ਤਲਵੰਡੀ ਭਾਈ, ਬੀਬੀ ਜਸਵਿੰਦਰ ਕੌਰ ਜ਼ੀਰਾ, ਸ. ਗੁਰਮੀਤ ਸਿੰਘ ਬੂਹ, ਬੀਬੀ ਨਰਿੰਦਰ ਕੌਰ, ਸ. ਗੁਰਮੇਲ ਸਿੰਘ ਸੰਗਤਪੁਰਾ, ਸ. ਤਰਸੇਮ ਸਿੰਘ ਰੱਤੀਆਂ, ਬੀਬੀ ਜਸਵਿੰਦਰ ਕੌਰ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਸ. ਮੇਜਰ ਸਿੰਘ ਮਹਿਰਾਜ, ਬੀਬੀ ਜਸਪਾਲ ਕੌਰ, ਬੀਬੀ ਜੋਗਿੰਦਰ ਕੌਰ ਬਠਿੰਡਾ, ਸ. ਮੋਹਨ ਸਿੰਘ ਬੰਗੀ, ਸ. ਸੁਰਜੀਤ ਸਿੰਘ ਰਾਏਪੁਰ, ਸ. ਮਿੱਠੂ ਸਿੰਘ ਕਾਹਨੇਕੇ, ਬਾਬਾ ਬੂਟਾ ਸਿੰਘ, ਸ. ਗੁਰਪ੍ਰੀਤ ਸਿੰਘ ਝੱਬਰ, ਬੀਬੀ ਪਰਮਜੀਤ ਕੌਰ, ਸ. ਇੰਦਰਮੋਹਨ ਸਿੰਘ ਲਖਮੀਰਵਾਲਾ, ਬੀਬੀ ਜਸਪਾਲ ਕੌਰ, ਸ. ਮਲਕੀਤ ਸਿੰਘ ਚੰਗਾਲ, ਸ. ਬਲਦੇਵ ਸਿੰਘ ਚੂੰਘਾ, ਸੰਤ ਬਲਬੀਰ ਸਿੰਘ ਘੁੰਨਸ, ਬੀਬੀ ਸ਼ਰਨਜੀਤ ਕੌਰ, ਸ. ਭੁਪਿੰਦਰ ਸਿੰਘ ਭਲਵਾਨ, ਸ.

ਹਰਦੇਵ ਸਿੰਘ ਰੋਂਗਲਾ, ਬੀਬੀ ਮਲਕੀਤ ਕੌਰ ਕਮਾਲਪੁਰ, ਬੀਬੀ ਹਰਦੀਪ ਕੌਰ, ਸ. ਸਤਵਿੰਦਰ ਸਿੰਘ ਟੌਹੜਾ, ਸ. ਜਰਨੈਲ ਸਿੰਘ ਕਰਤਾਰਪੁਰ, ਬੀਬੀ ਕੁਲਦੀਪ ਕੌਰ ਟੌਹੜਾ, ਸ. ਨਿਰਮੈਲ ਸਿੰਘ ਜੌਲਾਂ, ਬਾਬਾ ਗੁਰਪ੍ਰੀਤ ਸਿੰਘ, ਸ. ਅਵਤਾਰ ਸਿੰਘ ਰਿਆ, ਸ. ਦਵਿੰਦਰ ਸਿੰਘ ਖੱਟੜਾ, ਸ. ਰਘਬੀਰ ਸਿੰਘ ਸਹਾਰਨ ਮਾਜਰਾ, ਸ. ਚਰਨ ਸਿੰਘ ਆਲਮਗੀਰ, ਸ. ਹਰਪਾਲ ਸਿੰਘ ਜੱਲਾ, ਸ. ਗੁਰਪ੍ਰੀਤ ਸਿੰਘ ਗਰਚਾ, ਸ. ਜਗਜੀਤ ਸਿੰਘ ਤਲਵੰਡੀ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਕੇਵਲ ਸਿੰਘ ਬਾਦਲ, ਸ. ਬਲਵਿੰਦਰ ਸਿੰਘ ਬੈਂਸ, ਬੀਬੀ ਰਜਿੰਦਰ ਕੌਰ, ਸ. ਰਣਜੀਤ ਸਿੰਘ ਮੰਗਲੀ, ਸ. ਸਰਬੰਸ ਸਿੰਘ ਮਾਣਕੀ, ਬੀਬੀ ਹਰਜਿੰਦਰ ਕੌਰ, ਸ. ਗੁਰਬਖ਼ਸ਼ ਸਿੰਘ ਖਾਲਸਾ, ਸ. ਸੁਖਦੇਵ ਸਿੰਘ ਭੌਰ, ਬੀਬੀ ਦਵਿੰਦਰ ਕੌਰ ਕਾਲੜਾ, ਸ. ਰਣਜੀਤ ਸਿੰਘ ਕਾਹਲੋਂ, ਬੀਬੀ ਗੁਰਪ੍ਰੀਤ ਕੌਰ, ਸ. ਬਲਜੀਤ ਸਿੰਘ ਜਲਾਲਉਸਮਾਂ, ਸ. ਅਮਰਜੀਤ ਸਿੰਘ ਭਲਾਈਪੁਰ, ਸ. ਬਲਵਿੰਦਰ ਸਿੰਘ ਵੇਂਈਪੂਈਂ, ਸ. ਗੁਰਬਚਨ ਸਿੰਘ ਕਰਮੂੰਵਾਲਾ, ਸ. ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਜਿੰਦਰ ਕੌਰ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਗੁਰਿੰਦਰਪਾਲ ਸਿੰਘ ਰਣੀਕੇ, ਸ. ਹਰਜਾਪ ਸਿੰਘ ਸੁਲਤਾਨਵਿੰਡ, ਭਾਈ ਰਾਜਿੰਦਰ ਸਿੰਘ ਮਹਿਤਾ, ਸ. ਬਾਵਾ ਸਿੰਘ ਗੁਮਾਨਪੁਰਾ, ਬੀਬੀ ਕਿਰਨਜੋਤ ਕੌਰ, ਸ. ਸੁਰਜੀਤ ਸਿੰਘ ਭਿੱਟੇਵੱਡ, ਬੀਬੀ ਬਲਵਿੰਦਰ ਕੌਰ ਲੋਪੋਕੇ, ਸ. ਜੋਧ ਸਿੰਘ ਸਮਰਾ, ਬੀਬੀ ਸਵਰਨ ਕੌਰ ਤੇੜਾ, ਸ. ਅਮਰਜੀਤ ਸਿੰਘ ਬੰਡਾਲਾ, ਸ. ਭਗਵੰਤ ਸਿੰਘ ਸਿਆਲਕਾ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਗੁਰਨਾਮ ਸਿੰਘ ਜੱਸਲ, ਸ. ਅਮਰੀਕ ਸਿੰਘ ਸ਼ਾਹਪੁਰ, ਬੀਬੀ ਜੋਗਿੰਦਰ ਕੌਰ, ਬੀਬੀ ਜਸਵੀਰ ਕੌਰ ਜੱਫਰਵਾਲ, ਸ. ਰਵਿੰਦਰ ਸਿੰਘ ਚੱਕ, ਸ. ਸੁਰਿੰਦਰ ਸਿੰਘ ਠੇਕੇਦਾਰ, ਸ. ਜੰਗ ਬਹਾਦਰ ਸਿੰਘ ਰਾਏ, ਭਾਈ ਅਮਰਜੀਤ ਸਿੰਘ ਚਾਵਲਾ, ਸ. ਪਰਮਜੀਤ ਸਿੰਘ ਲੱਖੇਵਾਲ, ਸ. ਅਜਮੇਰ ਸਿੰਘ ਖੇੜਾ, ਸ. ਚਰਨਜੀਤ ਸਿੰਘ ਕਾਲੇਵਾਲ, ਬੀਬੀ ਪਰਮਜੀਤ ਕੌਰ ਲਾਂਡਰਾਂ, ਭਾਈ ਰਾਮ ਸਿੰਘ, ਸ. ਜਗਤਾਰ ਸਿੰਘ ਰੋਡੇ, ਸ. ਸੁਰਜੀਤ ਸਿੰਘ ਕੰਗ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਸ. ਗੁਰਮਿੰਦਰ ਸਿੰਘ ਮਠਾਰੂ, ਬੀਬੀ ਸੁਖਵਿੰਦਰ ਕੌਰ ਸਮੇਤ ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਨਿੱਜੀ ਸਕੱਤਰ ਸ. ਸ਼ਾਹਬਾਜ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਤੇ ਸੇਵਾ-ਮੁਕਤੀ ਸੰਬੰਧੀ ਨਿਯਮਾਵਲੀ ਬਣਾਉਣ ਲਈ ਸ਼੍ਰੋਮਣੀ ਗੁ. ਪ੍ਰ. ਕਮੇਟੀ ਨੇ ਪੰਥ ਤੋਂ ਮੰਗੇ ਸੁਝਾਅ

ਸ੍ਰੀ ਅੰਮ੍ਰਿਤਸਰ, ੨੯ ਮਾਰਚ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ, ਜ਼ਿੰਮੇਵਾਰੀਆਂ ਅਤੇ ਸੇਵਾ-ਮੁਕਤੀ ਸੰਬੰਧੀ

ਨਿਯਮ ਨਿਰਧਾਰਤ ਕਰਨ ਲਈ ਸਿੱਖ ਪੰਥ ਦੀਆਂ ਸਮੂਹ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਆਲਮੀ ਸਿੱਖ ਸੰਸਥਾਵਾਂ, ਸਿੰਘ ਸਭਾਵਾਂ, ਦੀਵਾਨਾਂ, ਸਭਾ-ਸੁਸਾਇਟੀਆਂ ਅਤੇ ਦੇਸ਼ ਵਿਦੇਸ਼ ਵਿਚ ਵੱਸਦੇ ਵਿਦਵਾਨਾਂ ਤੇ ਬੁੱਧੀਜੀਵੀਆਂ ਨੂੰ ਆਪਣੇ ਸੁਝਾਅ ਭੇਜਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਇਹ ਚਿਰੋਕਣੀ ਮੰਗ ਰਹੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਦੇ ਸਤਿਕਾਰ ਅਤੇ ਮਹੱਤਵ ਦੇ ਮੱਦੇਨਜ਼ਰ ਸੇਵਾ ਨਿਯਮ ਤੈਅ ਕੀਤੇ ਜਾਣ, ਜਿਸ ਨੂੰ ਲੈ ਕੇ ਬੀਤੇ ਕੱਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਸਿਧਾਂਤਕ ਪ੍ਰਵਾਨਗੀ ਦਾ ਮਤਾ ਪਾਸ ਕੀਤਾ ਗਿਆ ਹੈ। ਇਸ ਮਤੇ ਦੀ ਭਾਵਨਾ ਅਨੁਸਾਰ ਜਥੇਦਾਰ ਸਾਹਿਬ ਦੀ ਨਿਯੁਕਤੀ, ਸੇਵਾਵਾਂ ਅਤੇ ਸੇਵਾ-ਮੁਕਤੀ ਬਾਰੇ ਕੌਮ ਦੀਆਂ ਸਮੁੱਚੀਆਂ ਜਥੇਬੰਦੀਆਂ ਤੇ ਸੰਸਥਾਵਾਂ ਦੇ ਨਾਲ ਨਾਲ ਸਿੱਖ ਬੁੱਧੀਜੀਵੀਆਂ ਦੇ ਵਿਚਾਰ ਮਹੱਤਵਪੂਰਨ ਹਨ। ਇਸ ਲਈ ੨੦ ਅਪ੍ਰੈਲ, ੨੦੨੫ ਈ. ਤਕ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਪਾਸ ਆਪਣੇ ਸੁਝਾਅ ਭੇਜੇ ਜਾਣ ਤਾਂ ਜੋ ਇਨ੍ਹਾਂ ਨੂੰ ਵਿਚਾਰ ਕੇ ਸੇਵਾ ਨਿਯਮਾਂ ਵਾਸਤੇ ਇੱਕ ਸਾਂਝੀ ਕੌਮੀ ਰਾਇ ਬਣਾਈ ਜਾ ਸਕੇ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਇਹ ਸੁਝਾਅ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਨੂੰ ਦਸਤੀ ਰੂਪ ਵਿਚ ਜਾਂ ਅਧਿਕਾਰਤ ਈਮੇਲ info@sgpc.net ਅਤੇ ਵਟਸਐਪ ਨੰਬਰ ੭੭੧੦੧-੩੬੨੦੦ 'ਤੇ ਭੇਜੇ ਜਾਣ।

## ਸਿੱਖ ਮਾਮਲਿਆਂ ਵਿਚ ਦਖ਼ਲ ਦੇਣ ਦੀ ਥਾਂ ਸੂਬੇ ਦੇ ਹਾਲਾਤ ਵੱਲ ਧਿਆਨ ਦੇਵੇ ਪੰਜਾਬ ਸਰਕਾਰ- ਐਡ. ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨੯ ਮਾਰਚ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖ ਮਸਲਿਆਂ ਵਿਚ ਦਖਲਅੰਦਾਜ਼ੀ ਦਾ ਕਰੜਾ ਨੋਟਿਸ ਲੈਂਦਿਆਂ ਸਰਕਾਰ ਨੂੰ ਨਸੀਹਤ ਦਿੱਤੀ ਹੈ ਕਿ ਉਹ ਆਪਣੇ ਅਧਿਕਾਰ ਖੇਤਰ ਵਿਚ ਰਹਿ ਕੇ ਸੂਬੇ ਦੇ ਹਾਲਾਤ ਸੁਧਾਰਨ ਵੱਲ ਧਿਆਨ ਦੇਵੇ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਵੱਲੋਂ ਵਿਧਾਨ ਸਭਾ ਅੰਦਰ ਜਾਣਬੁੱਝ ਕੇ ਨੀਤੀਗਤ ਢੰਗ ਨਾਲ ਸਿੱਖ ਮਾਮਲਿਆਂ ਵਿਚ ਦਖਲ ਦੀ ਕਰੜੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਮਸਲੇ ਸਿੱਖ ਖ਼ੁਦ ਹੱਲ ਕਰਨਾ ਜਾਣਦੇ ਹਨ ਅਤੇ ਇਨ੍ਹਾਂ ਮਸਲਿਆਂ ਵਿਚ ਸਰਕਾਰਾਂ ਵੱਲੋਂ ਦਖਲਅੰਦਾਜ਼ੀ ਕੌਮੀ ਭਾਵਨਾਵਾਂ ਨੂੰ ਵੱਡੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਦਾਇਰੇ ਵਿਚ ਰਹਿ ਕੇ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਸੂਬੇ ਦੀ ਹਰ ਖੇਤਰ ਵਿਚ ਨਿਘਰਦੀ ਹਾਲਾਤ ਨੂੰ ਸੁਧਾਰਨ ਵੱਲ ਧਿਆਨ ਦੇਵੇ ਨਾ ਕਿ ਸਿੱਖ ਮਸਲਿਆਂ ਵਿਚ ਦਖਲਅੰਦਾਜ਼ੀ ਕਰ ਕੇ ਲੋਕਾਂ ਦਾ ਧਿਆਨ ਭਟਕਾਏ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਦੇ ਲੋਕ ਵੱਖ-ਵੱਖ ਸਹੂਲਤਾਂ ਨੂੰ ਤਰਸ ਰਹੇ ਹਨ ਜਦਕਿ ਸਰਕਾਰ ਦੇ ਨੁਮਾਇੰਦੇ ਆਪਣੇ ਅਧਿਕਾਰ

ਖੇਤਰ ਤੋਂ ਪਰ੍ਹਾਂ ਜਾ ਕੇ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਨੂੰ ਉਛਾਲ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਸਿੱਖ ਮਸਲਿਆਂ ਵਿਚ ਜੇਕਰ ਏਨੀ ਹੀ ਦਿਲਚਸਪੀ ਹੈ ਤਾਂ ਇਹ ਬੰਦੀ ਸਿੰਘਾਂ ਦਾ ਮਸਲਾ ਹੱਲ ਕਰਵਾਉਣ, ਜਿਸ ਵਿਚ ਦਿੱਲੀ ਅੰਦਰ ਇਨ੍ਹਾਂ ਦੀ ਦਸ ਸਾਲ ਸਰਕਾਰ ਹੁੰਦਿਆਂ ਇਹ ਵਿਰੋਧ 'ਚ ਹੀ ਭੁਗਤੇ ਹਨ। ਉਨ੍ਹਾਂ ਆਖਿਆ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਿੱਲੀ ਦੀ ਸਰਕਾਰ ਦੇ ਹੱਥ ਵਿਚ ਸੀ ਜਿਸ ਪ੍ਰਤੀ ਇਨ੍ਹਾਂ ਨੇ ਜਾਣਬੁੱਝ ਕੇ ਨਕਾਰਾਤਮਕ ਰਵੱਈਆ ਅਖਤਿਆਰ ਕਰੀ ਰੱਖਿਆ। ਉਨ੍ਹਾਂ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੂੰ ਨਸੀਹਤ ਦਿੱਤੀ ਕਿ ਉਹ ਆਪਣੇ ਅਧਿਕਾਰ ਖੇਤਰ ਤਕ ਸੀਮਤ ਰਹੇ ਅਤੇ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਨਾ ਦੇਵੇ।

## ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਪਾਕਿਸਤਾਨ ਹਾਈ ਕਮਿਸ਼ਨ ਦੇ ਮੁੱਖ ਕਮਿਸ਼ਨਰ ਸਾਦ ਅਹਿਮਦ ਵੜੈਚ ਨੂੰ ਲਿਖਿਆ ਪੱਤਰ

ਸ੍ਰੀ ਅੰਮ੍ਰਿਤਸਰ, ੧੦ ਅਪ੍ਰੈਲ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖ ਸ਼ਰਧਾਲੂਆਂ ਨੂੰ ਖੁੱਲਦਿਲ੍ਹੀ ਨਾਲ ਵੀਜ਼ੇ ਦੇਣ ਲਈ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਦੇ ਮੁੱਖ ਕਮਿਸ਼ਨਰ ਸਾਦ ਅਹਿਮਦ ਵੜੈਚ ਨੂੰ ਪੱਤਰ ਲਿੱਖ ਕੇ ਧੰਨਵਾਦ ਕੀਤਾ ਹੈ। ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਲਿਖੇ ਪੱਤਰ ਵਿਚ ਕਿਹਾ ਗਿਆ ਕਿ ਖੁਸ਼ੀ ਦੀ ਗੱਲ ਹੈ ਕਿ ਖਾਲਸਾ ਸਾਜਨਾ ਦਿਵਸ (ਵੈਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੀ ਗਈ ੧੯੪੨ ਨਾਵਾਂ ਵਾਲੀ ਸੂਚੀ ਅਨੁਸਾਰ ਸਾਰੇ ਵੀਜੇ ਜਾਰੀ ਕੀਤੇ ਗਏ ਹਨ। ਇਸ ਸਹਿਯੋਗ ਨੇ ਸਿੱਖ ਸ਼ਰਧਾਲੂਆਂ ਨੂੰ ਆਪਣੇ ਇਤਿਹਾਸਿਕ ਤੇ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕੀਤਾ ਹੈ। ਅਜਿਹਾ ਫੈਸਲਾ ਨਾ ਕੇਵਲ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਾ ਹੈ, ਸਗੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੱਭਿਆਚਾਰਕ ਤੇ ਭਾਈਚਾਰਕ ਸੰਬੰਧਾਂ ਨੂੰ ਮਜ਼ਬੂਤ ਕਰਨ ਵਿਚ ਵੀ ਅਹਿਮ ਯੋਗਦਾਨ ਹੈ। ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਮੁੱਖ ਕਮਿਸ਼ਨਰ ਸਾਦ ਅਹਿਮਦ ਵੜੈਚ ਅਤੇ ਉਨ੍ਹਾਂ ਦੀ ਟੀਮ ਦੇ ਇਸ ਸਾਰਥਿਕ ਉੱਦਮ ਦੀ ਸ਼ਲਾਘਾ ਕਰਦਿਆਂ ਲਿਖਿਆ ਕਿ ਤੁਹਾਡੇ ਦੁਆਰਾ ਦਿੱਤਾ ਗਿਆ ਸਹਿਯੋਗ ਹਮੇਸ਼ਾ ਸਤਿਕਾਰ ਨਾਲ ਯਾਦ ਰੱਖਿਆ ਜਾਵੇਗਾ। ਉਨ੍ਹਾਂ ਸਿੱਖ ਸ਼ਰਧਾਲੂਆਂ ਨੂੰ ਵੱਡੀ ਗਿਣਤੀ ਵਿਚ ਵੀਜ਼ੇ ਦੇਣ ਅਤੇ ਯੋਗ ਪ੍ਰਬੰਧ ਕਰਨ ਲਈ ਪਾਕਿਸਤਾਨ ਸਰਕਾਰ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ। ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਆਸ ਪ੍ਰਗਟਾਈ ਕਿ ਭਵਿੱਖ ਵਿਚ ਵੀ ਇਸੇ ਤਰ੍ਹਾਂ ਸਹਿਯੋਗ ਜਾਰੀ ਰਹੇਗਾ, ਜਿਸ ਨਾਲ ਸਿੱਖ ਭਾਈਚਾਰੇ ਨੂੰ ਆਪਣੀ ਵਿਰਾਸਤ ਨਾਲ ਜੋੜਨ ਅਤੇ ਗੁਰਧਾਮਾਂ ਦੇ ਦਰਸ਼ਨਾਂ ਦਾ ਮੌਕਾ ਮਿਲਦਾ ਰਹੇ।

# ਦਾਖ਼ਲਾ ਸੂਚਨਾ

## ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ

ਦੇ ਪ੍ਰਬੰਧ ਅਧੀਨ ਚੱਲ ਰਹੀਆਂ ਧਾਰਮਿਕ ਵਿੱਦਿਅਕ ਸੰਸਥਾਵਾਂ ਵਿਚ **ਗੁਰਮਤਿ ਸੰਗੀਤ, ਤਬਲਾ, ਗ੍ਰੰਥੀ ਅਤੇ ਪ੍ਰਚਾਰਕ ਕਲਾਸ** ਦੇ ਦਾਖਲੇ ਲਈ 10+2 ਪਾਸ ਅੰਮ੍ਰਿਤਧਾਰੀ, ਪੰਥਕ ਤੇ ਉਸਾਰੂ ਸੋਚ ਰੱਖਣ ਵਾਲੇ ਉਮੀਦਵਾਰਾਂ ਤੋਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਉਮੀਦਵਾਰ ਦੀ ਉਮਰ ਮਿਤੀ 31-05-2025 ਨੂੰ 22 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਚੁਣੇ ਗਏ ਉਮੀਦਵਾਰਾਂ ਨੂੰ 1500/- ਅੱਖਰੀਂ ਪੰਦਰਾਂ ਸੌ ਰੁਪਏ ਕੇਵਲ ਪ੍ਰਤੀ ਮਹੀਨਾ ਵਜ਼ੀਫੇ ਤੋਂ ਇਲਾਵਾ ਮੁਫਤ ਵਿੱਦਿਆ ਅਤੇ ਰਿਹਾਇਸ਼ ਦਿੱਤੀ ਜਾਵੇਗੀ।

1. **ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ, ਗੁਰੂ ਕੀ ਵਡਾਲੀ (ਸ੍ਰੀ ਅੰਮ੍ਰਿਤਸਰ)**
   **ਸੈਸ਼ਨ: 2025-27 ਕੋਰਸ: ਢਾਡੀ ਅਤੇ ਕਵੀਸ਼ਰ**
   **ਸੰਪਰਕ ਨੰ. 94630-94017, 87290-83111, E-mail: gsssdkgmc@gmail.com**
2. **ਸੰਤ ਕਰਤਾਰ ਸਿੰਘ ਜੀ ਖਾਲਸਾ ਸਿੱਖ ਮਿਸ਼ਨਰੀ ਕਾਲਜ, ਭੂਰਾ ਕੋਹਨਾ (ਤਰਨ ਤਾਰਨ)**
   **ਸੈਸ਼ਨ 2025-28 ਕੋਰਸ: ਪ੍ਰਚਾਰਕ, ਸੰਗੀਤ, ਤਬਲਾ**
   **ਸੰਪਰਕ ਨੰ. 98148-98239, 98145-63771, E-mail: sksksmcollege@gmail.com**
3. **ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਸੁਲਤਾਨਪੁਰ ਲੋਧੀ (ਕਪੂਰਥਲਾ)**
   **ਸੈਸ਼ਨ: 2025-28 ਕੋਰਸ: ਪ੍ਰਚਾਰਕ, ਸੰਗੀਤ, ਤਬਲਾ**
   **ਸੰਪਰਕ ਨੰ. 98552-04947, 90561-56158**
   **E-mail: bebenankicollegesultanpurlodhi@gmail.com**
4. **ਸ. ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ, ਕਾਲਾ ਮਲ੍ਹਾ, ਛਾਪਾ, (ਬਰਨਾਲਾ)**
   **ਸੈਸ਼ਨ: 2025-27 ਕੋਰਸ: ਸੰਗੀਤ ਅਤੇ ਤਬਲਾ**
   **ਸੰਪਰਕ ਨੰ. 98767-89140, 95921-95874**
   **E-mail: sangeet.sanstha.kalamalha@gmail.com**
5. **ਸ੍ਰੀ ਗੁਰੂ ਰਾਮਦਾਸ ਗੁਰਮਤਿ ਸੰਗੀਤ ਵਿਦਿਆਲਾ, ਰੇਲਵੇ ਕਲੋਨੀ, ਰੋਜਾ, ਸ਼ਾਹਜਹਾਨਪੁਰ (ਯੂ. ਪੀ.)**
   **ਸੈਸ਼ਨ: 2025-27 ਕੋਰਸ: ਸੰਗੀਤ, ਤਬਲਾ ਅਤੇ ਗ੍ਰੰਥੀ**
   **ਸੰਪਰਕ ਨੰ. 98070-40300, 086044-97082, E-mail: gurmatsangeetvidyala@gmail.com**
6. **ਸ੍ਰੀ ਗੁਰੂ ਨਾਨਕ ਦੇਵ ਗੁਰਮਤਿ ਵਿਦਿਆਲਾ, ਰਾਵਾ ਭਾਟਾ, ਬਿਲਾਸਪੁਰ ਰੋਡ, ਰਾਏਪੁਰ (ਛੱਤੀਸਗੜ੍ਹ)**
   **ਸੈਸ਼ਨ: 2025-28 ਕੋਰਸ: ਗ੍ਰੰਥੀ**
   **ਸੰਪਰਕ ਨੰ. 95922-18227, 79742-27701, E-mail: gndgvidialaraipur00@gmail.com**

**ਉਮੀਦਵਾਰ ਦਾਖ਼ਲਾ ਫਾਰਮ ਸੰਬੰਧਿਤ ਸੰਸਥਾਵਾਂ ਦੇ ਡਾਇਰੈਕਟਰ/ਪ੍ਰਿੰਸੀਪਲ/ਇੰਚਾਰਜ ਤੋਂ ਪ੍ਰਾਪਤ ਕਰ ਕੇ ਮਿਤੀ 31-05-2025 ਤੀਕ ਮੁਕੰਮਲ ਕਰ ਕੇ ਉਨ੍ਹਾਂ ਪਾਸ ਹੀ ਜਮ੍ਹਾਂ ਕਰਵਾਉਣ।**

**ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ: 98555-19719, 84374-62555.**

ਨੋਟ: ਵਿਦਿਆਰਥੀ ਦਾਖ਼ਲੇ ਫਾਰਮ ਵਿਚ ਆਪਣਾ ਮੋਬਇਲ ਨੰਬਰ ਜ਼ਰੂਰ ਅੰਕਿਤ ਕਰਨ। ਇੰਟਰਵਿਊ ਸਬੰਧੀ ਸੂਚਨਾ ਫੋਨ ’ਤੇ ਦਿੱਤੀ ਜਾਵੇਗੀ ਅਤੇ ਇੰਟਰਵਿਊ ਸੰਬੰਧਿਤ ਸੰਸਥਾ ਵਿਖੇ ਹੀ ਹੋਵੇਗੀ।

ਵਲੋਂ : ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

Registered with Registrar of Newspaper at No. 354/57

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

# GURMAT PARKASH May 2025

Dharam Parchar Committee, Shiromani Gurdwara Parbandhak Committee, Sri Amritsar Sahib




Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-5-2025